Punjabi Parwaz

# ਪੰਜਾਬੀ ਪਰਵਾਜ਼

ਅੰਕ 60ਵਾਂ (ਸ਼ਿਕਾਗੋ): 30 ਅਗਸਤ ਤੋਂ 12 ਸਤੰਬਰ 2025 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548

## ਪੰਜਾਬ ਨੂੰ ਹੁਣ ਪਾਣੀ ਦੀ ਪਰਲੋ ਦਰਪੇਸ਼

ਪੰਜਾਬੀ ਪਰਵਾਜ਼ ਬਿਊਰੋ

ਪਾਣੀ ਦੀ ਪਰਲੋ ਕੀ ਹੁੰਦੀ ਹੈ, ਪੰਜਾਬ ਦੇ ਸਤਲੁਜ ਅਤੇ ਬਿਆਸ ਦਰਿਆਵਾਂ ਦੇ ਆਲੇ-ਦੁਆਲੇ ਵੱਸੇ 150 ਪਿੰਡ ਇਸ ਨੂੰ ਚੰਗੀ ਤਰ੍ਹਾਂ ਵੇਖ ਰਹੇ ਹਨ। ਅਖਬਾਰਾਂ ਵਿੱਚ ਛਪੀਆਂ ਰਿਪੋਰਟਾਂ ਅਨੁਸਾਰ ਪੰਜਾਬ ਦੇ ਇਨ੍ਹਾਂ ਪਿੰਡਾਂ ਦਾ ਇੱਕ ਲੱਖ ਏਕੜ ਤੋਂ ਵੱਧ ਰਕਬਾ ਪਾਣੀ ਦੀ ਮਾਰ ਹੇਠ ਆ ਗਿਆ ਹੈ ਅਤੇ ਸਾਉਣੀ ਦੀ ਫਸਲ ਲਗਪਗ ਬਰਬਾਦ ਹੋ ਗਈ ਹੈ। ਫਾਜ਼ਿਲਕਾ, ਤਰਨਤਾਰਨ ਅਤੇ ਕਪੂਰਥਲਾ ਜ਼ਿਲ੍ਹਾ ਸਭ ਤੋਂ ਜ਼ਿਆਦਾ ਪ੍ਰਭਾਵਤ ਹੋਏ ਹਨ।

ਯਾਦ ਰਹੇ, ਸਤਲੁਜ ਦਰਿਆ ਵਿੱਚ 70000 ਕਿਊਸਿਕ ਪਾਣੀ ਸਾਂਭ ਸਕਣ ਦੀ ਸਮਰੱਥਾ ਹੈ, ਜਦਕਿ ਪਿਛਲੇ ਕੁਝ ਦਿਨਾਂ ਤੋਂ ਸਵਾ ਲੱਖ ਕਿਊਸਿਕ ਦੇ ਕਰੀਬ ਪਾਣੀ ਛੱਡਿਆ ਜਾ ਰਿਹਾ ਹੈ। ਜਿਨ੍ਹਾਂ ਕਿਸਾਨਾਂ ਦੇ ਮਾਹੀ-ਛਿਮਾਹੀ ਫਸਲ ਆਉਣ ਨਾਲ ਮਸਾਂ ਲੜ ਜੁੜਦੇ ਹਨ, ਉਹ ਜਲ-ਥਲ ਹੋਏ ਖੇਤਾਂ ਵੱਲ ਵੇਖ ਕੇ ਨਾ ਹੱਸ ਸਕਦੇ ਹਨ, ਨਾ ਰੋਅ ਸਕਦੇ ਹਨ।

ਹੇਠਾਂ ਘਰਾਂ ਵਿੱਚ ਅਤੇ ਕੌਲਿਆਂ ਦੇ ਆਲੇ-ਦੁਆਲੇ ਪਾਣੀ ਫਿਰਦਾ ਹੈ, ਜ਼ਰੂਰੀ ਸਮਾਨ ਕੋਠਿਆਂ 'ਤੇ ਚੜ੍ਹਾ ਲਿਆ ਹੈ ਜਾਂ ਲੋਕ ਉੱਚੀਆਂ ਥਾਵਾਂ 'ਤੇ ਡੇਰੇ ਲਾਈ ਬੈਠੇ ਹਨ। ਰੋਟੀ ਪਾਣੀ, ਚਾਰੇ ਪੱਠੇ ਲਈ ਕਿਸ਼ਤੀਆਂ ਵੱਲ ਝਾਕ ਰਹੇ ਹਨ। ਚੌਗਿਰਦੇ ਪਾਣੀ ਹੀ ਪਾਣੀ ਹੈ। ਹਾੜ੍ਹੀ ਦੀ ਫਸਲ ਵੇਲੇ ਜਦੋਂ ਫਸਲਾਂ ਨੂੰ ਪਾਣੀ ਦੀ ਲੋੜ ਹੁੰਦੀ ਹੈ ਤਾਂ ਸਾਡੇ ਇਹ ਢਾਈ ਦਰਿਆ ਸੁੱਕੇ ਪਏ ਹੁੰਦੇ ਹਨ ਅਤੇ ਪਾਣੀ ਗੁਆਂਢੀ ਸਟੇਟਾਂ ਨੂੰ ਜਾ ਰਿਹਾ ਹੁੰਦਾ ਹੈ। ਹੁਣ ਜਦੋਂ ਪਾਣੀ ਦੀ ਬਹੁਤਾਤ ਹੈ ਤਾਂ ਸਾਰੀ ਮਾਰ ਪੰਜਾਬ ਝੱਲ ਰਿਹਾ ਹੈ। ਪੰਜਾਬ ਦੇ ਪਾਣੀ ਲੁੱਟਣ ਵਾਲੇ ਰਾਜ ਖਾਸ ਕਰਕੇ ਹਰਿਆਣਾ ਅਤੇ ਰਾਜਸਥਾਨ ਹੁਣ ਇਸ ਬਰਬਾਦੀ ਦਾ ਹਿੱਸਾ ਕਿਉਂ ਨਹੀਂ ਵੰਡਾਉਂਦੇ? ਪੰਜਾਬ ਸਰਕਾਰ ਨੂੰ ਇਸ ਬਰਬਾਦੀ ਦਾ ਹਿੱਸਾ ਉਨ੍ਹਾਂ ਸਾਰੇ ਰਾਜਾਂ ਤੋਂ ਮੰਗਣਾ ਚਾਹੀਦਾ ਹੈ, ਜਿਹੜੇ ਪੰਜਾਬ ਦੇ ਦਰਿਆਵਾਂ ਵਿੱਚੋਂ ਪਾਣੀ ਦਾ ਹਿੱਸਾ ਵੰਡਾਉਂਦੇ ਹਨ। ਪਰ ਕੇਂਦਰ ਸਰਕਾਰ ਨੇ ਸਗੋਂ ਇਸ ਤੋਂ ਉਲਟ ਜਾਂਦਿਆਂ ਬੀ.ਬੀ.ਐਮ.ਬੀ. ਵਿੱਚੋਂ ਪਾਣੀਆਂ ਦੇ ਅਸਲ ਮਾਲਕ ਪੰਜਾਬ ਦੀ ਨੁਮਾਇੰਦਗੀ ਹੀ ਖਤਮ ਕਰ ਦਿੱਤੀ ਹੈ। ਇਸ ਤਰ੍ਹਾਂ ਹੁਣ ਸੰਕਟ ਸਮੇਂ ਪਾਣੀ ਛੱਡਣ ਦੇ ਫੈਸਲੇ ਵਿੱਚ ਪੰਜਾਬ ਦਾ ਕੋਈ ਰੋਲ ਨਹੀਂ ਹੁੰਦਾ। ਇੱਕ ਦੋ ਮਹੀਨੇ ਪਹਿਲਾਂ ਹਰਿਆਣਾ ਨੇ ਬੀ.ਬੀ.ਐਮ.ਬੀ. ਤੋਂ ਵਾਧੂ ਪਾਣੀ ਮੰਗਿਆ, ਪੰਜਾਬ ਦੇਣ ਲਈ ਤਿਆਰ ਨਹੀਂ ਸੀ। ਪੰਜਾਬ ਨੇ ਭਾਖੜਾ ਦੀ ਰਾਖੀ ਲਈ ਪੰਜਾਬ ਪੁਲਿਸ ਤਾਇਨਾਤ ਕਰਨ ਦਾ ਵਿਖਾਵਾ ਕੀਤਾ। ਇੱਕ ਡਰਾਮੇ ਤੋਂ ਬਾਅਦ ਅਗਲੇ ਧੌਣ 'ਤੇ ਗੋਡਾ ਰੱਖ ਕੇ ਪਾਣੀ ਲੈ ਗਏ। ਪੰਜਾਬ ਸਰਕਾਰ ਹੁਣ ਅਦਾਲਤਾਂ ਵਿੱਚ ਧੱਕੇ ਖਾ ਰਹੀ ਹੈ। ਕੇਂਦਰ ਪੰਜਾਬ ਨਾਲ ਅਸਲ ਵਿੱਚ ਆਪਣੀ ਬਸਤੀ ਵਾਂਗ ਵਰਤਾਵ ਕਰ ਰਿਹਾ ਹੈ। ਪੰਜਾਬ ਦੇ ਹਿੱਤਾਂ ਦੀ ਅਗਵਾਈ ਕਰਨ ਵਾਲੀਆਂ ਸਿਆਸੀ ਧਿਰਾਂ ਨੂੰ ਇਹ ਸਾਰਾ ਕੁਝ ਸਮਝ ਕੇ ਹੀ ਆਪਣੇ ਸਿਆਸੀ ਪੈਂਤੜੇ ਤਰਤੀਬ ਕਰਨੇ ਚਾਹੀਦੇ ਹਨ। ਪੰਜਾਬ ਦਾ ਨਾਂ ਲੈ-ਲੈ ਕੇ ਵੋਟ ਸਿਆਸਤ ਕਰਨੀ ਸੌਖੀ ਹੈ, ਪਰ ਇਹ ਸਿਆਸੀ ਪਹੁੰਚ ਅਪਨਾਉਣੀ, ਨਿਭਾਉਣੀ ਆਸਾਨ ਨਹੀਂ। ਇਹ ਸਿਰੇ ਦੇ ਸਿਰੜ ਅਤੇ ਮੁਕੰਮਲ ਸਮਰਪਣ ਦੀ ਮੰਗ ਕਰਦੀ ਹੈ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਬੀਤੇ ਦਿਨੀਂ ਕਪੂਰਥਲਾ ਜ਼ਿਲ੍ਹੇ ਵਿੱਚ ਹੜ੍ਹ ਮਾਰੇ ਖੇਤਰਾਂ ਦਾ ਦੌਰਾ ਕੀਤਾ। ਮੁੱਖ ਮੰਤਰੀ ਨੇ ਹੜ੍ਹ ਮਾਰੇ ਖੇਤਰਾਂ ਦਾ ਹਵਾਈ ਸਰਵੇਖਣ ਵੀ ਕੀਤਾ ਅਤੇ ਕਿਹਾ ਕਿ ਪੰਜਾਬ ਵਿੱਚ ਹੜ੍ਹਾਂ ਕਾਰਨ ਲੋਕਾਂ ਦੇ ਹੋਏ ਹਰ ਤਰ੍ਹਾਂ ਦੇ ਨੁਕਸਾਨ ਦੀ ਭਰਪਾਈ ਕੀਤੀ ਜਾਵੇਗੀ

⇒ ਬਾਕੀ ਸਫਾ 4 ਉਤੇ ਪੜ੍ਹੋ



■ ਸੁਲਤਾਨਪੁਰ ਲੋਧੀ ਇਲਾਕੇ ਵਿੱਚ ਹੜ੍ਹ ਦੇ ਪਾਣੀ ਦਾ ਕਹਿਰ

## ਪੰਜਾਬ ਕਾਂਗਰਸ ਦੇ ਆਗੂਆਂ ਵਿਚਲੀ ਫੁੱਟ ਨੂੰ ਖਤਮ ਕਰਨ ਦੇ ਯਤਨ

*ਮਹਿੰਗਾ ਪੈ ਸਕਦਾ ਕਾਂਗਰਸੀ ਆਗੂਆਂ ਦਾ ਇਹ ਆਪਸੀ ਕਲੇਸ਼
*ਬਿਹਾਰ ਵਿੱਚ ਰਾਹੁਲ ਤੇ ਤੇਜੱਸਵੀ ਦੀ ਮੁਹਿੰਮ ਨੇ ਜ਼ੋਰ ਫੜਿਆ

ਕਾਂਗਰਸ ਪਾਰਟੀ ਦੀ ਕੇਂਦਰੀ ਲੀਡਰਸ਼ਿੱਪ ਪੰਜਾਬ ਦੇ ਕਾਂਗਰਸੀ ਆਗੂਆਂ ਅੰਦਰਲੀ ਫੁੱਟ ਨੂੰ ਕਿਸੇ ਤਰ੍ਹਾਂ ਮੇਟਣ ਦਾ ਯਤਨ ਕਰ ਰਹੀ ਹੈ, ਪਰ ਫਿਰ ਵੀ ਇਹ ਮਸਲਾ ਹਾਲ ਦੀ ਘੜੀ ਹੱਲ ਹੁੰਦਾ ਵਿਖਾਈ ਨਹੀਂ ਦੇ ਰਿਹਾ। ਪੰਜਾਬ ਦਾ ਤਕਰੀਬਨ ਹਰ ਵੱਡਾ ਕਾਂਗਰਸੀ ਆਗੂ ਆਪਣੇ ਆਪ ਨੂੰ ਅਗਲੇ ਮੁੱਖ ਮੰਤਰੀ ਵਜੋਂ ਵੇਖ ਰਿਹਾ ਹੈ। ਖਾਸ ਕਰਕੇ ਚਰਨਜੀਤ ਸਿੰਘ ਚੰਨੀ, ਪ੍ਰਤਾਪ ਸਿੰਘ ਬਾਜਵਾ ਅਤੇ ਅਮਰਿੰਦਰ ਸਿੰਘ ਰਾਜਾ ਵੜਿੰਗ ਵਿਚਕਾਰ ਇਹ ਦੌੜ ਕਾਫੀ ਤਿੱਖੀ ਹੈ। ਉਂਝ ਜਲੰਧਰ ਦੱਖਣੀ ਤੋਂ ਕਾਂਗਰਸੀ ਉਮੀਦਵਾਰ ਪ੍ਰਗਟ ਸਿੰਘ ਵੀ ਆਪਣੇ ਆਪ ਨੂੰ ਇਸ ਦੌੜ ਵਿੱਚੋਂ ਬਾਹਰ ਨਹੀਂ ਸਮਝਦੇ। ਉਹ ਪਾਰਲੀਮੈਂਟ ਵਿੱਚ ਵਿਰੋਧੀ ਧਿਰ ਦੇ ਆਗੂ ਅਤੇ ਸੀਨੀਅਰ ਕਾਂਗਰਸੀ ਆਗੂ ਰਾਹੁਲ ਗਾਂਧੀ ਦੇ ਆਪਣੇ ਆਪ ਨੂੰ ਕਾਫੀ ਨਜ਼ਦੀਕ ਸਮਝਦੇ ਹਨ। ਧੜਿਆਂ ਵਿੱਚ ਵੰਡੀ ਪੰਜਾਬ ਕਾਂਗਰਸ ਦੇ ਆਗੂਆਂ ਨਾਲ ਬੀਤੀ 26 ਅਗਸਤ ਨੂੰ ਆਲ ਇੰਡੀਆ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਕੇ. ਵੀਨੂਗੁਪਾਲ ਨੇ ਚੰਡੀਗੜ੍ਹ ਵਿੱਚ ਇੱਕ ਮੀਟਿੰਗ ਕਰਕੇ ਸੁਲਾਹ ਕਰਵਾਉਣ ਦਾ ਯਤਨ ਕੀਤਾ। ਕਾਂਗਰਸੀ ਆਗੂਆਂ

⇒ ਬਾਕੀ ਸਫਾ 2 ਉਤੇ ਪੜ੍ਹੋ









# ਅਕਾਲੀ ਦਲਾਂ ਦੇ ਭੇੜ ਅਤੇ ਸੁਮੇਲ ਦੀਆਂ ਸੰਭਾਵਨਾਵਾਂ ਬਣੀਆਂ

**ਜਸਵੀਰ ਸਿੰਘ ਸ਼ੀਰੀ**

***ਉਤਸ਼ਾਹੀ ਰਿਹਾ ਲੌਂਗੋਵਾਲ ਸਮਾਗਮ 'ਤੇ ਨਵੇਂ ਦਲ ਦਾ ਇਕੱਠ**
***ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਤੋਂ ਲੋਕਾਂ ਨੂੰ ਉਮੀਦ**



ਅਕਾਲੀ ਦਲ (ਬਾਦਲ) ਅਤੇ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਿੱਚ ਕਾਇਮ ਹੋਏ ਨਵੇਂ ਅਕਾਲੀ ਦਲ ਵਿਚਕਾਰ ਭੇੜ ਅਤੇ ਬਾਕੀ ਪੰਥਕ ਜਥੇਬੰਦੀਆਂ ਨਾਲ ਸਹਿਯੋਗ ਜਾਂ ਸੁਮੇਲ ਦੇ ਮੌਕੇ, ਭਵਿੱਖ ਦੀਆਂ ਸੰਭਾਵਨਾਵਾਂ ਬਣ ਗਏ ਹਨ। ਇਹ ਅਕਾਲੀ ਦਲ ਵੀ ਭਾਵੇਂ ਸਿੱਖਾਂ ਦੀ ਨਰਮ (ਮੌਡਰੇਟ) ਧਾਰਾ ਦੀ ਹੀ ਨੁਮਾਇੰਦਗੀ ਕਰਦਾ ਹੈ, ਪਰ ਇਸ ਦੀ ਧੁਰੀ ਵਿੱਚ ਸਿੱਖ ਕਨਜ਼ਰਵੇਟਿਵ ਧਿਰਾਂ ਦੀ ਮੌਜੂਦਗੀ ਲਈ ਵੀ ਇੱਕ ਸਪੇਸ ਛੱਡੀ ਗਈ ਹੈ। ਬੀਬੀ ਸਤਵੰਤ ਕੌਰ ਦੀ ਅਗਵਾਈ ਵਿੱਚ ਪੰਥਕ ਕੌਂਸਲ ਇਸ ਦੀ ਅਗਵਾਈ ਕਰਨਗੇ। ਅਕਾਲੀ ਦਲ ਅੰਦਰਲੀ ਇਹ ਧਾਰਾ ਇਸ ਨੂੰ ਅੱਤਿ ਦਾ ਲਿਬਰਲ ਹੋ ਜਾਣ ਤੋਂ ਵਰਜਦੀ ਰਹੇਗੀ। ਜਾਂ ਇਹ ਕਹੋ ਕਿ ਵਰਜਦੇ ਰਹਿਣਾ ਚਾਹੀਦਾ ਹੈ।

ਯਾਦ ਰਹੇ, ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਅਕਾਲ ਚਲਾਣੇ ਤੋਂ ਬਾਅਦ ਸਾਰੀਆਂ ਸਿੱਖ ਸੰਸਥਾਵਾਂ ਦੀ ਅਗਵਾਈ ਅਕਾਲੀ ਦਲ (ਬਾਦਲ) ਕੋਲ ਚਲੇ ਜਾਣ ਨਾਲ ਇਹ ਸੰਸਥਾਵਾਂ ਅਸਿੱਧੇ ਢੰਗ ਨਾਲ ਕੇਂਦਰਵਾਦੀ ਸਿਆਸਤ ਦੇ ਅਧੀਨ ਚਲੀਆਂ ਗਈਆਂ ਸਨ। ਇਸੇ ਦੌਰ ਵਿੱਚ ਅਕਾਲੀ ਦਲ ਨੇ ਪੰਥਕ ਸਿਆਸਤ ਦਾ ਤਿਆਗ ਕਰਕੇ ਪੰਜਾਬੀ ਸਿਆਸਤ ਵੱਲ ਮੋੜਾ ਕੱਟਿਆ ਅਤੇ ਦੂਜੇ ਧਰਮਾਂ ਦੇ ਲੋਕਾਂ ਨੂੰ ਵੀ ਅਕਾਲੀ ਦਲ ਵਿੱਚ ਭਰਤੀ ਕਰਨਾ ਸ਼ੁਰੂ ਕਰ ਦਿੱਤਾ। (ਦੂਜੇ ਧਰਮਾਂ ਦੇ ਲੋਕਾਂ ਦਾ ਕਿਸੇ ਸਿਆਸੀ ਸੰਗਠਨ ਦੇ ਮੈਂਬਰ ਹੋਣਾ ਕੋਈ ਮੇਹਣਾ ਨਹੀਂ, ਪਰ ਸਿੱਖ ਘੱਟਗਿਣਤੀ ਦੀ ਭਾਰਤ ਵਿੱਚ ਵਿਸ਼ੇਸ਼ ਸਥਿਤੀ ਬਣ ਜਾਣ ਕਾਰਨ ਇਸ ਦੀ ਹੋਂਦ ਦੇ ਖ਼ਤਰੇ ਘਾਤਕ ਬਣ ਜਾਂਦੇ ਹਨ।) ਅਕਾਲੀ ਦਲ (ਬਾਦਲ) ਵਿੱਚ ਜਿਹੜੇ ਗੈਰ-ਸਿੱਖ ਭਰਤੀ ਹੋਏ, ਉਨ੍ਹਾਂ ਵਿੱਚੋਂ ਬਹੁਤੇ ਪੰਜਾਬੀ ਉੱਚ ਜਾਤੀ ਹਿੰਦੂਆਂ ਨਾਲ ਸੰਬੰਧਤ ਸਨ। ਇਸ ਕਾਰਨ ਅਤੇ ਭਾਜਪਾ ਨਾਲ ਬਿਨਾ ਸ਼ਰਤ ਰਿਸ਼ਤਾ ਹੋਣ ਕਾਰਨ ਅਕਾਲੀ ਦਲ ਲਗਾਤਾਰ ਕੇਂਦਰਵਾਦੀ ਸਿਆਸਤ ਵੱਲ ਝੁਕਦਾ ਗਿਆ ਤੇ ਅੰਤ ਸਥਿਤੀ ਗੁਰੂ ਮਹਾਰਾਜ ਦੀ ਬੇਅਦਬੀ ਤੱਕ ਜਾ ਪਹੁੰਚੀ। ਕੇਂਦਰ ਸਰਕਾਰ ਵੱਲੋਂ ਤਿੰਨ ਕਾਨੂੰਨ ਲਿਆਉਣ 'ਤੇ ਅਕਾਲੀ ਦਲ ਮੁਢਲਾ ਸਟੈਂਡ ਕਿ 'ਇਹ ਕਾਨੂੰਨ ਠੀਕ ਹਨ', ਇਹੀ ਦਰਸਾਉਂਦਾ ਹੈ ਕਿ ਅਕਾਲੀ ਦਲ ਜਿਨ੍ਹਾਂ ਪੰਥਕ ਹਲਕਿਆਂ ਦੀ ਅਗਵਾਈ ਕਰਨ ਲਈ ਸਾਜਿਆ ਗਿਆ ਸੀ, ਉਸ ਦੇ ਬਿਲਕੁਲ ਉਲਟ ਭੁਗਤਣ ਲੱਗ ਪਿਆ ਸੀ।

ਇਸ ਆਤਮ ਸਮਰਪਣ ਵਾਲੀ ਸਿਆਸੀ ਪਹੁੰਚ ਨੇ ਸਿੱਖ ਭਾਈਚਾਰੇ ਨੂੰ ਬੇਹਦ ਗੰਭੀਰ ਨੁਕਸਾਨ ਪਹੁੰਚਾਇਆ ਹੈ। ਉਂਝ ਵੀ ਵੱਡੇ ਬਾਦਲ ਦੀ ਅਗਵਾਈ ਵਿੱਚ ਅਕਾਲੀ ਦਲ ਆਪਣੇ ਭਾਰਤੀ ਜਨਤਾ ਪਾਰਟੀ ਨਾਲ ਰਿਸ਼ਤੇ ਨੂੰ ਨਹੁੰ-ਮਾਸ ਦਾ ਰਿਸ਼ਤਾ ਕਹਿੰਦਾ ਰਿਹਾ ਹੈ। 1997 ਤੋਂ ਲੈ ਕੇ ਹੁਣ ਤੱਕ ਪੰਜਾਬ ਵਿੱਚ ਤਿੰਨ ਵਾਰ ਅਕਾਲੀ ਦਲ ਦੀ ਸਰਕਾਰ ਬਣੀ, ਪਰ ਹਰ ਵਾਰੀ ਰਾਜ ਵਿੱਚ ਬਣਨ ਵਾਲੀ ਇਹ ਸੱਤਾ ਪਹਿਲਾਂ ਦੇ ਮੁਕਾਬਲੇ ਵਧੇਰੇ ਕੇਂਦਰਵਾਦੀ ਹੁੰਦੀ ਚਲੀ ਗਈ। ਅਕਾਲੀ ਦਲ ਦੇ ਇਸ ਉਲਟੇ ਪਾਸੇ ਵੱਲ ਹੋਏ ਵਹਿਣ ਦਾ ਸਿਖ਼ਰ ਤਾਂ ਭਾਵੇਂ 2015 ਵਿੱਚ ਬਰਗਾੜੀ ਵਿੱਚ ਹੋਈ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਹੀ ਹੋ ਗਿਆ ਸੀ, ਪਰ ਇਸ ਦੇ ਮੁਕੰਮਲ ਪਤਨ ਨੂੰ ਅਕਾਲੀ ਸੱਤਾ ਦੀ ਇੱਕ ਟਰਮ ਹੋਰ ਲੱਗ ਗਈ। ਉਂਜ ਪਿਛਲੇ ਤਿੰਨ ਚਾਰ ਸਾਲਾਂ ਵਿੱਚ ਅਕਾਲੀ ਦਲ ਦੀ ਵੋਟ ਸਿਆਸਤ ਨੇ ਵੀ ਇਸ ਪਤਨਮੁਖਤਾ ਦਾ ਪ੍ਰਭਾਵ ਦੇਣਾ ਸ਼ੁਰੂ ਕਰ ਦਿੱਤਾ ਸੀ। ਪਿਛਲੀ ਵਾਰ ਦੀਆਂ ਲੋਕ ਸਭਾ ਚੋਣਾਂ ਵਿੱਚ ਅਕਾਲੀ ਦਲ ਬਹੁਤੀਆਂ ਵਿੱਚ ਸੀਟਾਂ 'ਤੇ ਆਪਣੀ ਜ਼ਮਾਨਤਾਂ ਜ਼ਬਤ ਕਰਵਾ ਬੈਠਾ ਅਤੇ ਇਸੇ ਕਾਰਨ ਅਕਾਲੀ ਦਲ ਦੇ ਸੀਨੀਅਰ ਆਗੂਆਂ ਦਾ ਇੱਕ ਵੱਡਾ ਹਿੱਸਾ ਆਪਣੇ ਰਾਜ ਭਾਗ ਦੌਰਾਨ ਹੋਈਆਂ ਗਲਤੀਆਂ ਦੇ ਪਸ਼ਚਾਤਾਪ ਲਈ ਅਕਾਲ ਤਖ਼ਤ ਸਾਹਿਬ ਸਨਮੁਖ ਚਲਾ ਗਿਆ। ਉਨ੍ਹਾਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਸਮੇਤ ਆਪਣੇ ਰਾਜ ਵਿੱਚ ਹੋਈਆਂ ਕੁਝ ਹੋਰ ਗਲਤੀਆਂ ਲਈ ਅਕਾਲ ਤਖਤ ਤੋਂ ਖ਼ਿਮਾ ਜਾਚਨਾ ਕੀਤੀ। ਇਸ ਨੇ ਅਕਾਲੀ ਦਲ ਦੇ ਬਾਦਲ ਧੜੇ ਨੂੰ ਵੀ ਸਿੱਖਾਂ ਦੀ ਇਸ ਸਰਬਉੱਚ ਸੰਸਥਾ ਦੇ ਸਾਹਮਣੇ ਪੇਸ਼ ਹੋਣ ਲਈ ਮਜਬੂਰ ਕਰ ਦਿੱਤਾ। ਇਹ ਸ਼੍ਰੋਮਣੀ ਅਕਾਲੀ ਦਲ ਵਿੱਚ ਉਭਰੀ ਹੁਣ ਤੱਕ ਦੀ ਸਭ ਤੋਂ ਗੰਭੀਰ ਅਤੇ ਵੱਡੀ ਫੁੱਟ ਸੀ।

ਇਸ ਸੰਦਰਭ ਵਿੱਚ ਅਕਾਲ ਤਖਤ ਸਾਹਿਬ ਤੋਂ ਪਿਛਲੇ ਸਾਲ 2 ਦਸੰਬਰ ਨੂੰ ਜਾਰੀ ਹੋਇਆ ਹੁਕਮਨਾਮਾ ਬੇਹੱਦ ਮਹੱਤਵਪੂਰਨ ਸੀ। ਇਸ ਹੁਕਮਨਾਮੇ ਦੀ ਟੈਕਸਟ, ਭਾਸ਼ਾ, ਇਸ ਸੰਬੰਧ ਵਿੱਚ ਅਕਾਲ ਤਖਤ ਸਾਹਿਬ ਤੋਂ ਉਸ ਸਮੇਂ ਹੋਏ ਜ਼ੁਬਾਨੀ ਆਦੇਸ਼, ਭਾਸ਼ਣ ਆਦਿ ਨੇ ਅਕਾਲੀ ਦਲ ਵਿੱਚ ਪੁਨਰਸੁਰਜੀਤੀ ਦੀ ਸੰਭਾਨਾਵਾਂ ਨੂੰ ਉਜਾਗਰ ਕੀਤਾ। ਇਸ ਸਮੇਂ ਉਜਾਗਰ ਹੋਈਆਂ ਸੰਭਾਵਨਾਵਾਂ ਅਜਿਹੀਆਂ ਸਨ ਕਿ ਜਿੰਨੀ ਨਿਮਰਤਾ ਅਤੇ ਭੈਅ ਭਾਵਨਾ ਵਿੱਚ ਅਕਾਲੀ ਲੀਡਰਸ਼ਿੱਪ ਪੇਸ਼ ਹੋਈ, ਉਸ ਨਾਲ ਬਾਦਲ ਗੁੱਟ ਸਮੇਤ ਸਮੁੱਚੇ ਅਕਾਲੀ ਦਲ ਦੇ ਪੁਨਰਉਥਾਨ ਦੀਆਂ ਸੰਭਾਵਨਾਵਾਂ ਉਜਗਰ ਹੋ ਗਈਆਂ ਸਨ; ਪਰ ਸੁਖਬੀਰ ਸਿੰਘ ਬਾਦਲ ਦੇ ਪ੍ਰਧਾਨਗੀ ਤੋਂ ਅਸਤੀਫਾ ਦੇਣ ਪ੍ਰਤੀ ਅਪਣਾਏ ਗਏ ਅੜਬ ਰਵੱਈਏ ਨੇ ਅਕਾਲੀ ਦਲ ਦੇ ਟੁੱਟ ਕੇ ਵੱਖ ਹੋਏ ਗਰੁੱਪ ਦੇ ਪ੍ਰਮੁੱਖ ਅਕਾਲੀ ਦਲ ਵਜੋਂ ਸਥਾਪਤ ਹੋਣ ਦੀਆਂ ਸੰਭਾਵਨਾਵਾਂ ਵਧਾ ਦਿੱਤੀਆਂ। ਪੰਜ ਮੈਂਬਰੀ ਕਮੇਟੀ ਨੇ ਅਕਾਲ ਤਖਤ ਸਾਹਿਬ ਤੋਂ ਨਵੇਂ ਦਲ ਦੀ ਭਰਤੀ ਲਈ ਦਿੱਤੇ ਗਏ ਹੁਕਮ ਨੂੰ ਜਿਸ ਤਨਦੇਹੀ ਅਤੇ ਅਡੋਲਤਾ ਨਾਲ ਨਿਭਾਇਆ, ਉਸ ਨੇ ਇਸ ਧੜੇ ਦੇ ਉਭਾਰ ਨੂੰ ਪੱਕੇ ਪੈਰੀਂ ਕਰ ਦਿੱਤਾ। ਇਸ ਤੋਂ ਵੀ ਅੱਗੇ ਸਾਰੇ ਲੀਡਰਾਂ ਵਿੱਚ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਲਈ ਹੋਈ ਸਰਬਸੰਮਤੀ ਨੇ ਸਿੱਖਾਂ ਵਿੱਚ ਇਸ ਧੜੇ ਦੇ ਉਭਾਰ ਨੂੰ ਸੰਗਠਨ ਦੇ ਪੱਖੋਂ ਤੰਦਰੁਸਤੀ ਬਖਸ਼ੀ। ਅਕਾਲੀ ਦਲਾਂ ਦੀ ਬਹੁਲਤਾ ਦੀ ਹਾਲਤ ਵਿੱਚ ਇਸ ਦਾ ਪ੍ਰਭਾਵ ਸਿੱਖ ਭਾਈਚਾਰੇ ਦੀ ਸਮੂਹਿਕ ਮਾਨਸਿਕਤਾ ਵਿੱਚ ਹਾਂਮੁਖੀ ਗਿਆ ਹੈ।

ਸੰਤ ਹਰਚੰਦ ਸਿੰਘ ਲੌਂਗਵਾਲ ਦੀ ਪਿਛਲੇ ਦਿਨੀਂ ਬਰਸੀ 'ਤੇ ਹੋਏ ਉਤਸ਼ਾਹੀ ਇਕੱਠ ਨੇ ਇਸ ਦਾ ਸਪਸ਼ਟ ਸੁਨੇਹਾ ਦਿੱਤਾ ਹੈ। ਜਿਵੇਂ ਕਿ ਬੀਤੇ ਦਿਨੀਂ ਮਨਪ੍ਰੀਤ ਸਿੰਘ ਇਯਾਲੀ ਨੇ ਇਹ ਕਿਹਾ, 'ਭਵਿੱਖ ਵਿੱਚ ਇੱਕੋ ਅਕਾਲੀ ਦਲ ਰਹਿ ਜਾਵੇਗਾ,' ਇਹ ਭਾਵੀ ਵਰਤਰਾ ਵਰਤਣਾ ਨਿਸ਼ਚਤ ਜਾਪਦਾ ਹੈ। ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲਾ ਅਕਾਲੀ ਧੜਾ ਜਾਂ ਇਹ ਪਰਿਵਾਰ ਭਵਿੱਖ ਵਿੱਚ ਆਪਣੀ ਆਰਥਿਕਤਾ ਦੇ ਜ਼ੋਰ ਕੁਝ ਹੋਰ ਸਮਾਂ ਸਿਆਸੀ ਖੇਤਰ ਵਿੱਚ ਰਹਿ ਸਕਦਾ ਹੈ, ਪਰ ਇਸ ਦੇ ਮੁੱਖ ਧਾਰਾ ਬਣਨ ਦੀਆਂ ਸੰਭਾਵਨਾਵਾਂ ਲਗਪਗ ਖਤਮ ਹੋ ਗਈਆਂ ਹਨ। ਹੁਣ ਪਿਛਾਂਹ ਮੁੜਨ ਦਾ ਵਕਤ ਵੀ ਲੰਘ ਗਿਆ ਹੈ। ਅਕਾਲੀ ਦਲ (ਬਾਦਲ) ਦੀ ਲੀਡਰਸ਼ਿੱਪ ਨੇ ਇਹ ਸਵੈਘਾਤੀ ਪਹੁੰਚ ਖੁਦ ਆਪ ਚੁਣੀ ਹੈ। ਕਿਸੇ ਹੋਰ ਨੂੰ ਦੋਸ਼ ਦੇਣ ਦੀ ਵੀ ਕੋਈ ਤੁਕ ਨਹੀਂ ਬਣਦੀ। ਇਸੇ ਲਈ ਲੌਂਗੋਵਾਲ ਸਮਾਗਮ ਤੋਂ ਬਾਅਦ ਬਾਦਲ ਧੜੇ ਵੱਲੋਂ ਵਿਰੋਧੀ ਧੜੇ ਹਰਪ੍ਰੀਤ ਨਾਲ ਮਿਲ ਕੇ ਕੀਤੀ ਗਈ ਸਾਜ਼ਿਸ਼ ਦਾ ਦੋਸ਼ ਵੀ ਜਾਇਜ਼ ਨਹੀਂ ਹੈ। 2 ਦਸੰਬਰ ਦਾ ਹੁਕਮਨਾਮਾ ਜਾਰੀ ਕਰਨ ਵੇਲੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਉਨ੍ਹਾਂ ਦੇ ਸਹਾਇਕ ਬਣੇ ਗਿਆਨੀ ਹਰਪ੍ਰੀਤ ਸਿੰਘ ਨੇ ਅਕਾਲੀ ਲੀਡਰਸ਼ਿਪ ਨੂੰ ਵਾਰ-ਵਾਰ ਇਹ ਨਸੀਹਤ ਦਿੱਤੀ ਸੀ ਕਿ ਜਾਣੇ-ਅਣਜਾਣੇ ਵਿੱਚ ਕੀਤੀਆਂ ਭੁੱਲਾਂ ਦਾ ਦੋਸ਼ ਮੰਨ ਕੇ ਉਨ੍ਹਾਂ ਕੋਲ ਮੁੜ ਉਭਰਨ ਦਾ ਮੌਕਾ ਗੁਰੂ ਮਹਾਰਾਜ ਨੇ ਆਪ ਬਖਸ਼ਿਆ ਹੈ, ਇਸ ਲਈ ਅਕਾਲੀ ਲੀਡਰਸ਼ਿੱਪ ਨੂੰ ਆਪਣੀਆਂ ਗਲਤੀਆਂ ਮੰਨਣ ਵਿੱਚ ਝਿਜਕ ਨਹੀਂ ਵਿਖਾਉਣੀ ਚਾਹੀਦੀ; ਪਰ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਨੂੰ ਚਿੰਬੜੇ ਰਹਿਣ ਦੀ ਜਿੱਦ ਅਤੇ ਅਕਾਲ ਤਖਤ ਸਾਹਿਬ ਵੱਲੋਂ ਸਥਾਪਤ ਕੀਤੀ ਗਈ ਕਮੇਟੀ ਵੱਲੋਂ ਨਵੀਂ ਮੈਂਬਰਸ਼ਿਪ ਕੱਟਣ ਤੇ ਨਾਂਹਮੁਖੀ ਜਿੱਦ ਅਪਣਾ ਲੈਣ ਨੇ ਉਨ੍ਹਾਂ ਦੇ ਭਵਿੱਖ 'ਤੇ ਪੋਚਾ ਫੇਰਨ ਦਾ ਕੰਮ ਕੀਤਾ।

ਇਸ ਸਾਰੇ ਘਟਨਾਕ੍ਰਮ ਤੋਂ ਨਵੇਂ ਅਕਾਲੀ ਦਲ ਦੀ ਲੀਡਰਸ਼ਿੱਪ ਨੂੰ ਵੀ ਸਬਕ ਲੈਣ ਦੀ ਲੋੜ ਹੈ। ਤੁਹਾਡੀ ਭਾਵੇਂ ਕਿਸੇ ਵੀ ਵੱਡੇ ਲੀਡਰ ਜਾਂ ਪਾਰਟੀ ਨਾਲ ਬੈਠਣੀ-ਉੱਠਣੀ ਹੋਵੇ, ਪਰ ਸਿਆਸੀ ਗੱਠਜੋੜ ਕਰਦਿਆਂ ਕਦੀ ਵੀ ਬਿਨਾ ਸ਼ਰਤ ਹਮਾਇਤ ਵਾਲੀ ਪਹੁੰਚ ਨਹੀਂ ਅਪਣਾਈ ਜਾ ਸਕਦੀ। ਨਾ ਹੀ ਕਿਸੇ ਸਿਆਸੀ ਦਿੱਕਤ ਕਾਰਨ ਹਿੰਸਾਤਮਕ ਮੋੜਾ ਕੱਟਣ ਦੀ ਲੋੜ ਹੈ। ਇਨ੍ਹਾਂ ਦੋਹਾਂ ਅੱਤਿਮੁਖੀ ਪਹੁੰਚਾਂ ਦੇ ਵਿਚਕਾਰ ਵਾਲਾ ਰਾਹ ਤੁਹਾਨੂੰ ਆਪਣੇ ਕੌਮ ਦੇ ਨਿਸ਼ਾਨਿਆਂ ਵੱਲ ਲੈ ਜਾਵੇਗਾ।

# ਪੰਜਾਬ ਕਾਂਗਰਸ ਦੇ ਆਗੂਆਂ ਵਿਚਲੀ ਫੁੱਟ ਨੂੰ ਖਤਮ ਕਰਨ ਦੇ ਯਤਨ

**ਸਫਾ ਇੱਕ ਦੀ ਬਾਕੀ...**

ਦੀ ਕੇਂਦਰੀ ਲੀਡਰਸ਼ਿੱਪ ਨਾਲ ਇਹ ਮੀਟਿੰਗ ਇਨ੍ਹਾਂ ਦੀ ਦਿੱਲੀ ਵਿੱਚ ਪੰਜਾਬ ਇੰਚਾਰਜ ਭੂਪੇਸ਼ ਬਘੇਲ ਨਾਲ ਹੋਈ ਮੀਟਿੰਗ ਤੋਂ ਬਾਅਦ ਹੋਈ ਹੈ। ਇਸ ਮੀਟਿੰਗ ਵਿੱਚ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਪੰਜਾਬ ਅਸੈਂਬਲੀ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ, ਸਾਬਕਾ ਮੁਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਸ਼ਾਮਲ ਸਨ। ਦੋਹਾਂ ਮੀਟਿੰਗਾਂ ਵਿੱਚ ਪੰਜਾਬ ਦੇ ਕਾਂਗਰਸੀ ਆਗੂਆਂ ਨੂੰ ਸਾਰੇ ਮੱਤਭੇਦ ਭੁਲਾ ਕੇ ਇੱਕ ਟੀਮ ਵਜੋਂ ਕੰਮ ਕਰਨ ਦਾ ਆਦੇਸ਼ ਦਿੱਤਾ ਗਿਆ। ਕੇਂਦਰੀ ਆਗੂਆਂ ਨੇ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੇ ਪ੍ਰਭਾਵ ਨੂੰ ਖੋਰਾ ਲੱਗ ਜਾਣ ਕਾਰਨ ਪੰਜਾਬ ਦੇ ਲੋਕ ਤਬਦੀਲੀ ਚਾਹੁੰਦੇ ਹਨ। ਇਸ ਲਈ ਪੰਜਾਬ ਦੇ ਸੀਨੀਅਰ ਕਾਂਗਰਸੀ ਲੀਡਰਾਂ ਤੇ ਵਰਕਰਾਂ ਨੂੰ ਮਿਲ-ਜੁਲ ਕੇ ਕੰਮ ਕਰਨਾ ਚਾਹੀਦਾ ਹੈ।

ਇਸ ਦਰਮਿਆਨ ਕਾਂਗਰਸ ਦੇ ਸੀਨੀਅਰ ਆਗੂ ਰਾਹੁਲ ਗਾਂਧੀ ਅੱਜ ਕੱਲ੍ਹ ਬਿਹਾਰ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ ਦੇ ਮਾਮਲੇ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਇੱਕ ਲੌਂਗ ਮਾਰਚ 'ਤੇ ਨਿਕਲੇ ਹੋਏ ਹਨ। ਇਹ ਇੱਕ ਤਰ੍ਹਾਂ ਦੀ ਚੋਣ ਮੁਹਿੰਮ ਵੀ ਹੈ। ਯਾਦ ਰਹੇ, ਬਿਹਾਰ ਵਿੱਚ ਅਗਲੇ ਛੇ ਮਹੀਨੇ ਵਿੱਚ ਵਿਧਾਨ ਸਭਾ ਦੀਆਂ ਚੋਣਾਂ ਹੋਣ ਜਾ ਰਹੀਆਂ ਹਨ। ਇਨ੍ਹਾਂ ਚੋਣਾਂ ਵਿੱਚ ਭਾਜਪਾ ਆਪਣੀ ਜਿੱਤ ਨੂੰ ਸੁਨਿਸ਼ਚਤ ਕਰਨ ਦੇ ਮਕਸਦ ਨਾਲ ਕੇਂਦਰੀ ਚੋਣ ਕਮਿਸ਼ਨ ਤੋਂ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ ਕਰਵਾ ਰਹੀ ਹੈ। ਬਿਹਾਰ ਦੀਆਂ ਤਕਰੀਬਨ ਸਾਰੀਆਂ ਵਿਰੋਧੀ ਪਾਰਟੀਆਂ ਸਰਕਾਰ ਵੱਲੋਂ ਕੀਤੇ ਜਾ ਰਹੇ ਇਸ ਯਤਨ ਦਾ ਵਿਰੋਧ ਕਰ ਰਹੀਆਂ ਹਨ; ਕਿਉਂਕਿ ਇਸ ਸੁਧਾਈ ਮਹਿੰਮ ਵਿੱਚ ਆਪਣੀ ਨਾਗਰਿਕਤਾ ਸਾਬਤ ਕਰਨ ਦੀ ਜ਼ਿੰਮੇਵਾਰੀ ਸਰਕਾਰ ਨੇ ਵੋਟਰਾਂ 'ਤੇ ਸੁੱਟ ਦਿੱਤੀ ਹੈ। ਵੱਡੀ ਗੱਲ ਇਹ ਕਿ ਇਸ ਅਮਲ ਦੌਰਾਨ ਆਧਾਰ ਕਾਰਡ, ਰਾਸ਼ਨ ਕਾਰਡ ਅਤੇ ਵੋਟਰ ਕਾਰਡ ਨੂੰ ਨਾਗਰਿਕਤਾ ਲਈ ਵਾਜਬ ਦਸਤਾਵੇਜ਼ ਵਜੋਂ ਸਵੀਕਾਰ ਨਹੀਂ ਕੀਤਾ ਗਿਆ ਸੀ। ਜਨਮ ਸਰਟੀਫਿਕੇਟ ਲਾਜ਼ਮੀ ਕਰ ਦਿੱਤਾ ਗਿਆ ਸੀ। ਬੀਤੇ ਹਫਤੇ ਸੁਪਰੀਮ ਕੋਰਟ ਵੱਲੋਂ ਇਸ ਮਾਮਲੇ ਵਿੱਚ ਦਿੱਤੇ ਗਏ ਇੱਕ ਅਹਿਮ ਫੈਸਲੇ ਵਿੱਚ ਚੋਣ ਕਮਿਸ਼ਨ ਨੂੰ ਨਿਰਦੇਸ਼ ਦਿੱਤਾ ਗਿਆ ਹੈ ਕਿ ਉਹ ਆਧਾਰ ਕਾਰਡ ਸਮੇਤ 11 ਹੋਰ ਦਸਤਾਵੇਜ਼ਾਂ ਨੂੰ ਨਾਗਰਿਕਤਾ ਦੇ ਸਬੂਤ ਵਜੋਂ ਸਵੀਕਾਰ ਕਰੇ। ਅਦਾਲਤ ਅਨੁਸਾਰ ਸਮੇਂ ਦੀ ਘਾਟ ਕਾਰਨ ਨਾਗਰਿਕ ਆਪਣੇ ਦਸਤਾਵੇਜ਼ਾਂ ਨੂੰ ਆਨਲਾਈਨ ਜਾਂ ਦਸਤੀ ਵਜੋਂ, ਦੋਵੇਂ ਤਰ੍ਹਾਂ ਨਾਲ ਜਮ੍ਹਾਂ ਕਰਵਾ ਸਕਦੇ ਹਨ। ਯਾਦ ਰਹੇ, ਕਥਿਤ ਤੌਰ 'ਤੇ ਸਹੀ ਦਸਤਾਵੇਜ਼ ਨਾ ਹੋਣ ਦੀ ਸੂਰਤ ਵਿੱਚ 65 ਲੱਖ ਲੋਕਾਂ ਦੀਆਂ ਵੋਟਾਂ ਚੋਣ ਕਮਿਸ਼ਨ ਵੱਲੋਂ ਬਿਹਾਰ ਵਿੱਚ ਕੱਟ ਦਿੱਤੀਆਂ ਗਈਆਂ ਸਨ।



ਤੇਜੱਸਵੀ ਯਾਦਵ ਅਤੇ ਰਾਹੁਲ ਗਾਂਧੀ

ਜਸਟਿਸ ਸੂਰੀਆ ਕਾਂਤ ਅਤੇ ਜਸਟਿਸ ਜੋਏਮਾਲੀਆ ਬਾਗਚੀ 'ਤੇ ਆਧਾਰਤ ਸੁਪਰੀਮ ਕੋਰਟ ਦੇ ਬੈਂਚ ਨੇ ਕਿਹਾ ਕਿ ਵਿਸ਼ੇਸ਼ ਵੋਟਰ ਸੂਚੀ ਸੋਧ ਵਾਲੀ ਸਰਗਰਮੀ ਵੋਟਰ ਫਰੈਂਡਲੀ ਹੋਣੀ ਚਾਹੀਦੀ ਹੈ। ਸੁਪਰੀਮ ਕੋਰਟ ਨੇ ਬਿਹਾਰ ਦੇ ਚੀਫ ਚੋਣ ਕਮਿਸ਼ਨਰ ਨੂੰ ਵੀ ਨਿਰਦੇਸ਼ ਦਿੱਤਾ ਕਿ ਉਪਰੋਕਤ ਦਸਤਾਵੇਜ਼ਾਂ ਦੇ ਆਧਾਰ 'ਤੇ ਵੋਟਰ ਦਾ ਨਾਗਰਿਕ ਹੋਣ ਦਾ ਦਾਅਵਾ ਸਵੀਕਾਰ ਕੀਤਾ ਜਾਵੇ। ਬੈਂਚ ਨੇ ਇਹ ਹੈਰਾਨੀ ਵੀ ਪਰਗਟ ਕੀਤੀ ਕਿ ਰਾਜਨੀਤਿਕ ਪਾਰਟੀਆਂ ਸੰਭਾਵੀ ਵੋਟਰਾਂ ਨੂੰ ਆਪਣੇ ਦਾਅਵੇ ਦਰਜ ਕਰਵਾਉਣ ਲਈ ਕੋਈ ਮੱਦਦ ਨਹੀਂ ਦੇ ਰਹੀਆਂ। ਉਨ੍ਹਾਂ ਬਿਹਾਰ ਦੀਆਂ ਰਾਜਨੀਤਿਕ ਪਾਰਟੀਆਂ ਨੂੰ ਵੀ ਇਹ ਨਿਰਦੇਸ਼ ਦਿੱਤਾ ਕਿ ਉਹ ਆਪਣੇ ਵਰਕਰਾਂ ਨੂੰ ਵੋਟਰਾਂ ਦੀ ਮਦਦ ਕਰਨ ਲਈ ਕਹਿਣ। ਸੁਪਰੀਮ ਕੋਰਟ ਨੇ ਚੋਣ ਅਧਿਕਾਰੀਆਂ ਨੂੰ ਇਹ ਨਿਰਦੇਸ਼ ਵੀ ਦਿੱਤਾ ਹੈ ਕਿ ਉਹ ਵੱਖ-ਵੱਖ ਪਾਰਟੀਆਂ ਦੇ ਬੂਥ ਲੈਵਲ ਏਜੰਟਾਂ ਨੂੰ ਵੋਟਰਾਂ ਦੇ ਦਾਅਵੇ ਸਬਮਿਟ ਕੀਤੇ ਜਾਣ ਦੀ ਅਕਨਾਲਿਜਮੈਂਟ ਰਸੀਦ ਪ੍ਰਦਾਨ ਕਰਨ। ਜ਼ਿਕਰਯੋਗ ਹੈ ਕਿ ਚੋਣ ਕਮਿਸ਼ਨ ਦੀ ਅਦਾਲਤ ਵਿੱਚ ਪ੍ਰਤੀਨਿਧਤਾ ਕਰਨ ਵਾਲੇ ਵਕੀਲ ਰਕੇਸ਼ ਦਿਵੇਦੀ ਨੇ ਕਿਹਾ ਸੀ ਕਿ ਕੱਟੀਆਂ ਗਈਆਂ ਵੋਟਾਂ ਦੀ ਵਾਜਬੀਅਤ ਵਿਖਾਉਣ ਲਈ ਉਨ੍ਹਾਂ ਨੂੰ 15 ਦਿਨ ਦਾ ਸਮਾਂ ਦਿੱਤਾ ਜਾਵੇ, ਪਰ ਅਦਾਲਤ ਨੇ ਉਨ੍ਹਾਂ ਦੀ ਇਹ ਮੰਗ ਰੱਦ ਕਰ ਦਿੱਤੀ। ਯਾਦ ਰਹੇ, ਇਸ ਤੋਂ ਪਹਿਲੀ 14 ਅਗਸਤ ਦੀ ਸੁਣਵਾਈ 'ਤੇ ਅਦਾਲਤ ਨੇ ਮੁੱਖ ਚੋਣ ਕਮਿਸ਼ਨ ਨੂੰ ਨਿਰਦੇਸ਼ ਦਿੱਤਾ ਸੀ ਕਿ ਜਿਹੜੀਆਂ 65 ਲੱਖ ਵੋਟਾਂ ਕੱਟੀਆਂ ਗਈਆਂ ਹਨ, ਉਨ੍ਹਾਂ ਦਾ ਡੇਟਾ 19 ਅਗਸਤ ਤੱਕ ਕਮਿਸ਼ਨ ਦੀ ਵੈਬਸਾਈਟ 'ਤੇ ਪਾਇਆ ਜਾਵੇ ਅਤੇ ਇਸ ਦੇ ਕਾਰਨ ਵੀ ਦੱਸੇ ਜਾਣ; ਪਰ ਚੋਣ ਕਮਿਸ਼ਨ ਨੇ ਇਸ ਤੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਸੀ ਕਿ ਉਨ੍ਹਾਂ ਕੋਲ ਇਹ ਡੇਟਾ ਨਹੀਂ ਹੈ।

ਭਾਰਤ ਦੀ ਸਰਬਉਚ ਅਦਾਲਤ ਦਾ ਇਹ ਫੈਸਲਾ ਅਸਲ ਵਿੱਚ ਕਾਂਗਰਸ ਸਮੇਤ ਵਿਰੋਧੀ ਪਾਰਟੀਆਂ ਲਈ ਇੱਕ ਰਹਿਮਤ ਬਣ ਕੇ ਬਹੁੜਿਆ ਹੈ। ਇਸ ਤੋਂ ਬਾਅਦ ਇਸ ਵਿਰੁਧ ਮਹਿੰਮ ਚਲਾ ਰਹੀਆਂ ਪਾਰਟੀਆਂ- ਕਾਂਗਰਸ ਅਤੇ ਰਾਸ਼ਟਰੀ ਜਨਤਾ ਦਲ ਨੇ ਸੁਪਰੀਮ ਕੋਰਟ ਦੇ ਇਸ ਫੈਸਲੇ ਦਾ ਸੁਆਗਤ ਵੀ ਕੀਤਾ ਹੈ।

ਮੁੱਖ ਚੋਣ ਕਮਿਸ਼ਨ ਨੇ ਅਦਾਲਤ ਵਿੱਚ ਇਹ ਜਾਣਕਾਰੀ ਵੀ ਦਾਇਰ ਕੀਤੀ ਹੈ ਕਿ ਕੱਟੇ ਗਏ 65 ਲੱਖ ਵੋਟਰਾਂ ਵਿਚੋਂ 85,000 ਨੇ ਆਪਣੇ ਮੁੜ ਦਾਅਵੇ ਪਹਿਲਾਂ ਹੀ ਦਾਖਲ ਕਰ ਦਿੱਤੇ ਹਨ। ਜਦਕਿ 2 ਲੱਖ ਨਵੇਂ ਵੋਟਰ ਰਜਿਸਟਰ ਕੀਤੇ ਗਏ ਹਨ। ਕਾਂਗਰਸ ਪਾਰਟੀ ਨੇ ਸੁਪਰੀਮ ਕੋਰਟ ਦੇ ਇਸ ਫੈਸਲੇ ਦਾ ਸੁਆਗਤ ਕਰਦਿਆਂ ਕਿਹਾ ਕਿ ਭਾਰਤੀ ਚੋਣ ਕਮਿਸ਼ਨ ਵੱਲੋਂ ਜਮਹੂਰੀਅਤ 'ਤੇ ਜਿਹੜਾ ਵੱਡਾ ਹਮਲਾ ਕੀਤਾ ਗਿਆ ਸੀ, ਉਸ ਨੂੰ ਪਛਾੜ ਦਿੱਤਾ ਗਿਆ ਹੈ। ਕਾਂਗਰਸ ਦੇ ਜਨਰਲ ਸਕੱਤਰ ਅਤੇ ਬੁਲਾਰੇ ਜੈ ਰਾਮ ਰਮੇਸ਼ ਨੇ ਇਸ ਬਾਰੇ ਗੱਲ ਕਰਦਿਆਂ ਕਿਹਾ, ਜਮਹੂਰੀਅਤ ਚੋਣ ਕਮਿਸ਼ਨ ਵੱਲੋਂ ਕੀਤੇ ਗਏ ਬੇਦਰਦ ਹਮਲੇ ਤੋਂ ਬਚ ਗਈ ਹੈ। ਇਸ ਵਿਵਾਦ ਖਿਲਾਫ ਜਿਸ ਸ਼ਿੱਦਤ ਅਤੇ ਤਾਕਤ ਨਾਲ ਕਾਂਗਰਸੀ ਆਗੂ ਰਹੁਲ ਗਾਂਧੀ ਅਤੇ ਤੇਜੱਸਵੀ ਯਾਦਵ ਨੇ ਆਵਾਜ਼ ਚੁੱਕੀ, ਉਸ ਨੇ ਇਸ ਮਸਲੇ ਨੂੰ ਦਰੁਸਤ ਕਰਨ ਦਾ ਅਦਾਲਤੀ ਫੈਸਲਾ ਮੁਮਕਿਨ ਬਣਾਇਆ।

ਆਪਸ ਵਿੱਚ ਭਿੜ ਰਹੇ ਪੰਜਾਬ ਕਾਂਗਰਸ ਦੇ ਆਗੂਆਂ ਨੂੰ ਆਪਣੀ ਕੇਂਦਰੀ ਲੀਡਰਸ਼ਿਪ ਅਤੇ ਤੇਜੱਸਵੀ ਯਾਦਵ ਤੋਂ ਹੀ ਘੱਟੋ-ਘੱਟ ਇਹ ਸਿੱਖਿਆ ਲੈ ਲੈਣੀ ਚਾਹੀਦੀ ਹੈ ਕਿ ਆਪਸੀ ਇਕਜੁੱਟਤਾ ਅਤੇ ਤਾਲਮੇਲ ਕਿੰਨਾ ਸਾਰਥਿਕ ਸਿੱਧ ਹੋ ਸਕਦਾ ਹੈ। ਕਾਂਗਰਸ ਦੀ ਬਿਹਾਰ ਕਵਾਇਦ ਨੇ ਪਾਰਟੀ ਦੇ ਨਾਲ-ਨਾਲ 'ਇੰਡੀਆ' ਗੱਠਜੋੜ ਨੂੰ ਵੀ ਮੁੜ ਉਭਾਰਨਾ ਸ਼ੁਰੂ ਕਰ ਦਿੱਤਾ। ਆਮ ਆਦਮੀ ਪਾਰਟੀ ਅਤੇ ਭਾਜਪਾ- ਜਦੋਂ ਦੋਵੇਂ ਪੰਜਾਬ ਵਿੱਚ ਚੋਣ ਗੇਅਰ ਵਿੱਚ ਪੈ ਗਈਆਂ ਹਨ ਤਾਂ ਆਪਸੀ ਕਲੇਸ਼ ਕਾਰਨ ਕਾਂਗਰਸ ਪਾਰਟੀ ਦਾ ਇਸ ਮਾਮਲੇ ਵਿੱਚ ਪਛੜ ਜਾਣਾ ਲਾਜ਼ਮੀ ਹੈ। ਉਸ ਵਕਤ ਜਦੋਂ ਨਵਾਂ ਅਕਾਲੀ ਦਲ ਆਪਣਾ ਰਾਜਨੀਤਿਕ ਢਾਂਚਾ ਖੜ੍ਹਾ ਕਰਨ ਵਿੱਚ ਰੁਝਿਆ ਹੋਇਆ ਅਤੇ ਅਕਾਲੀ ਦਲ (ਬਾਦਲ) ਆਪਣੀ ਸ਼ਾਖ ਤਕਰੀਬਨ ਗੁਆ ਚੁਕਾ ਹੈ, ਤਾਂ ਚੋਣ ਵਿਸ਼ਲੇਸ਼ਕ ਕਾਂਗਰਸ ਲਈ ਪੰਜਾਬ ਵਿੱਚ ਅਗਲੇ ਮੌਕੇ ਵੇਖ ਰਹੇ ਹਨ; ਪਰ ਵੱਖ-ਵੱਖ ਗੁੱਟਾਂ ਵਿੱਚ ਵੰਡੀ ਹੋਈ ਕਾਂਗਰਸ ਜੇ ਇਸੇ ਹਾਲਤ ਵਿੱਚ ਅੱਗੇ ਵਧਦੀ ਹੈ ਤਾਂ ਇਹ ਮੌਕੇ ਗਵਾ ਵੀ ਸਕਦੀ ਹੈ।

# ਰਾਸ਼ਨ ਕਾਰਡ ਕੱਟਣ ਦੇ ਮਾਮਲੇ ‘ਤੇ ਭਿੜੀਆਂ ਆਪ ਤੇ ਭਾਜਪਾ

***ਅਸਲ ਮਾਮਲਾ ਪੰਜਾਬ ਦੇ ਗੈਰ-ਕਾਸ਼ਤਕਾਰੀ ਤਬਕਿਆਂ ਤੱਕ ਰਸਾਈ ਦਾ *2027 ਦੀ ਚੋਣ ਬੇਹੱਦ ਮਹੱਤਵਪੂਰਨ ਹੋਈ**

**ਜਸਵੀਰ ਸਿੰਘ ਮਾਂਗਟ**

ਪੰਜਾਬ ਵਿੱਚੋਂ ਕਿਸਾਨੀ ਨੂੰ ਸਿੱਧੇ-ਅਸਿੱਧੇ ਢੰਗ ਨਾਲ ਅਗਵਾਈ ਦੇਣ ਵਾਲੀ ਸਿਆਸਤ ਅਤੇ ਕਾਂਗਰਸ ਦਾ ਮੁਕੰਮਲ ਸਫਾਇਆ ਕਰਨ ਦੀ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਪਹੁੰਚ ਬੇਹੱਦ ਸਰਗਰਮ ਹੋ ਗਈ ਹੈ। ਭਾਜਪਾ ਨੇ ਇਸ ਪਾਸੇ ਵੱਲ ਤਕੜਾ ਹੱਲਾ ਬੋਲ ਦਿੱਤਾ ਹੋਇਆ ਹੈ। ਇਸ ਮਕਸਦ ਲਈ ਭਾਜਪਾ ਆਗੂਆਂ ਵੱਲੋਂ ਪੰਜਾਬ ਦੇ ਪੇਂਡੂ ਖੇਤਰਾਂ ਵਿਚ ਗੈਰ-ਕਾਸ਼ਤਕਾਰੀ ਤਬਕਿਆਂ ਨੂੰ ਕਿਸੇ ਨਾ ਕਿਸੇ ਢੰਗ ਨਾਲ ਪ੍ਰਭਾਵਤ ਕਰਨ ਦੇ ਯਤਨ ਜੰਗੀ ਪੱਧਰ ‘ਤੇ ਹੋਣ ਲੱਗੇ ਹਨ। ਇਸ ਮਾਮਲੇ ਵਿਚ ਭਾਵੇਂ ਤਕਰੀਬਨ ਇੱਕੋ ਵਿਚਾਰਧਾਰਕ ਆਧਾਰ ਵਾਲੀਆਂ ਦੋ ਪਾਰਟੀਆਂ- ‘ਆਪ’ ਅਤੇ ‘ਭਾਜਪਾ’, ਪੰਜਾਬ ਦੇ ਸਿਆਸੀ ਦ੍ਰਿਸ਼ ਉਪਰ ਇੱਕ ਦੂਜੇ ਵਿਰੁਧ ਸੰਘਰਸ਼ ਕਰਦੀਆਂ ਨਜ਼ਰ ਆ ਰਹੀਆਂ ਹਨ, ਪਰ ਅਸਲ ਵਿਚ ਇਹ ਇੱਕ ਦੂਜੇ ਨੂੰ ਪੰਜਾਬ ਦੇ ਪੇਂਡੂ ਤਬਕਿਆਂ ਵਿਚ ਸਥਾਪਤ ਕਰਨ ਦਾ ਯਤਨ ਕਰ ਰਹੀਆਂ ਹਨ।

ਯਾਦ ਰਹੇ, ਬੀਤੇ ਸਮੇਂ ਵਿੱਚ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਫੈਡਰਲ ਸਿਧਾਂਤਾਂ ਦੀ ਉਲੰਘਣਾ ਕਰਦਿਆਂ ਪੰਜਾਬ ਸਰਕਾਰ ਨੂੰ ਜਿੰਨੇ ਵੀ ਨਿਰਦੇਸ਼ ਦਿੱਤੇ ਹਨ ਜਾਂ ਨਿਯਮ ਅਤੇ ਕਾਨੂੰਨ ਆਦਿ ਸੋਧੇ ਹਨ, ਉਨ੍ਹਾਂ ਨੂੰ ਪੰਜਾਬ ਸਰਕਾਰ ਨੇ ਬਿਨਾ ਕਿਸੇ ਹੀਲ-ਹੁਜੱਤ ਦੇ ਸਵੀਕਾਰ/ਲਾਗੂ ਕੀਤਾ ਹੈ। ਹੁਣ ਫਿਰ ਕੇਂਦਰ ਸਰਕਾਰ ਵੱਲੋਂ ਪੰਜਾਬ ਸਰਕਾਰ ਨੂੰ ਨਿਰਦੇਸ਼ ਦਿੱਤੇ ਗਏ ਹਨ, ਜਿਨ੍ਹਾਂ ਵਿਚ ਪੰਜਾਬ ਵਿੱਚੋਂ ਅਯੋਗ ਲਾਭਪਾਤਰੀਆਂ ਦੇ ਰਾਸ਼ਨ ਕਾਰਡ ਖਤਮ ਕਰਨ ਲਈ ਕਿਹਾ ਗਿਆ ਹੈ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਮਾਮਲੇ ਵਿੱਚ ਬੋਲਦਿਆਂ ਕਿਹਾ ਕਿ ਪੰਜਾਬ ਵਿੱਚੋਂ ਇੱਕ ਵੀ ਲਾਭਪਾਤਰੀ ਦਾ ਰਾਸ਼ਨ ਕਾਰਡ ਨਹੀਂ ਕੱਟਿਆ ਜਾਵੇਗਾ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਚੰਡੀਗੜ੍ਹ ਤੋਂ ਛਪਦੇ ਇੱਕ ਅਖ਼ਬਾਰ ਵੱਲੋਂ ਪੰਜਾਬ ਦੇ ਤਕਰੀਬਨ 11 ਲੱਖ ਲਾਭਪਾਤਰੀਆਂ ਦੇ ਰਾਸ਼ਨ ਕਾਰਡ ਕੱਟਣ ਬਾਰੇ ਕੇਂਦਰੀ ਹਦਾਇਤਾਂ ਸੰਬੰਧੀ ਇੱਕ ਖ਼ਬਰ ਛਾਪੀ ਗਈ ਸੀ। ਪੰਜਾਬ ਸਰਕਾਰ ਨੇ ਇਸ ਸੰਬੰਧ ਵਿਚ ਛਾਣਬੀਣ ਕਰਨ ਲਈ 6 ਮਹੀਨੇ ਦਾ ਸਮਾਂ ਮੰਗਿਆ, ਪਰ ਭਾਜਪਾ ਨੇ ਕੇਂਦਰੀ ਭਲਾਈ ਸਕੀਮਾਂ ਦੀ ਜਾਣਕਾਰੀ ਦੇਣ ਦੇ ਬਹਾਨੇ ਵੱਡੀ ਪੱਧਰ ‘ਤੇ ਪੰਜਾਬ ਦੇ ਪੇਂਡੂ ਲੋਕਾਂ ਨਾਲ ਸਿੱਧੇ ਸੰਪਰਕ ਬਣਾਉਣੇ ਸ਼ੁਰੂ ਕਰ ਦਿੱਤੇ। ਕੇਂਦਰ ਸਰਕਾਰ ਅਨੁਸਾਰ ਰਾਜ ਵਿੱਚ ਬਹੁਤ ਸਾਰੇ ਲਾਭਪਾਤਰੀ ਅਜਿਹੇ ਹਨ, ਜਿਨ੍ਹਾਂ ਕੋਲ ਕਾਰਾਂ, ਕੋਠੀਆਂ ਅਤੇ ਜ਼ਮੀਨਾਂ ਵੀ ਹਨ ਅਤੇ ਉਹ ਵੀ ਰਾਸ਼ਨ ਦੀ ਸਹੂਲਤ ਲਈ ਜਾ ਰਹੇ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਉਹ ਪੰਜਾਬ ਦੇ ਕਿਸੇ ਵੀ ਲਾਭ ਪਾਤਰੀ ਨੂੰ ਰਾਸ਼ਣ ਦੀ ਸਹੂਲਤ ਤੋਂ ਵਾਂਝਾ ਨਹੀਂ ਹੋਣ ਦੇਣਗੇ। ਉਨ੍ਹਾਂ ਕਿਹਾ ਭਾਜਪਾ ਨੇ ਪਹਿਲਾਂ ਵੋਟਾਂ ਚੋਰੀ ਕੀਤੀਆਂ, ਹੁਣ ਰਾਸ਼ਨ ਚੋਰੀ ਕਰਨ ਦਾ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ, ‘ਭਾਜਪਾ ਵੋਟ ਚੋਰ ਵੀ ਹੈ, ਰਾਸ਼ਨ ਅਤੇ ਡੇਟਾ ਚੋਰ ਵੀ।’

ਉਧਰ ਭਾਜਪਾ ਕਾਡਰ ਅਤੇ ਆਗੂਆਂ ਵੱਲੋਂ ਪੰਜਾਬ ਦੇ ਪਿੰਡਾਂ ਅਤੇ ਕਸਬਿਆਂ ਵਿੱਚ ਕੇਂਦਰ ਦੀਆਂ ਲੋਕ ਭਲਾਈ ਸਕੀਮਾਂ ਬਾਰੇ ਜਾਣਕਾਰੀ ਦੇਣ ਲਈ ਕੈਂਪ ਲਗਾਏ ਜਾ ਰਹੇ ਹਨ। ‘ਆਪ’ ਸਰਕਾਰ ਦਾ ਦੋਸ਼ ਹੈ ਕਿ ਭਾਜਪਾ ਪੰਜਾਬ ਵਿੱਚੋਂ ਲੋਕਾਂ ਬਾਰੇ ਗੈਰ-ਕਾਨੂੰਨੀ ਜਾਣਕਾਰੀ ਇਕੱਠਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਡੇਟਾ ਚੋਰੀ ਕਰਨ ਵਰਗਾ ਮਾਮਲਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕੀ ਭਾਜਪਾ ਵਾਲੇ ਆਪਣੇ ਕੈਂਪਾਂ ਵਿੱਚ ਇਹ ਦੱਸਣਗੇ ਕਿ ਉਹ 8 ਲੱਖ 2000 ਲੋਕਾਂ ਦੇ ਰਾਸ਼ਨ ਕਾਰਡ ਕੱਟਣ ਜਾ ਰਹੇ ਹਨ? ਉਨ੍ਹਾਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਨੂੰ ਪੰਜਾਬ ਦੇ ਅਸਲ ਸਥਾਨਕ ਹਾਲਾਤ ਬਾਰੇ ਜਾਣਕਾਰੀ ਨਹੀਂ ਹੈ। ਇਸ ਲਈ ਕੇਂਦਰ ਸਰਕਾਰ ਦੀਆਂ ਕਈ ਸਕੀਮਾਂ ਆਪਾ ਵਿਰੋਧੀ ਹਨ। ਯਾਦ ਰਹੇ, ਇੱਕ ਪਾਸੇ ਤਾਂ ਕੇਂਦਰ ਸਰਕਾਰ ਉਜਵਲਾ ਸਕੀਮ ਤਹਿਤ ਗੈਸ ਚੁੱਲ੍ਹਾ ਗਰੀਬ ਲੋਕਾਂ ਨੂੰ ਦੇ ਰਹੀ ਹੈ। ਦੂਜੇ ਪਾਸੇ ਜਿਨ੍ਹਾਂ ਲੋਕਾਂ ਕੋਲ ਗੈਸ ਚੁੱਲ੍ਹਾ ਹੈ, ਉਨ੍ਹਾਂ ਨੂੰ ਕੇਂਦਰੀ ਆਵਾਸ ਯੋਜਨਾ ਤੋਂ ਆਯੋਗ ਕਰਾਰ ਦਿੱਤਾ ਜਾ ਰਿਹਾ ਹੈ।

ਪੰਜਾਬ ਸਰਕਾਰ ਵੱਲੋਂ ਪਿੰਡਾਂ ਵਿੱਚ ਕਥਿਤ ਭਲਾਈ ਕੈਂਪ ਲਗਾਉਣ ਲਈ ਜਾ ਰਹੇ ਭਾਜਪਾ ਆਗੂਆਂ ਨੂੰ ਬੀਤੇ ਦਿਨੀਂ ਪੰਜਾਬ ਪੁਲਿਸ ਵੱਲੋਂ ਗ੍ਰਿਫਤਾਰ ਵੀ ਕੀਤਾ ਗਿਆ ਅਤੇ ਭਾਜਪਾ ਵੱਲੋਂ ਮੁੱਖ ਮੰਤਰੀ ਦੇ ਪੁਤਲੇ ਫੂਕੇ ਗਏ। ਯਾਦ ਰਹੇ, ਭਾਜਪਾ ਵੱਲੋਂ ਪੰਜਾਬ ਦੇ ਸੁਜਾਨਪੁਰ, ਮੁਕੇਰੀਆਂ, ਮਹਿਲ ਕਲਾਂ, ਸਰਦੂਲ ਗੜ੍ਹ, ਬੱਲੂਆਣਾ, ਮੁੱਲਾਂਪੁਰ ਖੇੜਾ, ਸਨੌਰ ਅਤੇ ਰੂਪ ਨਗਰ ਵਿੱਚ ਕੈਂਪ ਲਾਉਣ ਦਾ ਐਲਾਨ ਕੀਤਾ ਗਿਆ ਸੀ; ਪਰ ਪੰਜਾਬ ਪੁਲਿਸ ਵੱਲੋਂ ਇਹ ਭਾਜਪਾ ਵਰਕਰ ਅਤੇ ਆਗੂ ਜਾਂ ਤਾਂ ਰਸਤੇ ਵਿੱਚ ਹੀ ਰੋਕ ਲਏ ਗਏ ਜਾਂ ਫਿਰ ਉਨ੍ਹਾਂ ਨੂੰ ਲੱਗੇ ਕੈਂਪ ਵਿੱਚੋਂ ਗ੍ਰਿਫਤਾਰ ਕਰ ਲਿਆ ਗਿਆ। ਇਸ ਦੌਰਾਨ ਪੁਲਿਸ ਵੱਲੋਂ ਦਰਜਨਾਂ ਭਾਜਪਾ ਵਰਕਰ ਹਿਰਾਸਤ ਵਿਚ ਲਏ ਗਏ। ਪੰਜਾਬ ਸਰਕਾਰ ਨੇ ਪੰਜਾਬ ਦੇ ਵੱਖ-ਵੱਖ ਪਿੰਡਾਂ ਵਿੱਚੋਂ ਸਾਬਕਾ ਮੰਤਰੀ ਸੁਰਜੀਤ ਸਿੰਘ ਜਿਆਣੀ, ਵਿਧਾਇਕ ਸੰਦੀਪ ਜਾਖੜ, ਸਾਬਕਾ ਸੰਸਦ ਮੈਂਬਰ ਸ਼ਵੇਤ ਮਲਿਕ, ਵਿਧਾਇਕ ਜੰਗੀ ਲਾਲ ਮਹਾਜਨ, ਸੂਬਾ ਸਕੱਤਰ ਅਨਿਲ ਸਰੀਨ, ਸੂਬਾ ਮੀਤ ਪ੍ਰਧਾਨ ਡਾ. ਸੁਭਾਸ਼ ਸ਼ਰਮਾ, ਸੂਬਾ ਮੀਤ ਪ੍ਰਧਾਨ ਫਤਹਿ ਜੰਗ ਬਾਜਵਾ, ਸਾਬਕਾ ਡਿਪਟੀ ਸਪੀਕਰ ਦਿਨੇਸ਼ ਸਿੰਘ ਬੱਬੂ ਸਮੇਤ ਬਹੁਤ ਸਾਰੇ ਕਾਰਕੁੰਨਾਂ ਨੂੰ ਗ੍ਰਿਫਤਾਰ ਕੀਤਾ।

ਇਸ ਦੌਰਾਨ ਖੁਰਾਕ ਤੇ ਖਪਤਕਾਰ ਮਾਮਲਿਆਂ ਬਾਰੇ ਕੇਂਦਰੀ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਭਗਵੰਤ ਮਾਨ ਦੇ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਝੂਠ ਬੋਲ ਰਹੀ ਹੈ ਅਤੇ ਆਮ ਲੋਕਾਂ ਨੂੰ ਗੁਮਰਾਹ ਕਰਨ ਦਾ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਕਿਸੇ ਲਾਭ ਪਾਤਰੀ ਦਾ ਨਾਂ ਹਟਾਉਣ ਲਈ ਕੋਈ ਨਿਰਦੇਸ਼ ਨਹੀਂ ਦਿੱਤੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਲਾਭਪਾਤਰੀਆਂ ਦੇ ਅੰਕੜਿਆਂ ਨੂੰ ਦਰੁਸਤ ਕਰਨਾ ਚਾਹੀਦਾ ਹੈ। ਜੋ ਲੋਕ ਯੋਗ ਨਹੀਂ ਹਨ, ਉਨ੍ਹਾਂ ਦੇ ਨਾਮ ਹਟਾਏ ਜਾਣੇ ਚਾਹੀਦੇ ਹਨ। ਪੰਜਾਬ ਭਾਜਪਾ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਆਪਣੇ ਇੱਕ ਬਿਆਨ ਵਿੱਚ ਕਿਹਾ ਕਿ ਕੇਂਦਰ ਸਰਕਾਰ ਕੋਈ ਰਾਸ਼ਨ ਕਾਰਡ ਨਹੀਂ ਕੱਟਵਾ ਰਹੀ। ਪੰਜਾਬ ਸਰਕਾਰ ਲੋਕਾਂ ਨੂੰ ਗੁਮਰਾਹ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਪੰਜਾਬ ਦੇ ਲੋਕਾਂ ਨੂੰ ਕੇਂਦਰੀ ਭਲਾਈ ਸਕੀਮਾਂ ਬਾਰੇ ਜਾਣਕਾਰੀ ਦੇਣ ਦਾ ਯਤਨ ਕਰ ਰਹੀ ਹੈ, ਜਦਕਿ ਰਾਜ ਸਰਕਾਰ ਸਾਡੇ ਆਗੂਆਂ ਨੂੰ ਗ੍ਰਿਫਤਾਰ ਕਰਕੇ ਇਸ ਦੇ ਰਾਹ ਵਿੱਚ ਰੋੜੇ ਅਟਕਾ ਰਹੀ ਹੈ।

ਇਸੇ ਦਰਮਿਆਨ ਬੀਤੇ ਐਤਵਾਰ ‘ਆਪ’ ਦੇ ਸੀਨੀਅਰ ਆਗੂਆਂ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ, ਹਰਜੋਤ ਸਿੰਘ ਬੈਂਸ, ਡਾ. ਬਲਜੀਤ ਕੌਰ, ਮੋਹਿੰਦਰ ਭਗਤ, ਅਮਨ ਅਰੋੜਾ, ਡਾ. ਰਵਜੋਤ ਸਿੰਘ, ਲਾਲ ਚੰਦ ਕਟਾਰੂਚੱਕ ਆਦਿ ਵੱਲੋਂ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਪ੍ਰੈਸ ਕਾਨਫਰੰਸਾਂ ਕਰਕੇ ਕੇਂਦਰ ਵੱਲੋਂ ਕਥਿਤ ਤੌਰ ‘ਤੇ ਅਪਣਾਈ ਜਾ ਰਹੀ ਲੋਕ ਵਿਰੋਧੀ ਨੀਤੀ ਦਾ ਵਿਰੋਧ ਕੀਤਾ ਗਿਆ।

ਪੇਤਲੀ ਨਜ਼ਰੇ ਵਿਖਾਈ ਦਿੰਦਾ ਇਹ ਰਾਸ਼ਨ ਕਾਰਡ ਹਟਾਉਣ/ਬਣਾਉਣ ਅਤੇ ਲੋਕ ਭਲਾਈ ਸਕੀਮਾਂ ਨੂੰ ਰੋਕਣ ਦਾ ਰੱਟਾ ਅਸਲ ਵਿੱਚ 2027 ਵਿਚ ਪੰਜਾਬ ਵਿੱਚ ਆ ਰਹੀਆਂ ਵਿਧਾਨ ਸਭਾ ਚੋਣਾਂ ਦੀ ਜੰਗ ਦਾ ਹਿੱਸਾ ਹੈ। ਦਿੱਲੀ ਤੋਂ ਨਿਰਦੇਸ਼ਤ ਹੁੰਦੀਆਂ ਦੋਹਾਂ ਪਾਰਟੀਆਂ ‘ਆਪ’ ਅਤੇ ‘ਭਾਜਪਾ’ ਪੰਜਾਬ ਦੇ ਗੈਰ-ਕਾਸ਼ਤਕਾਰੀ ਅਤੇ ਭੂਮੀਹੀਣ ਤਬਕਿਆਂ ਨੂੰ ਕਿਸਾਨੀ ਦੇ ਵਿਰੁਧ ਖੜ੍ਹਾ ਕਰਕੇ ਚੋਣ ਜਿੱਤਣ ਦੀਆਂ ਚਾਹਵਾਨ ਹਨ। ਇਸ ਕਿਸਮ ਦੀ ਸਿਆਸੀ ਮੁਹਿੰਮ ਪੰਜਾਬ ਵਿੱਚ ਫਿਰਕੂ ਤਣਾਅ ਅਤੇ ਜਾਤੀ ਵੰਡ ਨੂੰ ਤਿੱਖਾ ਕਰ ਸਕਦੀ ਹੈ। ਪੰਜਾਬ ਸਰਕਾਰ ਵੱਲੋਂ ਸ਼ੰਭੂ ਅਤੇ ਖਨੌਰੀ ਬਾਰਡਰ ਤੋਂ ਕਿਸਾਨਾਂ ਦੇ ਜ਼ਬਰਦਸਤੀ ਚੁੱਕੇ ਗਏ ਧਰਨੇ ਇਸੇ ਨੀਤੀ ਦਾ ਹਿੱਸਾ ਸਨ; ਜਿਸ ਦੌਰਾਨ ਗੁਆਚਿਆ ਕਿਸਾਨਾਂ ਦਾ ਕਰੋੜਾਂ ਰੁਪਏ ਦਾ ਵਾਹੀਕਾਰੀ ਵਾਲਾ ਸਾਜ਼ੋ ਸਮਾਨ ਹਾਲੇ ਤੱਕ ਨਹੀਂ ਮਿਲਿਆ। ਇਸ ਧਰਨੇ ਨੂੰ ਚੁੱਕਣ ਦਾ ਲਾਹਾ ‘ਆਪ’ ਨੇ ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਜਿੱਤ ਕੇ ਵੀ ਲਿਆ ਹੈ। ਇਹ ਦੋਵੇਂ ਪਾਰਟੀਆਂ ਹੁਣ ਪੰਜਾਬ ਦੇ ਕਿਸਾਨਾਂ ਨੂੰ ਨਜ਼ਰਅੰਦਾਜ਼ ਕਰਕੇ ਪੰਜਾਬ ਦੇ ਵਪਾਰੀ ਵਰਗਾਂ ਅਤੇ ਭੂਮੀਹੀਣ ਤੇ ਗੈਰ-ਕਾਸ਼ਤਕਾਰੀ ਵਰਗਾਂ ਨੂੰ ਜੱਟ ਸਿੱਖਾਂ ਦੇ ਖਿਲਾਫ ਖੜ੍ਹੇ ਕਰਕੇ ਚੋਣ ਜਿੱਤਣ ਦਾ ਯਤਨ ਕਰ ਰਹੀਆਂ ਹਨ। ਸਿੱਖ ਬੁੱਧੀਜੀਵੀਆਂ ਅਨੁਸਾਰ 2027 ਦੀ ਵਿਧਾਨ ਸਭਾ ਚੋਣ ਅਸਲ ਵਿਚ ਪੰਜਾਬ ਵਿੱਚ ਵੱਸਦੇ ਸਿੱਖ ਭਾਈਚਾਰੇ ਅਤੇ ਕਿਸਾਨੀ ਤਬਕੇ ਲਈ ਜੀਣ ਮਰਨ ਦਾ ਸਵਾਲ ਬਣ ਗਈ ਹੈ। ਦਿੱਲੀ ਤੋਂ ਨਿਰਦੇਸ਼ਤ ਤਿੰਨ ਸਰਬ ਭਾਰਤੀ ਪਾਰਟੀਆਂ ਪੰਜਾਬ ਦੇ ਗੈਰ-ਕਾਸ਼ਤਕਾਰੀ ਅਤੇ ਵਪਾਰੀ ਤਬਕਿਆਂ ਦੀ ਵੋਟ ਦਾ ਬਟਵਾਰਾ ਕਰਨਗੀਆਂ, ਜਦਕਿ ਦੂਜੇ ਪਾਸੇ ਮੁੱਖ ਤੌਰ ‘ਤੇ ਤਿੰਨ ਅਕਾਲੀ ਦਲ-ਅਕਾਲੀ ਦਲ (ਬਾਦਲ), ਜਥੇਦਾਰ ਹਰਪ੍ਰੀਤ ਸਿੰਘ ਦੀ ਅਗਵਾਈ ਵਾਲਾ ਅਕਾਲੀ ਦਲ ਅਤੇ ਅਕਾਲੀ ਦਲ ਵਾਰਸ ਪੰਜਾਬ ਦੇ, ਇਹ ਪੰਜਾਬ ਦੇ ਸਿੱਖ ਅਤੇ ਕਿਸਾਨ ਵੋਟ ਦਾ ਬਟਵਾਰਾ ਕਰਨਗੇ। ਪੰਜਾਬ ਦੇ ਅਕਾਲੀ ਦਲਾਂ ਵਿਚਕਾਰ ਜੇ ਕੋਈ ਸਮਝੌਤਾ ਨਹੀਂ ਹੁੰਦਾ ਅਤੇ ਇਨ੍ਹਾਂ ਚੋਣਾਂ ਵਿਚ ਬਾਜ਼ੀ ਭਾਜਪਾ ਜਾਂ ‘ਆਪ’ ਦੇ ਹੱਥ ਆ ਜਾਂਦੀ ਹੈ ਤਾਂ ਇਹ ਪੰਜਾਬ ਲਈ ਬੇਹੱਦ ਘਾਤਕ ਸਿੱਧ ਹੋਵੇਗਾ। ਖਾਸ ਕਰਕੇ ਉਸ ਹਾਲਤ ਵਿੱਚ, ਜਦੋਂ ਕਾਂਗਰਸ ਦੇ ਮੁੱਖ ਆਗੂ ਆਪਸ ਵਿੱਚ ਬੁਰੀ ਤਰ੍ਹਾਂ ਵੰਡੇ ਹੋਏ ਹਨ।

ਇਸੇ ਦੌਰਾਨ ਕਈ ਐੱਨ.ਜੀ.ਓ. ਅਤੇ ਵਰਕਰ ਯੂਨੀਅਨਾਂ ਨੇ ਇਸ ਵਿਰੋਧ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਰਾਸ਼ਨ ਵੰਡ ਪ੍ਰਕਿਰਿਆ ਨੂੰ ਸਰਲ ਬਣਾਇਆ ਜਾਵੇ ਅਤੇ ਗਰੀਬਾਂ ਨੂੰ ਬੇਲੋੜਾ ਪ੍ਰੇਸ਼ਾਨ ਨਾ ਕੀਤਾ ਜਾਵੇ। ਪੰਜਾਬ ਵਿੱਚ ਇਹ ਯੋਜਨਾ ਲੱਖਾਂ ਪਰਿਵਾਰਾਂ ਲਈ ਜੀਵਨ ਰੇਖਾ ਵਾਂਗ ਹੈ, ਜਿਸ ਨਾਲ ਉਨ੍ਹਾਂ ਨੂੰ ਮਹਿੰਗਾਈ ਅਤੇ ਬੇਰੁਜ਼ਗਾਰੀ ਤੋਂ ਰਾਹਤ ਮਿਲਦੀ ਹੈ।


**ਮਿਜ਼ੌਰੀ ਏਰੀਏ ਵਿੱਚ ਵਰਕਰਾਂ ਦੀ ਫੌਰੀ ਲੋੜ**

ਗੈਸ ਸਟੇਸ਼ਨ, ਲਿੱਕਰ ਸਟੋਰ ਅਤੇ ਪੰਜਾਬੀ ਰੈਸਟੋਰੈਂਟ ਲਈ ਕੈਸ਼ੀਅਰ, ਦੁਕਾਨ ਸਹਾਇਕ, ਰਸੋਈਏ, ਰਸੋਈ ਸਹਾਇਕ ਅਤੇ ਸਫਾਈ ਵਰਕਰਾਂ ਦੀ ਫੌਰੀ ਲੋੜ ਹੈ

*ਪਹਿਲਾਂ ਕੋਈ ਤਜਰਬਾ ਹੋਵੇ ਤਾਂ ਵਧੀਆ ਹੈ, ਪਰ ਜ਼ਰੂਰੀ ਨਹੀਂ (ਟ੍ਰੇਨਿੰਗ ਦਿੱਤੀ ਜਾਵੇਗੀ)*

**ਚਾਹਵਾਨ ਬੁਨਿਆਦੀ ਅੰਗਰੇਜ਼ੀ ਅਤੇ ਪੰਜਾਬੀ ਬੋਲੀ ਬੋਲਣੀ ਜਾਣਦਾ ਹੋਵੇ*

**ਸੰਪਰਕ ਕਰੋ, ਫੋਨ: 417-382-9100**



**Hiring Local & Midwest Drivers and Dedicated Lanes & Owner Operators**



NT corp

4800 Vernon Ave,
Ste. C,
McCook, IL 60525

**Ph: 847-562-5860 ext. 1003**

**Fax: 847-897-2660**



**Premium Truck & Trailer Tires**

We also provide installation services

ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ

HT HAMPSHIRE TIRES

ਟਰੱਕਾਂ ਅਤੇ ਟਰਾਲਿਆਂ ਲਈ ਵਧੀਆ ਕਿਸਮ ਦੇ ਟਾਇਰ ਲੈਣ ਲਈ ਸੰਪਰਕ ਕਰੋ



*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*

**Hampshire Tires**

235 Industrial Dr., Hampshire, IL 60140

**Ph: 847-556-9996**

Email: info@hampshiretires.com www.hampshiretires.com

ਮਨੁੱਖੀ ਜ਼ਿੰਦਗੀਆਂ ਦੀ ਕਹਾਣੀ

# ਗਾਜ਼ਾ ਵਿੱਚ ਅਕਾਲ ਨੂੰ 'ਸੰਸਾਰ ਦਾ ਅਕਾਲ' ਕਰਾਰ ਦਿੱਤਾ

***ਸੰਯੁਕਤ ਰਾਸ਼ਟਰ ਨੇ ਇਜ਼ਰਾਈਲ ਨੂੰ ਜ਼ਿੰਮੇਵਾਰ ਠਹਿਰਾਇਆ *ਗਾਜ਼ਾ ਦਾ ਅਕਾਲ ਮਨੁੱਖਤਾ ਦੀ ਅਸਫਲਤਾ ਦੇ ਨਿਆਈਂ ਹੈ**

**ਪੰਜਾਬੀ ਪਰਵਾਜ਼ ਬਿਊਰੋ**

ਸੰਯੁਕਤ ਰਾਸ਼ਟਰ ਦੇ ਮਾਨਵੀ ਮਾਮਲਿਆਂ ਦੇ ਮੁਖੀ ਅਤੇ ਐਮਰਜੈਂਸੀ ਰਾਹਤ ਮੁਖੀ ਟੌਮ ਫਲੈਚਰ ਨੇ ਗਾਜ਼ਾ ਵਿੱਚ ਚੱਲ ਰਹੇ ਅਕਾਲ ਨੂੰ 'ਸੰਸਾਰ ਦਾ ਅਕਾਲ' ਕਰਾਰ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਇਹ ਸੰਕਟ ਪੂਰੀ ਤਰ੍ਹਾਂ ਟਾਲਿਆ ਜਾ ਸਕਦਾ ਸੀ, ਪਰ ਇਜ਼ਰਾਈਲ ਵੱਲੋਂ ਲਗਾਈਆਂ ਗਈਆਂ ਪਾਬੰਦੀਆਂ ਅਤੇ ਵਿਸ਼ਵ ਭਾਈਚਾਰੇ ਦੀ ਲਾਪਰਵਾਹੀ ਨੇ ਇਸ ਨੂੰ ਜਨਮ ਦਿੱਤਾ ਹੈ। ਫਲੈਚਰ ਨੇ ਚੇਤਾਵਨੀ ਦਿੱਤੀ ਕਿ ਇਹ ਤ੍ਰਾਸਦੀ ਮਨੁੱਖਤਾ ਲਈ ਸ਼ਰਮ ਅਤੇ ਪੀੜਾ ਦਾ ਕਾਰਨ ਬਣੇਗੀ।

ਸੰਯੁਕਤ ਰਾਸ਼ਟਰ ਵੱਲੋਂ ਸਮਰਥਿਤ ਇੰਟੀਗ੍ਰੇਟਿਡ ਫੂਡ ਸਿਕਿਉਰਿਟੀ ਫੇਜ਼ ਕਲਾਸੀਫਿਕੇਸ਼ਨ (ਆਈ.ਪੀ.ਸੀ.) ਰਿਪੋਰਟ ਨੇ ਪੁਸ਼ਟੀ ਕੀਤੀ ਹੈ ਕਿ ਗਾਜ਼ਾ ਵਿੱਚ ਅਕਾਲ ਸ਼ੁਰੂ ਹੋ ਚੁੱਕਾ ਹੈ। ਫਲੈਚਰ ਨੇ ਕਿਹਾ ਕਿ ਖੁਰਾਕ ਸਮੱਗਰੀ ਸਰਹੱਦ 'ਤੇ ਪਈ ਹੋਈ ਹੈ, ਪਰ ਇਜ਼ਰਾਇਲ ਦੀਆਂ ਪਾਬੰਦੀਆਂ ਕਾਰਨ ਲੋਕਾਂ ਤੱਕ ਨਹੀਂ ਪਹੁੰਚ ਰਹੀ। ਉਨ੍ਹਾਂ ਨੇ ਇਸ ਨੂੰ "ਉਪਜਾਊ ਜ਼ਮੀਨ 'ਤੇ ਕੁਝ ਸੌ ਮੀਟਰ ਦੀ ਦੂਰੀ 'ਤੇ ਪਿਆ ਅਕਾਲ" ਕਿਹਾ। ਉਨ੍ਹਾਂ ਨੇ ਕਿਹਾ ਕਿ ਇਹ ਸਥਿਤੀ ਗਹਿਰੀ ਪੀੜਾ ਅਤੇ ਗੁੱਸੇ ਨਾਲ ਪੜ੍ਹੀ ਜਾਣੀ ਚਾਹੀਦੀ ਹੈ, ਕਿਉਂਕਿ ਇਹ ਸਿਰਫ ਅੰਕੜੇ ਨਹੀਂ ਬਲਕਿ ਹਜ਼ਾਰਾਂ ਮਨੁੱਖੀ ਜ਼ਿੰਦਗੀਆਂ ਦੀ ਕਹਾਣੀ ਹੈ।

ਬੱਚਿਆਂ ਅਤੇ ਕਮਜ਼ੋਰ ਵਰਗਾਂ 'ਤੇ ਸਭ ਤੋਂ ਵੱਡਾ ਅਸਰ ਪੈ ਰਿਹਾ ਹੈ। ਫਲੈਚਰ ਨੇ ਕਿਹਾ ਕਿ ਅਕਾਲ ਸਭ ਤੋਂ ਪਹਿਲਾਂ ਬੱਚਿਆਂ ਅਤੇ ਕਮਜ਼ੋਰ ਵਰਗਾਂ ਨੂੰ ਪ੍ਰਭਾਵਿਤ ਕਰ ਰਿਹਾ ਹੈ। "ਇਹ ਅਕਾਲ ਇਨਸਾਨ ਤੋਂ ਪਹਿਲਾਂ ਉਨ੍ਹਾਂ ਦੀ ਇੱਜ਼ਤ ਖੋਹ ਲੈਂਦਾ ਹੈ ਅਤੇ ਫਿਰ ਜੀਵਨ। ਇਹ ਮਾਪਿਆਂ ਨੂੰ ਮਜਬੂਰ ਕਰਦਾ ਹੈ ਕਿ ਉਹ ਚੁਣਨ ਕਿ ਕਿਸ ਬੱਚੇ ਨੂੰ ਖੁਆਉਣ ਅਤੇ ਕਿਸ ਨੂੰ ਭੁੱਖਾ ਰੱਖਣ।" ਸੰਯੁਕਤ ਰਾਸ਼ਟਰ ਅਧਿਕਾਰੀ ਨੇ ਦੱਸਿਆ ਕਿ ਮੀਡੀਆ ਨੂੰ ਗਾਜ਼ਾ ਵਿੱਚ ਰਿਪੋਰਟਿੰਗ ਦੀ ਇਜਾਜ਼ਤ ਨਹੀਂ ਹੈ, ਜਦਕਿ ਇਹ 21ਵੀਂ ਸਦੀ ਦਾ ਅਜਿਹਾ ਅਕਾਲ ਹੈ, ਜਿਸ ਨੂੰ ਡਰੋਨ ਅਤੇ ਅਤਿ ਆਧੁਨਿਕ ਹਥਿਆਰਾਂ ਦੀ ਨਿਗਰਾਨੀ ਵਿੱਚ ਚਲਾਇਆ ਜਾ ਰਿਹਾ ਹੈ।

ਸੰਸਾਰ ਦੀ ਜ਼ਿੰਮੇਵਾਰੀ 'ਤੇ ਸਵਾਲ ਉਠਾਉਂਦੇ ਹੋਏ ਫਲੈਚਰ ਨੇ ਕਿਹਾ ਕਿ ਗਾਜ਼ਾ ਦਾ ਅਕਾਲ ਪੂਰੇ ਸੰਸਾਰ ਦਾ ਅਕਾਲ ਹੈ। ਇਹ ਸਾਡੀਆਂ ਨਜ਼ਰਾਂ ਸਾਹਮਣੇ ਵਾਪਰ ਰਿਹਾ ਹੈ ਅਤੇ ਅਸੀਂ ਸਭ ਇਸ ਦੇ ਜ਼ਿੰਮੇਵਾਰ ਹਾਂ। ਇਹ ਅਕਾਲ ਪੁੱਛਦਾ ਹੈ, 'ਤੁਸੀਂ ਕੀ ਕੀਤਾ?' ਅਤੇ ਆਉਣ ਵਾਲੇ ਸਮੇਂ ਵਿੱਚ ਇਹ ਸਾਨੂੰ ਸਤਾਏਗਾ। ਉਨ੍ਹਾਂ ਨੇ ਇਸ ਨੂੰ ਬੇਰਹਿਮੀ ਨਾਲ ਜਨਮਿਆ, ਬਦਲੇ ਨਾਲ ਜਾਇਜ਼ ਠਹਿਰਾਇਆ ਗਿਆ ਅਤੇ ਉਦਾਸੀਨਤਾ ਤੇ ਮਿਲੀਭੁਗਤ ਨਾਲ ਕਾਇਮ ਰੱਖਿਆ ਗਿਆ ਅਕਾਲ ਕਿਹਾ। ਉਨ੍ਹਾਂ ਕਿਹਾ ਕਿ ਇਹ ਸਥਿਤੀ ਸੰਸਾਰ ਨੂੰ ਝੰਜੋੜਨ ਅਤੇ ਸ਼ਰਮਿੰਦਾ ਕਰਨ ਲਈ ਕਾਫ਼ੀ ਹੈ।

ਤੁਰੰਤ ਕਾਰਵਾਈ ਦੀ ਮੰਗ ਕਰਦੇ ਹੋਏ ਸੰਯੁਕਤ ਰਾਸ਼ਟਰ ਅਧਿਕਾਰੀ ਨੇ ਇਜ਼ਰਾਇਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਅਤੇ ਵਿਸ਼ਵ ਨੇਤਾਵਾਂ ਨੂੰ ਤੁਰੰਤ ਯੁੱਧ ਵਿਰਾਮ ਅਤੇ ਸਾਰੀਆਂ ਸੀਮਾ ਚੌਕੀਆਂ ਖੋਲ੍ਹਣ ਦੀ ਅਪੀਲ ਕੀਤੀ। ਉਨ੍ਹਾਂ ਨੇ ਕਿਹਾ ਕਿ ਹੁਣ ਬਹੁਤ ਹੋ ਗਿਆ। ਰਸਤੇ ਖੋਲ੍ਹੋ, ਵੱਡੇ ਪੱਧਰ 'ਤੇ ਭੋਜਨ ਅਤੇ ਦਵਾਈਆਂ ਗਾਜ਼ਾ ਪਹੁੰਚਣ ਦਿਓ। ਹਜ਼ਾਰਾਂ ਲੋਕਾਂ ਲਈ ਬਹੁਤ ਦੇਰ ਹੋ ਚੁੱਕੀ ਹੈ, ਪਰ ਬਾਕੀਆਂ ਨੂੰ ਅਜੇ ਵੀ ਬਚਾਇਆ ਜਾ ਸਕਦਾ ਹੈ।

ਅਲ ਜਜ਼ੀਰਾ ਅਨੁਸਾਰ ਗਾਜ਼ਾ ਦੇ ਸਿਹਤ ਮੰਤਰਾਲੇ ਨੇ ਦੱਸਿਆ ਕਿ ਹੁਣ ਤੱਕ ਕੁਪੋਸ਼ਣ ਅਤੇ ਭੁੱਖ ਨਾਲ 273 ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਿਨ੍ਹਾਂ ਵਿੱਚ 112 ਬੱਚੇ ਸ਼ਾਮਲ ਹਨ। ਇਸ ਤੋਂ ਇਲਾਵਾ ਅਕਤੂਬਰ 2023 ਤੋਂ ਚੱਲ ਰਹੇ ਇਜ਼ਰਾਇਲੀ ਹਮਲਿਆਂ ਵਿੱਚ ਹੁਣ ਤੱਕ 62,622 ਲੋਕ ਮਾਰੇ ਗਏ ਅਤੇ 1.57 ਲੱਖ ਤੋਂ ਵੱਧ ਜ਼ਖਮੀ ਹੋਏ ਹਨ।

ਆਈ.ਪੀ.ਸੀ. ਰਿਪੋਰਟ ਅਨੁਸਾਰ ਗਾਜ਼ਾ ਸ਼ਹਿਰ ਅਤੇ ਆਲੇ-ਦੁਆਲੇ ਦੇ ਖੇਤਰਾਂ ਵਿੱਚ ਅਕਾਲ ਦੀ ਪੁਸ਼ਟੀ ਹੋ ਚੁੱਕੀ ਹੈ ਅਤੇ ਅੱਧੇ ਮਿਲੀਅਨ ਤੋਂ ਵੱਧ ਲੋਕ 'ਵਿਨਾਸ਼ਕਾਰੀ' ਹਾਲਤਾਂ ਦਾ ਸਾਹਮਣਾ ਕਰ ਰਹੇ ਹਨ। ਸਤੰਬਰ ਦੇ ਅੰਤ ਤੱਕ 6,40,000 ਤੋਂ ਵੱਧ ਲੋਕ ਆਈ.ਪੀ.ਸੀ. ਫੇਜ਼ 5 ਦੇ ਪੱਧਰ 'ਤੇ ਪਹੁੰਚ ਜਾਣਗੇ। ਗਾਜ਼ਾ ਵਿੱਚ ਗਲੋਬਲ ਐਕਿਊਟ ਮਾਲਨਿਊਟ੍ਰਿਸ਼ਨ (ਜੀ.ਏ.ਐਮ.) ਦੀ ਪ੍ਰਚਲਨ ਦਰ ਤਿੰਨ ਗੁਣਾਂ ਵਧ ਗਈ ਹੈ, ਮਈ ਵਿੱਚ 1.6-5.8 ਪ੍ਰਤੀਸ਼ਤ ਤੋਂ ਵਧ ਕੇ ਜੁਲਾਈ ਵਿੱਚ 12.7-19.9 ਪ੍ਰਤੀਸ਼ਤ ਹੋ ਗਈ ਹੈ, ਜੋ ਅਕਾਲ ਦੀ ਹੱਦ ਨੂੰ ਪਾਰ ਕਰ ਚੁੱਕੀ ਹੈ।

ਵਿਸ਼ਵ ਸਿਹਤ ਸੰਗਠਨ (ਡਬਲਿਊ.ਐਚ.ਓ.) ਨੇ ਚੇਤਾਵਨੀ ਦਿੱਤੀ ਹੈ ਕਿ ਗਾਜ਼ਾ ਵਿੱਚ ਕੁਪੋਸ਼ਣ ਦੀਆਂ ਦਰਾਂ ਖ਼ਤਰਨਾਕ ਪੱਧਰ ਤੱਕ ਪਹੁੰਚ ਗਈਆਂ ਹਨ। 2025 ਵਿੱਚ ਕੁਪੋਸ਼ਣ ਨਾਲ ਜੁੜੀਆਂ 74 ਮੌਤਾਂ ਵਿੱਚੋਂ ਜੁਲਾਈ ਵਿੱਚ ਵੱਡਾ ਵਾਧਾ ਦੇਖਿਆ ਗਿਆ ਹੈ। ਇਜ਼ਰਾਇਲ ਵੱਲੋਂ ਲਾਗੂ ਕੀਤੀਆਂ ਗਈਆਂ ਪਾਬੰਦੀਆਂ ਕਾਰਨ ਭੋਜਨ ਅਤੇ ਮੈਡੀਕਲ ਸਪਲਾਈਆਂ ਨੂੰ ਰੋਕਿਆ ਜਾ ਰਿਹਾ ਹੈ, ਜਿਸ ਨਾਲ ਭੁੱਖ ਨਾਲ ਮੌਤਾਂ ਵਧ ਰਹੀਆਂ ਹਨ। ਐਮਨੈਸਟੀ ਇੰਟਰਨੈਸ਼ਨਲ ਨੇ ਨਵੀਆਂ ਗਵਾਹੀਆਂ ਨਾਲ ਖੁਲਾਸਾ ਕੀਤਾ ਹੈ ਕਿ ਇਜ਼ਰਾਇਲ ਵੱਲੋਂ ਗਾਜ਼ਾ ਵਿੱਚ ਫਲਿਸਤੀਨੀਆਂ ਨੂੰ ਭੁੱਖਮਰੀ ਨਾਲ ਮਾਰਨਾ ਜਾਣ-ਬੁੱਝ ਕੇ ਬਣਾਈ ਨੀਤੀ ਹੈ।

ਗਾਜ਼ਾ ਵਿੱਚ ਹੁਣ ਤੱਕ ਦੀ ਸਥਿਤੀ ਨੂੰ ਵੇਖਦੇ ਹੋਏ, ਵਿਸ਼ਲੇਸ਼ਕਾਂ ਅਨੁਸਾਰ ਇਹ ਅਕਾਲ ਮਨੁੱਖੀ ਅਧਿਕਾਰਾਂ ਦੀ ਵੱਡੀ ਉਲੰਘਣਾ ਹੈ। ਯੂ.ਐਨ. ਏਜੰਸੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਖੁਰਾਕ ਅਤੇ ਪੋਸ਼ਣ ਸੂਚਕਾਂ ਨੇ ਅਕਾਲ ਦੀਆਂ ਹੱਦਾਂ ਨੂੰ ਪਾਰ ਕਰ ਲਿਆ ਹੈ। ਗਾਜ਼ਾ ਵਿੱਚ ਭੋਜਨ ਖਪਤ ਅਤੇ ਪੋਸ਼ਣ ਪੱਧਰ ਯੁੱਧ ਸ਼ੁਰੂ ਹੋਣ ਤੋਂ ਬਾਅਦ ਸਭ ਤੋਂ ਮਾੜੇ ਪੱਧਰ 'ਤੇ ਪਹੁੰਚ ਗਏ ਹਨ। ਇਜ਼ਰਾਇਲ ਨੇ ਆਈ.ਪੀ.ਸੀ. ਰਿਪੋਰਟ ਨੂੰ ਗਲਤ ਕਰਾਰ ਦਿੱਤਾ ਹੈ ਅਤੇ ਕਿਹਾ ਹੈ ਕਿ ਇਹ ਹਮਾਸ ਦੀ ਸੇਵਾ ਕਰਦੀ ਹੈ, ਪਰ ਵਿਸ਼ਵ ਨੇਤਾਵਾਂ ਨੇ ਇਸ ਨੂੰ ਮੰਨ ਲਿਆ ਹੈ ਅਤੇ ਮੰਗ ਕੀਤੀ ਹੈ ਕਿ ਹੱਦਾਂ ਖੋਲ੍ਹੀਆਂ ਜਾਣ ਅਤੇ ਮਾਨਵੀ ਸਹਾਇਤਾ ਨੂੰ ਬਿਨਾ ਰੁਕਾਵਟ ਪਹੁੰਚਣ ਦਿੱਤਾ ਜਾਵੇ।



**ਪੇਟ ਦੀ ਭੁੱਖ:** ਫਲਿਸਤੀਨ ਵਿੱਚ ਹਾਲਾਤ ਦੀ ਸਿਤਮਜ਼ਰੀਫੀ ਬਿਆਨ ਰਹੀ ਇੱਕ ਤਸਵੀਰ

ਇਸ ਸੰਕਟ ਨੇ ਵਿਸ਼ਵ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਕੈਨੇਡਾ, ਯੂ.ਕੇ. ਅਤੇ ਫਰਾਂਸ ਵਰਗੇ ਦੇਸ਼ਾਂ ਨੇ ਸਾਂਝੇ ਬਿਆਨ ਵਿੱਚ ਇਜ਼ਰਾਇਲ ਨੂੰ ਗਾਜ਼ਾ ਵਿੱਚ ਫੌਜੀ ਕਾਰਵਾਈਆਂ ਰੋਕਣ ਅਤੇ ਮਾਨਵੀ ਸਹਾਇਤਾ ਨੂੰ ਤੁਰੰਤ ਪਹੁੰਚਣ ਦੇਣ ਦੀ ਅਪੀਲ ਕੀਤੀ ਹੈ। ਇਜ਼ਰਾਇਲ ਨੇ ਹਾਲਾਂਕਿ ਕੁਝ ਰੂਟ ਖੋਲ੍ਹਣ ਦਾ ਐਲਾਨ ਕੀਤਾ ਹੈ, ਪਰ ਯੂ.ਐਨ. ਨੇ ਕਿਹਾ ਹੈ ਕਿ ਇਹ ਕਾਫ਼ੀ ਨਹੀਂ ਹੈ ਅਤੇ 'ਵਿਨਾਸ਼ਕਾਰੀ ਭੁੱਖ' ਦਾ ਖ਼ਤਰਾ ਬਣਿਆ ਹੋਇਆ ਹੈ।

ਵਿਕੀਪੀਡੀਆ ਅਤੇ ਹੋਰ ਸਰੋਤਾਂ ਅਨੁਸਾਰ, 30 ਜੁਲਾਈ 2025 ਤੱਕ ਗਾਜ਼ਾ ਯੁੱਧ ਵਿੱਚ 63,000 ਤੋਂ ਵੱਧ ਲੋਕ ਮਾਰੇ ਗਏ ਹਨ, ਜਿਨ੍ਹਾਂ ਵਿੱਚ 61,805 ਫਲਿਸਤੀਨੀ ਸ਼ਾਮਲ ਹਨ। ਵਿਦਵਾਨਾਂ ਨੇ ਅੰਦਾਜ਼ਾ ਲਾਇਆ ਹੈ ਕਿ ਮਾਰੇ ਗਏ ਫਲਿਸਤੀਨੀਆਂ ਵਿੱਚੋਂ 80% ਨਾਗਰਿਕ ਹਨ। ਓ.ਐਚ.ਸੀ.ਐਚ.ਆਰ. ਦੇ ਅਧਿਐਨ ਨੇ ਪਾਇਆ ਕਿ ਰਿਹਾਇਸ਼ੀ ਇਮਾਰਤਾਂ ਵਿੱਚ ਮਾਰੇ ਗਏ ਫਲਿਸਤੀਨੀਆਂ ਵਿੱਚੋਂ 70% ਔਰਤਾਂ ਅਤੇ ਬੱਚੇ ਸਨ। ਇਸ ਤੋਂ ਇਲਾਵਾ ਯੁੱਧ ਨਾਲ ਜੁੜੀਆਂ ਮੌਤਾਂ ਜਿਵੇਂ ਬਿਮਾਰੀਆਂ ਅਤੇ ਜਨਮ ਸਮੱਸਿਆਵਾਂ ਨਾਲ ਹਜ਼ਾਰਾਂ ਵਾਧੂ ਮੌਤਾਂ ਦੀ ਭਵਿੱਖਬਾਣੀ ਕੀਤੀ ਗਈ ਹੈ। ਲੈਂਸੈਟ ਵਿੱਚ ਪ੍ਰਕਾਸ਼ਿਤ ਇੱਕ ਪੀਅਰ-ਰਿਵਿਊਡ ਅਧਿਐਨ ਨੇ ਅਕਤੂਬਰ 2023 ਤੋਂ 30 ਜੂਨ 2024 ਤੱਕ ਗਾਜ਼ਾ ਯੁੱਧ ਵਿੱਚ ਮੌਤਾਂ ਦਾ ਵਿਸ਼ਲੇਸ਼ਣ ਕੀਤਾ ਅਤੇ ਅੰਦਾਜ਼ਾ ਲਾਇਆ ਕਿ ਇਸ ਅਰਸੇ ਵਿੱਚ ਟ੍ਰੌਮੈਟਿਕ ਸੱਟਾਂ ਨਾਲ 64,260 ਮੌਤਾਂ ਹੋਈਆਂ ਹਨ, ਅਤੇ ਅਕਤੂਬਰ 2024 ਤੱਕ 70,000 ਤੋਂ ਵੱਧ ਹੋ ਸਕਦੀਆਂ ਹਨ, ਜਿਨ੍ਹਾਂ ਵਿੱਚੋਂ 59.1% ਔਰਤਾਂ, ਬੱਚੇ ਅਤੇ ਬਜ਼ੁਰਗ ਸਨ।

ਅਲ ਜਜ਼ੀਰਾ ਅਤੇ ਨਿਊ ਯਾਰਕ ਟਾਈਮਜ਼ ਵਰਗੇ ਮੀਡੀਆ ਨੇ ਰਿਪੋਰਟ ਕੀਤਾ ਹੈ ਕਿ ਗਾਜ਼ਾ ਵਿੱਚ ਘੱਟੋ-ਘੱਟ 62,614 ਫਲਿਸਤੀਨੀ ਮਾਰੇ ਗਏ ਹਨ ਅਤੇ 1.57 ਲੱਖ ਤੋਂ ਵੱਧ ਜ਼ਖ਼ਮੀ ਹੋਏ ਹਨ। ਇਸ ਵਿੱਚ 217 ਪੱਤਰਕਾਰ, 120 ਵਿਦਵਾਨ ਅਤੇ 224 ਤੋਂ ਵੱਧ ਮਾਨਵੀ ਸਹਾਇਤਾ ਵਰਕਰ ਸ਼ਾਮਲ ਹਨ। ਗਾਜ਼ਾ ਵਿੱਚ ਅਪਾਹਜ ਬੱਚਿਆਂ ਦੀ ਗਿਣਤੀ ਪ੍ਰਤੀ ਵਿਅਕਤੀ ਸੰਸਾਰ ਵਿੱਚ ਸਭ ਤੋਂ ਵੱਧ ਹੈ। ਇਸ ਅਕਾਲ ਤੇ ਯੁੱਧ ਨੇ ਗਾਜ਼ਾ ਨੂੰ ਵਿਨਾਸ਼ਕਾਰੀ ਬਣਾ ਦਿੱਤਾ ਹੈ। ਇਜ਼ਰਾਇਲ ਨੇ ਗਾਜ਼ਾ ਵਿੱਚ ਬਹੁਤ ਵੱਡੀ ਤਬਾਹੀ ਮਚਾਈ ਹੈ। ਪੱਤਰਕਾਰਾਂ, ਸਿਹਤ ਵਰਕਰਾਂ ਅਤੇ ਸਹਾਇਤਾ ਵਰਕਰਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਲਗਭਗ ਸਾਰੇ 2.3 ਮਿਲੀਅਨ ਫਲਿਸਤੀਨੀ ਉਜੜ ਚੁੱਕੇ ਹਨ। ਵਿਸ਼ਵ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਅਜਿਹੇ ਸੰਕਟ ਨੂੰ ਰੋਕਣਾ ਸਾਂਝੀ ਜ਼ਿੰਮੇਵਾਰੀ ਹੈ। ਯੂ.ਐਨ. ਅਤੇ ਵਿਸ਼ਵ ਨੇਤਾਵਾਂ ਨੂੰ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਜੋ ਹੋਰ ਜਾਨਾਂ ਬਚਾਈਆਂ ਜਾ ਸਕਣ। ਇਹ ਅਕਾਲ ਨਾ ਸਿਰਫ ਗਾਜ਼ਾ ਦਾ ਹੈ, ਬਲਕਿ ਮਨੁੱਖਤਾ ਦੀ ਅਸਫਲਤਾ ਹੈ।

# ਪੰਜਾਬ ਨੂੰ ਹੁਣ ਪਾਣੀ ਦੀ ਪਰਲੋ ਦਰਪੇਸ਼

***ਇੱਕ ਲੱਖ ਤੋਂ ਵੱਧ ਏਕੜ ਫਸਲ ਤਬਾਹ *ਇਸ ਸੰਕਟ ਦੀ ਘੜੀ ਕੇਂਦਰ ਦੇਵੇਗਾ ਪੰਜਾਬ ਦੇ ਜੀ.ਐਸ.ਟੀ. ਬਕਾਏ?**

**ਸਫਾ ਇੱਕ ਦੀ ਬਾਕੀ...**

ਅਤੇ ਭਵਿੱਖ ਵਿੱਚ ਇਸ ਤਰ੍ਹਾਂ ਦੀ ਸਥਿਤੀ ਨਾਲ ਨਿਪਟਣ ਲਈ ਬਦਲਵੇਂ ਪ੍ਰਬੰਧ ਕੀਤੇ ਜਾਣਗੇ। ਕੁਝ ਪਿੰਡਾਂ ਦੇ ਕਿਸਾਨਾਂ ਨਾਲ ਮੁੱਖ ਮੰਤਰੀ ਨੇ ਹੜ੍ਹਾਂ ਦੀ ਮਾਰ ਬਾਰੇ ਗੱਲਬਾਤ ਵੀ ਕੀਤੀ। ਇਸ ਤੋਂ ਇਲਾਵਾ ਫਾਜ਼ਿਲਕਾ, ਤਰਨਤਾਰਨ, ਸੁਲਤਾਨਪੁਰ ਲੋਧੀ, ਲੋਹੀਆਂ, ਹੁਸ਼ਿਆਰਪੁਰ ਆਦਿ ਖੇਤਰਾਂ ਵਿੱਚ ਪੰਜਾਬ ਸਰਕਾਰ ਦੇ ਹੋਰ ਮੰਤਰੀਆਂ ਨੇ ਦੌਰੇ ਕੀਤੇ ਅਤੇ ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਜਾਇਜ਼ਾ ਲਿਆ। ਸਥਿਤੀ ਨਾਲ ਨਿਪਟਣ ਲਈ ਕੇਂਦਰ ਸਰਕਾਰ ਨੇ ਹਾਲੇ ਕੋਈ ਪ੍ਰਤੀਕਰਮ ਨਹੀਂ ਦਿੱਤਾ, ਪਰ ਕੇਂਦਰ ਵਿੱਚ ਸੱਤਾਧਾਰੀ ਮੁੱਖ ਪਾਰਟੀ ਭਾਜਪਾ, ਪੰਜਾਬ ਦੇ ਪਿੰਡਾਂ ਵਿੱਚ ਆਪਣਾ ਵੋਟ ਬੈਂਕ ਵਧਾਉਣ ਲਈ ਸਿਰ ਤੋੜ ਯਤਨ ਕਰ ਰਹੀ ਹੈ। ਆਪਣੇ ਇਸ ਸਿਆਸੀ ਮਕਸਦ ਲਈ ਹੀ ਸਹੀ, ਕੀ ਪੰਜਾਬ ਦੇ ਭਾਜਪਾ ਆਗੂਆਂ ਨੂੰ ਕੇਂਦਰ ਸਰਕਾਰ ਵੱਲ ਫਸੇ ਪੰਜਾਬ ਦੇ ਜੀ.ਐਸ.ਟੀ. ਦੇ ਬਕਾਏ ਕਢਵਾਉਣ ਵਿੱਚ ਮਦਦ ਨਹੀਂ ਕਰਨੀ ਚਾਹੀਦੀ? ਬਿਪਤਾ ਵਿੱਚ ਫਸੇ ਲੋਕਾਂ ਨੂੰ ਸਰਕਾਰੀ ਅਧਿਕਾਰੀਆਂ ਦੇ ਫੋਕੇ ਦੌਰੇ ਕੋਈ ਰਾਹਤ ਨਹੀਂ ਦੇ ਸਕਦੇ। ਸਗੋਂ ਲੋਕਾਂ ਤੱਕ ਹਰ ਕਿਸਮ ਦੀ ਰਾਹਤ ਪਹੁੰਚਾਉਣ ਲਈ ਜਿਸ ਕਦਰ ਸਰਕਾਰੀ ਪ੍ਰਸ਼ਾਸਨ ਸਰਗਰਮ ਹੋਣਾ ਚਾਹੀਦਾ ਹੈ, ਉਹ ਨਹੀਂ ਵੇਖਿਆ ਜਾ ਰਿਹਾ।

ਉਂਝ ਵੀ ਬੀਤੇ ਕਈ ਦਹਾਕਿਆਂ ਤੋਂ ਤਕਰੀਬਨ ਹਰ ਸਾਲ ਪੰਜਾਬ ਦੇ ਲੋਕਾਂ ਨੂੰ ਹੜ੍ਹਾਂ ਦੀ ਮਾਰ ਪੈ ਰਹੀ ਹੈ। ਜਿਉਂ ਜਿਉਂ ਹਿਮਾਚਲ, ਜੰਮੂ-ਕਸ਼ਮੀਰ, ਉਤਰਾਂਚਲ ਆਦਿ ਖੇਤਰਾਂ ਵਿੱਚ ਵੱਡੇ ਹਾਈਵੇਜ਼ ਦਾ ਜਾਲ ਵਿਛ ਰਿਹਾ ਹੈ, ਦਰਖਤਾਂ ਦੀ ਕਟਾਈ ਹੋ ਰਹੀ, ਵੱਡੇ ਡੈਮ ਬਣਾਏ ਜਾ ਰਹੇ ਹਨ, ਤਿਉਂ ਤਿਉਂ ਕੁਦਰਤ ਦੀ ਮਾਰ ਵੀ ਵਧ ਰਹੀ ਹੈ। ਇਕਦਮ ਬੱਦਲ ਫਟਣ, ਬਹੁਤ ਜ਼ਿਆਦਾ ਮੀਂਹ ਪੈਣ ਜਾਂ ਬਹੁਤ ਜ਼ਿਆਦਾ ਬਰਫਬਾਰੀ ਹੋਣ ਦੀਆਂ ਘਟਨਾਵਾਂ ਵੀ ਵਧ ਰਹੀਆਂ ਹਨ। ਪਹਾੜਾਂ ਦੀ ਕੁਦਰਤੀ ਜਤਣੀ, ਬਨਸਪਤੀ ਅਤੇ ਜੀਵ ਵਿਲੱਖਣਤਾ ਨੂੰ ਉਜਾੜ ਕੇ ਜਿਸ ਕਿਸਮ ਦੇ ਵਿਕਾਸ ਦੇ ਮਗਰ ਕੇਂਦਰ ਸਰਕਾਰ ਪਈ ਹੋਈ ਹੈ, ਮੌਜੂਦਾ ਹੜ੍ਹ ਜ਼ਿਆਦਾ ਕਰਕੇ ਉਸੇ ਦੀ ਦੇਣ ਹਨ। ਜਿਵੇਂ ਕਿ ਆਮ ਵਿਖਾਈ ਦੇ ਰਿਹਾ ਹੈ, ਇਹ ਕੁਦਰਤੀ ਮਾਰ ਨਹੀਂ ਹੈ, ਮਨੁੱਖ ਵੱਲੋਂ ਆਪ ਪੈਦਾ ਕੀਤੀਆਂ ਆਫਤਾਂ ਹਨ। ਮੌਸਮੀ ਤਬਦੀਲੀਆਂ ਕਾਰਨ ਐਕਸਟਰੀਮ ਵੈਦਰ ਕੰਡੀਸ਼ਨਜ਼ ਵੀ ਇਸ ਬਰਬਾਦੀ ਵਿੱਚ ਆਪਣਾ ਹਿੱਸਾ ਪਾ ਰਹੀਆਂ ਹਨ। ਕੁਦਰਤੀ ਪਾਣੀ ਦੇ ਵਹਾਅ ਵਾਲੀਆਂ ਨਦੀਆਂ-ਚੋਆਂ ਆਦਿ 'ਤੇ ਵੀ ਸਾਡੇ ਇੱਥੇ ਉਸਾਰੀਆਂ ਕਰ ਲਈਆਂ ਗਈਆਂ ਹਨ। ਇਹ ਕੋਈ ਮਾੜੇ ਮਰਦੇ ਲੋਕਾਂ ਵੱਲੋਂ ਮਜਬੂਰੀ ਵੱਸ ਕੀਤੀਆਂ ਗਈਆਂ ਉਸਾਰੀਆਂ ਨਹੀਂ ਹਨ, ਸਗੋਂ ਇਹ ਸਰਕਾਰ ਦੀ ਮਿਲੀ ਭੁਗਤ ਜਾਂ ਫਿਰ ਸਿਆਸੀ ਬੰਦਿਆਂ ਅਤੇ ਵੱਡੇ ਅਫਸਰਾਂ ਵੱਲੋਂ ਆਪ ਜਾਂ ਆਪਣੇ ਰਿਸ਼ਤੇਦਾਰਾਂ ਰਾਹੀਂ ਕੀਤੀਆਂ ਗਈ ਉਸਾਰੀਆਂ ਹਨ।

ਦੁਖਦ ਗੱਲ ਇਹ ਹੈ ਕਿ ਇਸ ਸਾਰੇ ਕੁਝ ਦੇ ਕਾਰਨ ਮਾਰ ਸਭ ਤੋਂ ਜ਼ਿਆਦਾ ਦਰਿਆਵਾਂ ਅਤੇ ਹੋਰ ਪਾਣੀ ਦੇ ਵਹਾਅ ਦੇ ਨਜ਼ਦੀਕ ਵੱਸਣ ਵਾਲੇ ਗਰੀਬ ਅਤੇ ਮੱਧਵਰਗੀ ਲੋਕਾਂ ਨੂੰ ਪੈ ਰਹੀ ਹੈ। ਰਾਵੀ, ਬਿਆਸ, ਸਤਲੁਜ ਅਤੇ ਘੱਗਰ ਕਾਰਨ ਹਰ ਦੂਜੇ-ਤੀਜੇ ਸਾਲ ਪੰਜਾਬ ਵਿੱਚ ਹਜ਼ਾਰਾਂ ਏਕੜ ਫਸਲ ਬਰਬਾਦ ਹੁੰਦੀ ਹੈ, ਪਰ 1947 ਤੋਂ ਬਾਅਦ ਹਾਲੇ ਤੱਕ ਵੀ ਇਸ ਦਾ ਕੋਈ ਪਾਏਦਾਰ ਹੱਲ ਸਾਡੇ ਕੋਲੋਂ ਨਹੀਂ ਹੋ ਸਕਿਆ। ਮੁੱਖ ਮੰਤਰੀ ਨੇ ਬੀਤੇ ਦਿਨੀਂ ਕਿਹਾ ਕਿ ਆਉਂਦੇ ਸਮੇਂ ਵਿੱਚ ਇਸ ਦੇ ਬਦਲਵੇਂ ਹੱਲ ਕੀਤੇ ਜਾਣਗੇ। ਪਿਛਲੇ ਪੌਣੇ ਚਾਰ ਸਾਲ ਤਾਂ ਇਸ ਕਿਸਮ ਦਾ ਬਦਲਵਾਂ ਹੱਲ ਕੱਢੇ ਤੋਂ ਬਗੈਰ ਹੀ ਲੰਘਾ ਦਿੱਤੇ! ਹੁਣ ਸਿਆਸੀ ਗੱਡੀ ਚੋਣ ਗਿਅਰ ਵਿੱਚ ਹੈ, ਹੁਣ ਇਹਦਾ ਬਦਲਵਾਂ ਅਤੇ ਪਾਏਦਾਰ ਹੱਲ ਕਿਵੇਂ ਕੱਢੋਗੇ? ਮੁੱਖ ਮੰਤਰੀ, ਮੰਤਰੀ, ਹਵਾਈ ਸਰਵੇ ਕਰਕੇ ਫੋਟੋਆਂ ਖਿਚਵਾ ਸਕਦੇ ਹਨ, ਪਰ ਪੱਲਿਉਂ ਕੁਝ ਦੇਣ ਜੋਗੇ ਨਹੀਂ। ਭਾਜਪਾ ਦੀ ਅਗਵਾਈ ਵਿੱਚ ਪਿਛਲੇ ਡੇੜ ਦਹਾਕੇ ਵਿੱਚ ਹੋਏ ਕੇਂਦਰੀਕਰਨ ਨੇ ਸੂਬੇ ਵਿੱਤੀ ਤੌਰ 'ਤੇ ਨੰਗ ਕਰ ਦਿੱਤੇ ਹਨ। ਪੰਜਾਬ ਦਾ ਵੀ 8000 ਕਰੋੜ ਰੁਪਿਆ ਜੀ.ਐਸ.ਟੀ. ਦਾ ਬਕਾਇਆ ਕੇਂਦਰ ਵੱਲ ਪਿਆ ਹੈ, ਪਰ ਪੰਜਾਬ ਸਰਕਾਰ ਦੇ ਤਰਲਿਆਂ ਅੱਗੇ ਵੀ ਕੇਂਦਰ ਦਾ ਮਨ ਨਹੀਂ ਪਿਘਲ ਰਿਹਾ। ਇਸ ਆਫਤ ਦੀ ਘੜੀ ਸੁਆਲ ਪਾ ਕੇ ਵੇਖੋ, ਸ਼ਾਇਦ ਪੱਥਰ 'ਤੇ ਬੂੰਦ ਪੈ ਹੀ ਜਾਵੇ!

ਪੰਜਾਬ ਦੀ ਵਿੱਤੀ, ਸਿਆਸੀ ਅਤੇ ਸੱਭਿਆਚਾਰਕ ਖ਼ੁਦਮੁਖ਼ਤਾਰੀ ਲਈ ਲੜਨ ਜੋਗੀ ਪੰਜਾਬ ਸਰਕਾਰ ਵਿੱਚ ਸੱਤਿਆ ਨਹੀਂ ਹੈ। 'ਆਪ' ਦਾ ਸਵੈ ਸੇਵੀ ਕਿਸਮ ਦਾ ਸਿਆਸੀ ਸੱਭਿਆਚਾਰ ਵਿਚਾਰਧਾਰਕ ਤੌਰ 'ਤੇ ਭਾਜਪਾ ਤੋਂ ਵੱਖਰਾ ਨਹੀਂ ਹੈ। ਇਸ ਲਈ ਤਾਕਤਾਂ ਦੇ ਵਿਕੇਂਦਰੀਕਰਨ ਦਾ ਉਸ ਕੋਲ ਕੋਈ ਏਜੰਡਾ ਹੀ ਨਹੀਂ ਹੈ। ਭਾਰਤੀ ਯੂਨੀਅਨ ਵਿੱਚ ਆਮ ਲੋਕਾਂ ਦੀ ਵੀ ਪੰਜਾਬ ਨਾਲ ਮਾਮੂਲੀ ਹਮਦਰਦੀ ਹੈ। ਜਦੋਂ ਕਿਸੇ ਹੋਰ/ਦੁਰਾਡੇ ਸੂਬੇ ਵਿੱਚ ਆਫਤ ਆਉਂਦੀ ਹੈ ਤਾਂ ਪੀਲੀਆਂ ਪੱਗਾਂ ਅਤੇ ਪੀਲੇ ਝੰਡਿਆਂ ਵਾਲੇ ਸਰਦਾਰ ਬਾਬੇ ਹਰ ਥਾਂ ਲੰਗਰ ਸਮੇਤ ਹੋਰ ਸਾਜ਼ੋ ਸਮਾਨ ਲੈ ਕੇ ਸਰਕਾਰਾਂ ਨਾਲੋਂ ਪਹਿਲਾਂ ਪੁੱਜ ਜਾਂਦੇ ਹਨ; ਪਰ ਬਿਪਤਾਵਾਂ ਜਦੋਂ ਪੰਜਾਬ ਨੂੰ ਘਚੱਲਦੀਆਂ ਹਨ ਤਾਂ ਕੋਈ ਨਹੀਂ ਬਹੁੜਦਾ। ਇਸ ਵਰਤਾਰੇ ਨੂੰ ਪੰਜਾਬ ਦੇ ਲੋਕਾਂ ਨੂੰ ਨੀਝ ਨਾਲ ਵੇਖਣਾ ਚਾਹੀਦਾ ਹੈ ਕਿ ਸਾਡੀਆਂ ਚੰਗਿਆਈਆਂ ਨਾਲ ਬਾਕੀ ਹਿੰਦੁਸਤਾਨ ਨੂੰ ਇਸ ਕਦਰ ਨਫਰਤ ਕਿਉਂ ਹੈ? ਇਸ ਨਾਲ ਤੁਹਾਨੂੰ ਇਸ ਵਿਤਕਰੇਬਾਜ਼ੀ ਦੇ ਬਹੁਤ ਸਾਰੇ ਕਾਰਨ ਲੱਭਣਗੇ। ਇਨ੍ਹਾਂ ਕਾਰਨਾਂ ਨੇ ਹੀ ਭਵਿੱਖ ਵਿੱਚ ਆਪਣੇ ਗੁਆਂਢੀਆਂ ਪ੍ਰਤੀ ਤੁਹਾਡਾ ਵਿਹਾਰ ਤੈਅ ਕਰਨਾ ਹੈ। ਸਾਡੀ ਅਫਸਰਸ਼ਾਹੀ ਵੀ ਅਜੀਬ ਕਿਸਮ ਦੇ ਜੀਵਾਂ ਨਾਲ ਭਰੀ ਪਈ ਹੈ, ਜਿਹੜੇ ਇਨ੍ਹਾਂ ਆਫਤਾਂ ਵੇਲੇ ਵੀ ਲੋਕਾਂ ਦੀ ਜੇਬ ਕੱਟਣ ਤੋਂ ਬਾਜ਼ ਨਹੀਂ ਆਉਂਦੇ। ਰਾਹਤਾਂ/ਮੁਆਵਜ਼ੇ ਵੀ ਆਪਣੇ ਹਿੱਸੇ ਕੱਟ-ਕਟਾ ਕੇ ਮਿਲਦੇ ਹਨ। ਕਈ ਧਮਾਤੜਾਂ ਦੇ ਹੱਥ ਤਾਂ ਅੱਡੇ ਹੀ ਰਹਿ ਜਾਂਦੇ ਹਨ ਤੇ ਉਨ੍ਹਾਂ ਦੇ ਹਿੱਸੇ ਦੀ ਰਾਹਤ ਸਰਦੇ-ਪੁੱਜਦੇ ਘਰਾਂ ਵਿੱਚ ਜਾ ਵੜਦੀ ਹੈ। ਆਰਥਕ ਅਤੇ ਸੱਭਿਆਚਾਰਕ ਮਾਰਾਂ ਤੋਂ ਬਾਅਦ ਸਾਡੀ ਇਖਲਾਕੀ ਅਤੇ ਆਤਮਕ ਸ਼ਕਤੀ ਵੀ ਜੁਆਬ ਦੇ ਰਹੀ ਹੈ। ਮੁੱਕਦੀ ਗੱਲ, ਅਸੀਂ ਬਹੁਤ ਵੱਡੇ ਸੰਕਟ ਦਾ ਸ਼ਿਕਾਰ ਹਾਂ, ਪਰ ਇਸ ਨੂੰ ਸਮਝਣ ਅਤੇ ਇਸ ਨਾਲ ਮਤਿੱਕਣ ਦੀ ਸਾਡੀ ਕੋਸ਼ਿਸ਼ ਇੰਨੀ ਵੱਡੀ ਨਹੀਂ; ਜਾਂ ਕਹਿ ਸਕਦੇ ਹਾਂ ਕਿ ਇਸ ਦੇ ਮੁਕਾਬਲੇ ਦੀ ਨਹੀਂ।

# ਭਾਰਤ ਤੋਂ ਬਾਅਦ ਯੂਰਪ ਵੱਲੋਂ ਵੀ ਅਮਰੀਕਾ ਨੂੰ ਪਾਰਸਲ ਭੇਜਣ ‘ਤੇ ਰੋਕ

ਪੰਜਾਬੀ ਪਰਵਾਜ਼ ਬਿਊਰੋ




ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਲਾਗੂ ਕੀਤੇ ਗਏ ਨਵੇਂ ਦਰਾਮਦੀ ਟੈਰਿਫਾਂ ਕਾਰਨ ਅੰਤਰਰਾਸ਼ਟਰੀ ਵਪਾਰ ਵਿੱਚ ਵੱਡੀ ਉਥਲ-ਪੁਥਲ ਮਚ ਗਈ ਹੈ। ਭਾਰਤ ਤੋਂ ਬਾਅਦ ਹੁਣ ਯੂਰਪ ਦੇ ਕਈ ਦੇਸ਼ਾਂ ਦੀਆਂ ਡਾਕ ਸੇਵਾਵਾਂ ਨੇ ਅਮਰੀਕਾ ਨੂੰ ਪਾਰਸਲ ਭੇਜਣ ਨੂੰ ਅਸਥਾਈ ਤੌਰ ‘ਤੇ ਰੋਕ ਦਿੱਤਾ ਹੈ। ਇਹ ਫੈਸਲਾ ਅਮਰੀਕੀ ਟੈਰਿਫਾਂ ਨਾਲ ਜੁੜੀ ਅਸਪੱਸ਼ਟਤਾ ਕਾਰਨ ਲਿਆ ਗਿਆ ਹੈ, ਜਿਸ ਨਾਲ ਵਪਾਰੀਆਂ ਅਤੇ ਖਪਤਕਾਰਾਂ ਵਿੱਚ ਚਿੰਤਾ ਵਧ ਗਈ ਹੈ। ਜਰਮਨੀ, ਡੈਨਮਾਰਕ, ਸਵੀਡਨ ਅਤੇ ਇਟਲੀ ਦੀਆਂ ਡਾਕ ਸੇਵਾਵਾਂ ਨੇ ਤੁਰੰਤ ਪ੍ਰਭਾਵ ਨਾਲ ਅਮਰੀਕਾ ਨੂੰ ਜ਼ਿਆਦਾਤਰ ਵਪਾਰਕ ਸਮਾਨ ਵਾਲੇ ਪਾਰਸਲ ਭੇਜਣ ਨੂੰ ਰੋਕ ਦਿੱਤਾ ਹੈ। ਫਰਾਂਸ ਅਤੇ ਆਸਟਰੀਆ ਨੇ ਸੋਮਵਾਰ ਤੋਂ ਅਤੇ ਬ੍ਰਿਟੇਨ ਨੇ ਮੰਗਲਵਾਰ ਤੋਂ ਇਹ ਕਦਮ ਚੁੱਕਣ ਦਾ ਐਲਾਨ ਕੀਤਾ ਹੈ।

ਪਿਛਲੇ ਮਹੀਨੇ ਰਾਸ਼ਟਰਪਤੀ ਟਰੰਪ ਨੇ ਇੱਕ ਕਾਰਜਕਾਰੀ ਆਦੇਸ਼ ‘ਤੇ ਹਸਤਾਖਰ ਕੀਤੇ ਸਨ, ਜਿਸ ਅਨੁਸਾਰ ਹੁਣ ਵਿਦੇਸ਼ੀ ਵਸਤੂਆਂ ‘ਤੇ ਵੀ ਟੈਰਿਫ ਲੱਗੇਗਾ, ਜੋ ਪਹਿਲਾਂ 800 ਡਾਲਰ ਤੋਂ ਘੱਟ ਹੋਣ ‘ਤੇ ਡਿਊਟੀ ਮੁਕਤ ਸਨ। ਹਾਲਾਂਕਿ ਪੱਤਰਾਂ, ਕਿਤਾਬਾਂ, ਤੋਹਫ਼ਿਆਂ ਅਤੇ 100 ਡਾਲਰ ਤੋਂ ਘੱਟ ਵਾਲੇ ਛੋਟੇ ਪਾਰਸਲਾਂ ‘ਤੇ ਇਹ ਨਿਯਮ ਲਾਗੂ ਨਹੀਂ ਹੋਵੇਗਾ। ਅਮਰੀਕਾ ਅਤੇ ਯੂਰਪੀਅਨ ਯੂਨੀਅਨ (ਈ.ਯੂ.) ਵਿਚਾਲੇ ਪਿਛਲੇ ਮਹੀਨੇ ਹੋਏ ਵਪਾਰ ਸਮਝੌਤੇ ਵਿੱਚ ਇਹ ਨਿਰਧਾਰਤ ਕੀਤਾ ਗਿਆ ਸੀ ਕਿ ਈ.ਯੂ. ਤੋਂ ਆਉਣ ਵਾਲੇ ਜ਼ਿਆਦਾਤਰ ਉਤਪਾਦਾਂ ‘ਤੇ 15 ਫੀਸਦੀ ਟੈਰਿਫ ਲਗਾਇਆ ਜਾਵੇਗਾ।

ਕਈ ਯੂਰਪੀਅਨ ਡਾਕ ਸੇਵਾਵਾਂ ਨੇ ਕਿਹਾ ਹੈ ਕਿ ਉਹ ਡਿਲੀਵਰੀ ਰੋਕ ਰਹੀਆਂ ਹਨ, ਕਿਉਂਕਿ ਉਨ੍ਹਾਂ ਨੂੰ ਇਹ ਵਿਸ਼ਵਾਸ ਨਹੀਂ ਹੈ ਕਿ ਭੇਜੇ ਗਏ ਸਮਾਨ 29 ਅਗਸਤ ਤੋਂ ਪਹਿਲਾਂ ਅਮਰੀਕਾ ਪਹੁੰਚ ਜਾਣਗੇ। ਇਸ ਤੋਂ ਇਲਾਵਾ ਇਹ ਵੀ ਸਪੱਸ਼ਟ ਨਹੀਂ ਹੈ ਕਿ ਕਿਹੜੀਆਂ ਵਸਤੂਆਂ ‘ਤੇ ਟੈਰਿਫ ਲਾਗੂ ਹੋਵੇਗਾ ਅਤੇ ਉਨ੍ਹਾਂ ਨੂੰ ਨਵੀਂ ਪ੍ਰਕਿਰਿਆ ਨੂੰ ਸਮਝਣ ਅਤੇ ਲਾਗੂ ਕਰਨ ਲਈ ਸਮਾਂ ਵੀ ਨਹੀਂ ਮਿਲਿਆ ਹੈ। ਡਾਇਚੇ ਪੋਸਟ ਅਤੇ ਡੀ.ਐਚ.ਐਲ. ਪਾਰਸਲ ਜਰਮਨੀ ਨੇ ਕਿਹਾ ਕਿ ਉਹ ਹੁਣ ਅਮਰੀਕਾ ਲਈ ਵਪਾਰਕ ਗਾਹਕਾਂ ਦੇ ਸਮਾਨ ਵਾਲੇ ਪਾਰਸਲ ਸਵੀਕਾਰ ਨਹੀਂ ਕਰਨਗੇ ਤੇ ਉਨ੍ਹਾਂ ਨੂੰ ਭੇਜ ਨਹੀਂ ਸਕਣਗੇ। ਨੌਰਡਿਕ ਲੌਜਿਸਟਿਕ ਕੰਪਨੀ ਪੋਸਟਨੌਰਡ ਅਤੇ ਇਟਲੀ ਦੀ ਡਾਕ ਸੇਵਾ ਨੇ ਵੀ ਅਜਿਹੀ ਹੀ ਰੋਕ ਲਾਉਣ ਦਾ ਐਲਾਨ ਕੀਤਾ ਹੈ।

ਪੋਸਟ ਇਟਾਲੀਆਨੇ ਨੇ ਕਿਹਾ ਕਿ ਅਮਰੀਕੀ ਅਧਿਕਾਰੀਆਂ ਤੋਂ ਵੱਖਰੇ ਨਿਰਦੇਸ਼ ਨਾ ਮਿਲਣ ਦੀ ਸਥਿਤੀ ਵਿੱਚ ਇਟਲੀ ਦੀ ਡਾਕ ਸੇਵਾ ਵੀ ਹੋਰ ਯੂਰਪੀਅਨ ਸੇਵਾਵਾਂ ਵਾਂਗ ਅਮਰੀਕਾ ਲਈ ਸਾਰੇ ਵਪਾਰਕ ਪਾਰਸਲਾਂ ਨੂੰ ਅਸਥਾਈ ਤੌਰ ‘ਤੇ ਰੋਕਣ ਲਈ ਮਜਬੂਰ ਹੈ; ਪਰ ਜਿਨ੍ਹਾਂ ਪਾਰਸਲਾਂ ਵਿੱਚ ਕੋਈ ਸਮਾਨ ਨਹੀਂ ਹੈ, ਉਨ੍ਹਾਂ ਨੂੰ ਭੇਜਣਾ ਜਾਰੀ ਰਹੇਗਾ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਡੀ.ਐਚ.ਐਲ. ਐਕਸਪ੍ਰੈੱਸ ਵਰਗੀਆਂ ਸੇਵਾਵਾਂ ਰਾਹੀਂ ਭੇਜਣਾ ਅਜੇ ਵੀ ਸੰਭਵ ਹੈ।

ਇਸ ਵਪਾਰ ਵਿਵਾਦ ਨੂੰ ਹੋਰ ਗੰਭੀਰ ਬਣਾਉਂਦੇ ਹੋਏ, ਭਾਰਤ ਨੇ ਵੀ ਅਮਰੀਕਾ ਨੂੰ ਡਾਕ ਸੇਵਾਵਾਂ ਰੋਕਣ ਦਾ ਫੈਸਲਾ ਕੀਤਾ ਹੈ। ਭਾਰਤ ਪੋਸਟ ਨੇ 25 ਅਗਸਤ ਤੋਂ ਅਮਰੀਕਾ ਲਈ ਸਾਰੀਆਂ ਡਾਕ ਸੇਵਾਵਾਂ ਮੁਅੱਤਲ ਕਰਨ ਦਾ ਐਲਾਨ ਕੀਤਾ, ਜਿਸ ਨੂੰ ਟਰੰਪ ਦੇ ਟੈਰਿਫਾਂ ਵਿਰੁੱਧ ਬਦਲੇ ਵਜੋਂ ਵੇਖਿਆ ਜਾ ਰਿਹਾ ਹੈ। ਟਰੰਪ ਪ੍ਰਸ਼ਾਸਨ ਨੇ ਭਾਰਤ ‘ਤੇ 50 ਫੀਸਦੀ ਟੈਰਿਫ ਲਗਾਉਣ ਦੀ ਧਮਕੀ ਦਿੱਤੀ ਹੈ, ਜਿਸ ਦਾ ਕਾਰਨ ਭਾਰਤ ਵੱਲੋਂ ਰੂਸੀ ਤੇਲ ਖਰੀਦਣਾ ਅਤੇ ਵਪਾਰ ਅਸੰਤੁਲਨ ਨੂੰ ਦੱਸਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਅਮਰੀਕਾ ਨੇ ਭਾਰਤੀ ਵਸਤੂਆਂ ‘ਤੇ 25 ਫੀਸਦੀ ‘ਪ੍ਰਤੀਕ੍ਰਿਆਤਮਕ’ ਟੈਰਿਫ ਲਾਗੂ ਕੀਤਾ ਸੀ, ਜਿਸ ਨਾਲ ਭਾਰਤੀ ਨਿਰਯਾਤਕਾਂ ਨੂੰ ਵੱਡਾ ਝਟਕਾ ਲੱਗਾ ਹੈ।

ਟਰੰਪ ਦੀਆਂ ਨਵੀਆਂ ਵਪਾਰ ਨੀਤੀਆਂ ਨੂੰ ‘ਅਮਰੀਕਾ ਫਸਟ’ ਵਜੋਂ ਜਾਣਿਆ ਜਾਂਦਾ ਹੈ, ਜਿਸ ਵਿੱਚ ਸਾਰੇ ਦਰਾਮਦਾਂ ’ਤੇ ਘੱਟੋ-ਘੱਟ 10 ਫੀਸਦੀ ਟੈਰਿਫ ਲਗਾਉਣ ਦਾ ਪ੍ਰਸਤਾਵ ਹੈ ਅਤੇ ਕੁਝ ਦੇਸ਼ਾਂ ’ਤੇ ਵਧੇਰੇ। ਇਸ ਨੀਤੀ ਨਾਲ ਅਮਰੀਕੀ ਅਰਥਚਾਰੇ ਨੂੰ ਬੂਸਟ ਕਰਨ ਅਤੇ ਨੌਕਰੀਆਂ ਵਧਾਉਣ ਦਾ ਦਾਅਵਾ ਕੀਤਾ ਜਾਂਦਾ ਹੈ, ਪਰ ਅੰਤਰਰਾਸ਼ਟਰੀ ਵਿਸ਼ਲੇਸ਼ਕਾਂ ਅਨੁਸਾਰ ਇਸ ਨਾਲ ਅਮਰੀਕੀ ਘਰਾਂ ਵਿੱਚ ਔਸਤਨ 1300 ਡਾਲਰ ਦਾ ਵਾਧੂ ਟੈਕਸ ਬੋਝ ਪੈ ਸਕਦਾ ਹੈ। 2025 ਵਿੱਚ ਟਰੰਪ ਦੇ ਟੈਰਿਫਾਂ ਨੇ ਫੈਡਰਲ ਟੈਕਸ ਆਮਦਨ ਵਿੱਚ 172 ਅਰਬ ਡਾਲਰ ਦਾ ਵਾਧਾ ਕੀਤਾ ਹੈ, ਜੋ ਜੀ.ਡੀ.ਪੀ. ਦਾ 0.57 ਫੀਸਦੀ ਹੈ; ਪਰ ਇਸ ਨਾਲ ਗਲੋਬਲ ਸਪਲਾਈ ਚੇਨਾਂ ’ਤੇ ਅਸਰ ਪਿਆ ਹੈ ਅਤੇ ਅਮਰੀਕੀ ਬਰਾਮਦਾਂ ’ਤੇ ਪ੍ਰਤੀਕ੍ਰਿਆ ਵਜੋਂ ਟੈਰਿਫ ਲੱਗ ਸਕਦੇ ਹਨ।

ਯੂਰਪ ਵਿੱਚ ਇਹ ਟੈਰਿਫ ਆਟੋਮੋਬਾਈਲ, ਫਾਰਮਾਸਿਊਟੀਕਲ ਗੁਡਜ਼, ਸੈਮੀਕੰਡਕਟਰ ਅਤੇ ਲੱਕੜ ਵਰਗੇ ਉਤਪਾਦਾਂ ‘ਤੇ ਲਾਗੂ ਹਨ, ਪਰ ਵਾਈਨ ਅਤੇ ਚੀਜ਼ ਨੂੰ ਛੋਟ ਦਿੱਤੀ ਗਈ ਹੈ। ਈ.ਯੂ. ਨੇ ਇਸ ਨੂੰ ਵਪਾਰ ਯੁੱਧ ਵਜੋਂ ਵੇਖਦੇ ਹੋਏ ਅਮਰੀਕੀ ਉਤਪਾਦਾਂ ‘ਤੇ ਪ੍ਰਤੀਕ੍ਰਿਆਤਮਕ ਟੈਰਿਫ ਲਾਉਣ ਦੀ ਤਿਆਰੀ ਕੀਤੀ ਹੈ। ਬੀ.ਬੀ.ਸੀ. ਅਨੁਸਾਰ ਇਹ ਸੌਦਾ 15 ਫੀਸਦੀ ਟੈਰਿਫ ਨਾਲ ਬਹੁਤ ਨੁਕਸਾਨਦੇਹ ਨਹੀਂ ਹੈ, ਪਰ ਇਸ ਨਾਲ ਯੂਰਪੀਅਨ ਬਰਾਮਦਕਾਰਾਂ ਨੂੰ ਵੱਡੇ ਨੁਕਸਾਨ ਹੋਣਗੇ। ਫਰਾਂਸ ਅਤੇ ਜਰਮਨੀ ਵਰਗੇ ਦੇਸ਼ਾਂ ਵਿੱਚ ਡਾਕ ਸੇਵਾਵਾਂ ‘ਤੇ ਰੋਕ ਨਾਲ ਖਪਤਕਾਰਾਂ ਨੂੰ ਪੈਕੇਜਾਂ ਵਿੱਚ ਦੇਰੀ ਅਤੇ 80 ਡਾਲਰ ਜਾਂ ਵਧੇਰੇ ਟੈਰਿਫਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਭਾਰਤ ਵਿੱਚ ਟੈਰਿਫਾਂ ਨੇ ਚਮੜੇ ਦੀ ਬਰਾਮਦ ਨੂੰ ਵੱਡਾ ਝਟਕਾ ਦਿੱਤਾ ਹੈ। ਕੋਲਕਾਤਾ ਦੇ ਬਰਾਮਦਕਾਰਾਂ ਨੇ ਕਿਹਾ ਕਿ 50 ਫੀਸਦੀ ਟੈਰਿਫ ਨਾਲ ਉਨ੍ਹਾਂ ਦਾ ਕਾਰੋਬਾਰ ਠੱਪ ਹੋ ਸਕਦਾ ਹੈ ਅਤੇ ਲੱਖਾਂ ਨੌਕਰੀਆਂ ਖਤਰੇ ਵਿੱਚ ਹਨ। ਨਿਊ ਯਾਰਕ ਟਾਈਮਜ਼ ਅਨੁਸਾਰ ਅਮਰੀਕੀ ਦਰਾਮਦਾਂ ‘ਤੇ ਟੈਕਸ ਨਾਲ ਭਾਰਤੀ ਕਾਮਿਆਂ ਦੀ ਰੋਜ਼ੀ-ਰੋਟੀ ਨੂੰ ਨੁਕਸਾਨ ਪਹੁੰਚੇਗਾ। ਭਾਰਤ ਨੇ ਅਮਰੀਕਾ ਨੂੰ ਸਪੱਸ਼ਟ ਸੰਦੇਸ਼ ਦਿੱਤਾ ਹੈ ਕਿ ਉਹ ਰੂਸੀ ਤੇਲ ਖਰੀਦਣਾ ਜਾਰੀ ਰੱਖੇਗਾ ਅਤੇ ਵਪਾਰ ਸੌਦੇ ਲਈ ਗੱਲਬਾਤ ਨੂੰ ਤਰਜੀਹ ਦੇਵੇਗਾ। ਇਸ ਤੋਂ ਇਲਾਵਾ ਭਾਰਤ ਅਤੇ ਚੀਨ ਵਿਚਾਲੇ ਨਵੀਂ ਨੇੜਤਾ ਨਾਲ ਅਮਰੀਕੀ ਨੀਤੀ ਨੂੰ ਚੁਣੌਤੀ ਮਿਲ ਸਕਦੀ ਹੈ, ਜਿਸ ਨਾਲ ਕਵਾਡ ਗਠਜੋੜ ਨੂੰ ਨੁਕਸਾਨ ਪਹੁੰਚੇਗਾ।

ਟਰੰਪ ਦੇ ਪਹਿਲੇ ਕਾਰਜਕਾਲ ਵਿੱਚ 2018-2020 ਵਿੱਚ ਵੀ ਅਜਿਹੇ ਟੈਰਿਫ ਲਗਾਏ ਗਏ ਸਨ, ਜਿਨ੍ਹਾਂ ਨਾਲ ਗਲੋਬਲ ਵਪਾਰ ਵਿੱਚ ਉਥਲ-ਪੁਥਲ ਮਚੀ ਸੀ। ਹੁਣ 2025 ਵਿੱਚ ਟਰੰਪ ਨੇ ਵਪਾਰ ਅਤੇ ਆਰਥਿਕ ਅਭਿਆਸਾਂ ਨੂੰ ਰਾਸ਼ਟਰੀ ਐਮਰਜੈਂਸੀ ਐਲਾਨਿਆ ਹੈ ਅਤੇ ਉਹ ਟੈਰਿਫਾਂ ਨੂੰ ਰਾਜਨੀਤਿਕ ਹਥਿਆਰ ਵਜੋਂ ਵਰਤ ਰਹੇ ਹਨ। ਵ੍ਹਾਈਟ ਹਾਊਸ ਨੇ ਜਨਵਰੀ 2025 ਵਿੱਚ ‘ਅਮਰੀਕਾ ਫਸਟ ਟਰੇਡ ਪਾਲਿਸੀ’ ਮੈਮੋਰੈਂਡਮ ਜਾਰੀ ਕੀਤਾ ਸੀ, ਜਿਸ ਵਿੱਚ ਅਮਰੀਕੀ ਉਤਪਾਦਾਂ ਨੂੰ ਤਰਜੀਹ ਦੇਣ ਅਤੇ ਨਿਵੇਸ਼ ਵਧਾਉਣ ਦਾ ਜ਼ੋਰ ਹੈ; ਪਰ ‘ਦ ਗਾਰਡੀਅਨ’ ਅਨੁਸਾਰ ਟੈਰਿਫਾਂ ਨੇ ਕੂਟਨੀਤੀ ਨੂੰ ਬਦਲ ਦਿੱਤਾ ਹੈ ਅਤੇ ਅਮਰੀਕੀ ਰਾਜਨੀਤਿਕ ਔਜ਼ਾਰਾਂ ਨੂੰ ਕਮਜ਼ੋਰ ਕੀਤਾ ਹੈ।

ਇਸ ਵਿਵਾਦ ਨਾਲ ਈ-ਕਾਮਰਸ ਕੰਪਨੀਆਂ ਜਿਵੇਂ ਐਮਾਜ਼ੌਨ ਅਤੇ ਅਲੀਬਾਬਾ ਨੂੰ ਵੱਡਾ ਨੁਕਸਾਨ ਹੋ ਰਿਹਾ ਹੈ, ਕਿਉਂਕਿ ਛੋਟੇ ਪੈਕੇਜਾਂ ‘ਤੇ ਟੈਕਸ ਨਾਲ ਕੀਮਤਾਂ ਵਧਣਗੀਆਂ। ਜੇ.ਪੀ. ਮੌਰਗਨ ਦੀ ਰਿਸਰਚ ਅਨੁਸਾਰ ਗਲੋਬਲ ਵਿਕਾਸ ਵਿੱਚ 2025 ਦੀ ਦੂਜੀ ਅੱਧ ਵਿੱਚ ਗਿਰਾਵਟ ਆਵੇਗੀ, ਪਰ ਸਪਲਾਈ ਚੇਨਾਂ ‘ਤੇ ਅਸਰ ਘੱਟ ਹੋਵੇਗਾ। ‘ਵਰਲਡ ਇਕਨਾਮਿਕ ਫੋਰਮ’ ਨੇ ਕਿਹਾ ਕਿ ਅਮਰੀਕੀ ਆਯਾਤਾਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ, ਕਿਉਂਕਿ ਕੰਪਨੀਆਂ ਟੈਰਿਫਾਂ ਤੋਂ ਪਹਿਲਾਂ ਮਾਲ ਮੰਗਵਾ ਰਹੀਆਂ ਹਨ।

ਦਰਅਸਲ ਇਹ ਵਪਾਰ ਯੁੱਧ ਅੰਤਰਰਾਸ਼ਟਰੀ ਸਬੰਧਾਂ ਨੂੰ ਵਿਗਾੜ ਰਿਹਾ ਹੈ ਅਤੇ ਆਰਥਿਕ ਵਿਕਾਸ ਨੂੰ ਰੋਕ ਰਿਹਾ ਹੈ। ਭਾਰਤ ਅਤੇ ਈ.ਯੂ. ਨੇ ਗੱਲਬਾਤ ਦੀ ਅਪੀਲ ਕੀਤੀ ਹੈ, ਪਰ ਟਰੰਪ ਪ੍ਰਸ਼ਾਸਨ ਨੇ ਆਪਣੀ ਨੀਤੀ ‘ਤੇ ਅੜੇ ਰਹਿਣ ਦਾ ਸੰਕੇਤ ਦਿੱਤਾ ਹੈ। ਇਸ ਨਾਲ ਆਉਣ ਵਾਲੇ ਮਹੀਨਿਆਂ ਵਿੱਚ ਵਧੇਰੇ ਤਣਾਅ ਵਧਣ ਦੀ ਸੰਭਾਵਨਾ ਹੈ, ਜਿਸ ਨਾਲ ਵਿਸ਼ਵ ਅਰਥਚਾਰੇ ਨੂੰ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।






# ਟਰੱਕ ਡਰਾਈਵਰਾਂ ਲਈ ਵਰਕ ਵੀਜ਼ਾ ਪਾਬੰਦੀ ਦਾ ਬਿਰਤਾਂਤ

**ਪੰਜਾਬੀ ਪਰਵਾਜ਼ ਬਿਊਰੋ**

ਪੰਜਾਬੀ ਭਾਈਚਾਰੇ, ਖਾਸ ਕਰ ਕੇ ਅਮਰੀਕਾ ਵਿੱਚ ਟਰੱਕ ਡਰਾਈਵਰ ਵਜੋਂ ਕੰਮ ਕਰਨ ਦੀ ਇੱਛਾ ਰੱਖਣ ਵਾਲਿਆਂ ਨੂੰ ਵੱਡਾ ਝਟਕਾ ਲੱਗਾ ਹੈ। ਟਰੰਪ ਸਰਕਾਰ ਨੇ ਵਪਾਰਕ ਟਰੱਕ ਡਰਾਈਵਰਾਂ ਲਈ ਨਵੇਂ ਵਰਕ ਵੀਜ਼ੇ ਜਾਰੀ ਕਰਨ 'ਤੇ ਪਾਬੰਦੀ ਲਗਾ ਦਿੱਤੀ ਹੈ। ਇਹ ਫੈਸਲਾ ਭਾਰਤ-ਅਮਰੀਕਾ ਸਬੰਧਾਂ ਵਿੱਚ ਵਧ ਰਹੀ ਖਟਾਸ ਅਤੇ 13 ਅਗਸਤ 2025 ਨੂੰ ਫਲੋਰੀਡਾ ਵਿੱਚ ਹੋਏ ਇੱਕ ਦੁਖਦ ਸੜਕ ਹਾਦਸੇ ਦੇ ਮੱਦੇਨਜ਼ਰ ਲਿਆ ਗਿਆ, ਜਿਸ ਵਿੱਚ ਇੱਕ ਪੰਜਾਬੀ ਮੂਲ ਦੇ ਡਰਾਈਵਰ ਦੇ ਗਲਤ ਯੂ-ਟਰਨ ਕਾਰਨ ਤਿੰਨ ਅਮਰੀਕੀ ਨਾਗਰਿਕਾਂ ਦੀ ਮੌਤ ਹੋ ਗਈ। ਇਸ ਫੈਸਲੇ ਨੇ ਅਮਰੀਕਾ ਵਿੱਚ ਮੌਜੂਦ ਲਗਭਗ 1.5 ਲੱਖ ਪੰਜਾਬੀ ਟਰੱਕ ਡਰਾਈਵਰਾਂ ਵਿੱਚ ਚਿੰਤਾ ਪੈਦਾ ਕਰ ਦਿੱਤੀ ਹੈ, ਕਿਉਂਕਿ ਸਖਤ ਨਿਯਮਾਂ ਦਾ ਡਰ ਵਧ ਰਿਹਾ ਹੈ। ਹਾਲਾਂਕਿ, ਇੱਕ ਛੋਟੀ ਜਿਹੀ ਰਾਹਤ ਵਾਲੀ ਗੱਲ ਇਹ ਹੈ ਕਿ ਮੌਜੂਦਾ ਵੀਜ਼ੇ ਰੱਦ ਨਹੀਂ ਕੀਤੇ ਜਾਣਗੇ ਅਤੇ ਪਾਬੰਦੀ ਸਿਰਫ ਨਵੀਆਂ ਵੀਜ਼ਾ ਅਰਜ਼ੀਆਂ 'ਤੇ ਲਾਗੂ ਹੋਵੇਗੀ।

ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਵੀਜ਼ਾ ਮੁਅੱਤਲ ਕਰਨ ਦਾ ਐਲਾਨ ਕੀਤਾ। ਉਨ੍ਹਾਂ ਲਿਖਿਆ, "ਤੁਰੰਤ ਪ੍ਰਭਾਵ ਨਾਲ, ਅਸੀਂ ਵਪਾਰਕ ਟਰੱਕ ਡਰਾਈਵਰਾਂ ਲਈ ਸਾਰੇ ਵਰਕਰ ਵੀਜ਼ੇ ਜਾਰੀ ਕਰਨਾ ਬੰਦ ਕਰ ਰਹੇ ਹਾਂ।" ਇਸ ਫੈਸਲੇ ਨੇ ਸਿਆਸੀ ਅਤੇ ਸਮਾਜਿਕ ਖੇਤਰਾਂ ਵਿੱਚ ਗਰਮਾ-ਗਰਮ ਬਹਿਸ ਛੇੜ ਦਿੱਤੀ ਹੈ, ਜਿਸ ਦੇ ਪੰਜਾਬੀ ਡਾਇਸਪੋਰਾ ਅਤੇ ਅਮਰੀਕੀ ਟਰੱਕਿੰਗ ਉਦਯੋਗ 'ਤੇ, ਜੋ ਵਿਦੇਸ਼ੀ ਮਜ਼ਦੂਰਾਂ, ਖਾਸ ਕਰ ਕੇ ਪੰਜਾਬੀਆਂ 'ਤੇ ਬਹੁਤ ਜ਼ਿਆਦਾ ਨਿਰਭਰ ਹੈ, ਦੂਰਗਾਮੀ ਪ੍ਰਭਾਵ ਹੋਣਗੇ।

## ਫਲੋਰੀਡਾ ਹਾਦਸਾ: ਵੀਜ਼ਾ ਪਾਬੰਦੀ ਦੀ ਸ਼ੁਰੂਆਤ ਦਾ ਕਾਰਨ

ਵੀਜ਼ਾ ਪਾਬੰਦੀ ਦੀ ਸ਼ੁਰੂਆਤ 13 ਅਗਸਤ 2025 ਨੂੰ ਫਲੋਰੀਡਾ ਵਿੱਚ ਹੋਏ ਇੱਕ ਘਾਤਕ ਹਾਦਸੇ ਨਾਲ ਹੋਈ। ਇਸ ਵਿੱਚ 28 ਸਾਲਾ ਪੰਜਾਬੀ ਮੂਲ ਦੇ ਡਰਾਈਵਰ ਹਰਜਿੰਦਰ ਸਿੰਘ ਵੱਲੋਂ ਟਰੱਕ ਦੇ ਗੈਰ-ਕਾਨੂੰਨੀ ਯੂ-ਟਰਨ ਕਰਨ ਕਾਰਨ ਤੇਜ ਰਫਤਾਰ ਇੱਕ ਮਿੰਨੀ ਵੈਨ ਟਰੱਕ ਨਾਲ ਟਕਰਾਅ ਗਈ ਅਤੇ ਤਿੰਨ ਅਮਰੀਕੀ ਨਾਗਰਿਕਾਂ- ਇੱਕ 30 ਸਾਲਾ ਨੌਜਵਾਨ, 37 ਸਾਲਾ ਔਰਤ ਤੇ 54 ਸਾਲਾ ਵਿਅਕਤੀ ਦੀ ਮੌਕੇ 'ਤੇ ਹੀ ਮੌਤ ਹੋ ਗਈ।

ਇਸ ਹਾਦਸੇ ਨੇ ਸਿਆਸੀ ਤੂਫਾਨ ਖੜ੍ਹਾ ਕਰ ਦਿੱਤਾ, ਜਿਸ ਵਿੱਚ ਡੈਮੋਕਰੈਟਿਕ ਅਤੇ ਰਿਪਬਲੀਕਨ ਪਾਰਟੀਆਂ ਨੇ ਪਰਵਾਸ ਨੀਤੀਆਂ, ਖਾਸ ਕਰ ਕੇ ਗੈਰ-ਕਾਨੂੰਨੀ ਵੀਜ਼ਿਆਂ ਨੂੰ ਲੈ ਕੇ ਤਿੱਖੀ ਬਹਿਸ ਕੀਤੀ। ਟਰੰਪ ਪ੍ਰਸ਼ਾਸਨ ਨੇ ਦੋਸ਼ ਲਗਾਇਆ ਕਿ ਨਰਮ ਪਰਵਾਸ ਨੀਤੀਆਂ ਕਾਰਨ ਗੈਰ-ਕਾਨੂੰਨੀ ਡਰਾਈਵਰਾਂ ਨੂੰ ਭਾਰੀ ਵਾਹਨ ਚਲਾਉਣ ਦੀ ਇਜਾਜ਼ਤ ਮਿਲੀ। ਜਵਾਬ ਵਿੱਚ, ਪ੍ਰਸ਼ਾਸਨ ਨੇ ਨਵੇਂ ਵੀਜ਼ਿਆਂ 'ਤੇ ਪਾਬੰਦੀ ਲਗਾ ਦਿੱਤੀ, ਜਿਸ ਨੇ ਅਮਰੀਕੀ ਟਰੱਕਿੰਗ ਉਦਯੋਗ ਦੇ ਭਵਿੱਖ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ, ਜੋ ਪਹਿਲਾਂ ਹੀ ਮੰਦੇ ਨਾਲ ਜੂਝ ਰਿਹਾ ਹੈ।

## ਅਮਰੀਕੀ ਟਰੱਕਿੰਗ ਉਦਯੋਗ 'ਚ ਪੰਜਾਬੀ

ਪੰਜਾਬੀ ਭਾਈਚਾਰਾ ਅਮਰੀਕੀ ਟਰੱਕਿੰਗ ਉਦਯੋਗ ਦਾ ਮਜਬੂਤ ਥੰਮ੍ਹ ਰਿਹਾ ਹੈ। 2021 ਦੇ ਅੰਕੜਿਆਂ ਅਨੁਸਾਰ ਅਮਰੀਕਾ ਵਿੱਚ ਲਗਭਗ 7.2 ਲੱਖ ਵਿਦੇਸ਼ੀ ਮੂਲ ਦੇ ਲੋਕ ਟਰੱਕਿੰਗ ਸੈਕਟਰ ਨਾਲ ਜੁੜੇ ਹੋਏ ਹਨ, ਜਿਨ੍ਹਾਂ ਵਿੱਚੋਂ ਤਕਰੀਬਨ 1.5 ਲੱਖ ਪੰਜਾਬੀ ਹਨ। ਜੂਨ 2025 ਦੇ ਅੰਕੜੇ ਦੱਸਦੇ ਹਨ ਕਿ ਲਗਭਗ 1.5 ਲੱਖ ਸਿੱਖ ਅਮਰੀਕੀ ਟਰੱਕਿੰਗ ਉਦਯੋਗ ਵਿੱਚ ਕੰਮ ਕਰਦੇ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਡਰਾਈਵਰ ਹਨ। ਉਨ੍ਹਾਂ ਦਾ ਯੋਗਦਾਨ ਅਮਰੀਕਾ ਵਿੱਚ ਟਰੱਕ ਡਰਾਈਵਰਾਂ ਦੀ ਲੰਮੇ ਸਮੇਂ ਤੋਂ ਚੱਲ ਰਹੀ ਕਮੀ ਨੂੰ ਪੂਰਾ ਕਰਨ ਵਿੱਚ ਅਹਿਮ ਰਿਹਾ ਹੈ। ਵਿੱਤੀ ਸੰਸਥਾ ਆਲਟਰਾਈਨ ਦੀ ਇੱਕ ਤਾਜ਼ਾ ਰਿਪੋਰਟ ਅਨੁਸਾਰ ਅਮਰੀਕਾ ਵਿੱਚ 24,000 ਟਰੱਕ ਡਰਾਈਵਰਾਂ ਦੀ ਕਮੀ ਹੈ।

ਇਸ ਕਮੀ ਦਾ ਅਮਰੀਕੀ ਅਰਥਵਿਵਸਥਾ 'ਤੇ ਵੱਡਾ ਅਸਰ ਪਿਆ ਹੈ, ਜਿਸ ਨਾਲ ਸਮਾਨ ਦੀ ਸਪੁਰਦਗੀ ਵਿੱਚ ਦੇਰੀ ਹੁੰਦੀ ਹੈ ਅਤੇ ਮਾਲ ਢੋਆ-ਢੁਆਈ ਉਦਯੋਗ ਨੂੰ ਹਰ ਹਫਤੇ ਲਗਭਗ 95.5 ਮਿਲੀਅਨ ਡਾਲਰ ਦਾ ਨੁਕਸਾਨ ਹੁੰਦਾ ਹੈ। ਪੰਜਾਬੀ ਡਰਾਈਵਰ, ਜੋ ਆਪਣੀ ਮਿਹਨਤ ਅਤੇ ਸਮਰਪਣ ਲਈ ਜਾਣੇ ਜਾਂਦੇ ਹਨ, ਨੇ ਇਸ ਕਮੀ ਨੂੰ ਪੂਰਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਉਹ ਅਕਸਰ ਲੰਬੇ ਸਮੇਂ ਤੱਕ ਕੰਮ ਕਰਦੇ ਹਨ ਤਾਂ ਜੋ ਦੇਸ਼ ਭਰ ਵਿੱਚ ਸਮਾਨ ਦੀ ਸਮੇਂ ਸਿਰ ਸਪੁਰਦਗੀ ਨੂੰ ਯਕੀਨੀ ਬਣਾਇਆ ਜਾ ਸਕੇ; ਇੰਜ ਉਨ੍ਹਾਂ ਦੇ ਚਾਰ ਵਾਧੂ ਡਾਲਰ ਵੀ ਬਣਦੇ ਹਨ; ਪਰ ਵੀਜ਼ਾ ਪਾਬੰਦੀ ਨੇ ਇਸ ਪ੍ਰਣਾਲੀ ਨੂੰ ਵਿਗਾੜਨ ਦਾ ਖਤਰਾ ਪੈਦਾ ਕਰ ਦਿੱਤਾ ਹੈ, ਜਿਸ ਨਾਲ ਡਰਾਈਵਰਾਂ ਦੀ ਕਮੀ ਹੋਰ ਵਧ ਸਕਦੀ ਹੈ ਅਤੇ ਸਪਲਾਈ ਚੇਨ 'ਤੇ ਹੋਰ ਦਬਾਅ ਪੈ ਸਕਦਾ ਹੈ।

## ਡੰਕੀ ਰੂਟ ਅਤੇ ਇਸ ਦੇ ਪ੍ਰਭਾਵ

ਫਲੋਰੀਡਾ ਹਾਦਸੇ ਨੇ 'ਡੰਕੀ ਰੂਟ' ਵੱਲ ਧਿਆਨ ਖਿੱਚਿਆ, ਜੋ ਪੰਜਾਬ ਅਤੇ ਹੋਰ ਖੇਤਰਾਂ ਦੇ ਲੋਕਾਂ ਵੱਲੋਂ ਪੱਛਮੀ ਦੇਸ਼ਾਂ ਵਿੱਚ ਪਹੁੰਚਣ ਲਈ ਵਰਤਿਆ ਜਾਣ ਵਾਲਾ ਗੈਰ-ਕਾਨੂੰਨੀ ਪਰਵਾਸ ਮਾਰਗ ਹੈ। ਇਹ ਮਾਰਗ ਅਕਸਰ ਕਈ ਦੇਸ਼ਾਂ ਵਿੱਚੋਂ ਲੰਘਦਾ ਹੈ ਅਤੇ ਮਨੁੱਖੀ ਤਸਕਰਾਂ ਦੀ ਮਦਦ ਨਾਲ ਪੂਰਾ ਹੁੰਦਾ ਹੈ, ਜੋ ਬਹੁਤ ਜ਼ਿਆਦਾ ਫੀਸ ਵਸੂਲਦੇ ਹਨ। ਹਰਜਿੰਦਰ ਸਿੰਘ, ਜੋ ਫਲੋਰੀਡਾ ਹਾਦਸੇ ਵਿੱਚ ਸ਼ਾਮਲ ਸੀ, ਨੇ ਵੀ ਇਸੇ ਰੂਟ ਦੀ ਵਰਤੋਂ ਕੀਤੀ ਸੀ। ਇਸ ਘਟਨਾ ਨੇ ਅਮਰੀਕਾ ਦੇ ਕੁਝ ਸਿਆਸੀ ਹਲਕਿਆਂ ਵਿੱਚ ਪਰਵਾਸੀ ਵਿਰੋਧੀ ਭਾਵਨਾਵਾਂ ਨੂੰ ਹਵਾ ਦਿੱਤੀ, ਜਿਨ੍ਹਾਂ ਨੇ ਦਲੀਲ ਦਿੱਤੀ ਕਿ ਗੈਰ-ਕਾਨੂੰਨੀ ਡਰਾਈਵਰ ਅਮਰੀਕੀ ਸੜਕਾਂ 'ਤੇ ਖਤਰਾ ਪੈਦਾ ਕਰਦੇ ਹਨ।

ਹਾਲਾਂਕਿ, ਪੰਜਾਬੀ ਭਾਈਚਾਰੇ ਦੇ ਬਚਾਅ ਵਿੱਚ ਬੋਲਣ ਵਾਲਿਆਂ ਦਾ ਕਹਿਣਾ ਹੈ ਕਿ ਇੱਕ ਵਿਅਕਤੀ ਦੀ ਗਲਤੀ ਦਾ ਠੀਕਰਾ ਪੂਰੇ ਭਾਈਚਾਰੇ 'ਤੇ ਨਹੀਂ ਭੰਨਿਆ ਜਾਣਾ ਚਾਹੀਦਾ। ਭਾਈਚਾਰਕ ਆਗੂਆਂ ਨੇ ਜ਼ੋਰ ਦੇ ਕੇ ਕਿਹਾ ਕਿ ਅਮਰੀਕਾ ਵਿੱਚ ਜ਼ਿਆਦਾਤਰ ਪੰਜਾਬੀ ਟਰੱਕ ਡਰਾਈਵਰ ਕਾਨੂੰਨ ਦੀ ਪਾਲਣਾ ਕਰਦੇ ਹਨ ਅਤੇ ਅਰਥਵਿਵਸਥਾ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਉਨ੍ਹਾਂ ਨੇ ਪਰਵਾਸ ਸੁਧਾਰ ਲਈ ਵਧੇਰੇ ਸੰਜੀਦਾ ਪਹੁੰਚ ਦੀ ਮੰਗ ਕੀਤੀ ਹੈ, ਜੋ ਗੈਰ-ਕਾਨੂੰਨੀ ਪਰਵਾਸ ਨੂੰ ਰੋਕਦਿਆਂ, ਕਾਨੂੰਨੀ ਕਾਮਿਆਂ ਦੇ ਅਧਿਕਾਰਾਂ ਦੀ ਸੁਰੱਖਿਆ ਕਰੇ।

## ਆਰਥਿਕ ਅਤੇ ਸਮਾਜਿਕ ਪ੍ਰਭਾਵ

ਵੀਜ਼ਾ ਪਾਬੰਦੀ ਦੇ ਅਮਰੀਕਾ ਅਤੇ ਪੰਜਾਬ- ਦੋਹਾਂ ਲਈ ਦੂਰਗਾਮੀ ਨਤੀਜੇ ਨਿਕਲ ਸਕਦੇ ਹਨ। ਅਮਰੀਕਾ ਵਿੱਚ ਟਰੱਕਿੰਗ ਉਦਯੋਗ ਅਰਥਵਿਵਸਥਾ ਦੀ ਮੁੱਖ ਤੰਦ ਹੈ, ਜੋ ਹਰ ਸਾਲ ਅਰਬਾਂ ਡਾਲਰ ਦੇ ਸਮਾਨ ਦੀ ਢੋਆ-ਢੁਆਈ ਦਾ ਜ਼ਿੰਮਾ ਲੈਂਦਾ ਹੈ। ਡਰਾਈਵਰਾਂ ਦੀ ਗਿਣਤੀ ਵਿੱਚ ਹੋਰ ਕਮੀ ਨਾਲ ਖਪਤਕਾਰਾਂ ਲਈ ਮੁੱਲ ਵਧ ਸਕਦੇ ਹਨ, ਕਿਉਂਕਿ ਸਪੁਰਦਗੀ ਵਿੱਚ ਦੇਰੀ ਨਾਲ ਕੀਮਤਾਂ ਵਧਦੀਆਂ ਹਨ।

ਅਮਰੀਕਨ ਟਰੱਕਿੰਗ ਐਸੋਸੀਏਸ਼ਨ (ਏ.ਟੀ.ਏ.) ਨੇ ਇਸ ਪਾਬੰਦੀ 'ਤੇ ਚਿੰਤਾ ਜ਼ਾਹਰ ਕੀਤੀ ਹੈ ਅਤੇ ਚੇਤਾਵਨੀ ਦਿੱਤੀ ਹੈ ਕਿ ਇਹ ਉਦਯੋਗ ਦੀਆਂ ਮੌਜੂਦਾ ਚੁਣੌਤੀਆਂ ਨੂੰ ਹੋਰ ਵਧਾ ਸਕਦੀ ਹੈ। ਏ.ਟੀ.ਏ. ਦਾ ਅੰਦਾਜ਼ਾ ਹੈ ਕਿ ਜੇ ਮੌਜੂਦਾ ਰੁਝਾਨ ਜਾਰੀ ਰਹੇ, ਤਾਂ 2030 ਤੱਕ ਡਰਾਈਵਰਾਂ ਦੀ ਕਮੀ 1 ਲੱਖ ਤੱਕ ਪਹੁੰਚ ਸਕਦੀ ਹੈ, ਜਿਸ ਨੂੰ ਵੀਜ਼ਾ ਪਾਬੰਦੀ ਹੋਰ ਤੇਜ਼ ਕਰ ਸਕਦੀ ਹੈ।

ਪੰਜਾਬ ਲਈ ਇਹ ਪਾਬੰਦੀ ਹਜ਼ਾਰਾਂ ਨੌਜਵਾਨਾਂ ਲਈ ਵੱਡਾ ਝਟਕਾ ਹੈ, ਜੋ ਅਮਰੀਕਾ ਵਿੱਚ ਟਰੱਕ ਡਰਾਈਵਰੀ ਨੂੰ ਆਰਥਿਕ ਸਥਿਰਤਾ ਦਾ ਰਾਹ ਸਮਝਦੇ ਹਨ। ਪੰਜਾਬ ਦਾ ਪੱਛਮੀ ਦੇਸ਼ਾਂ ਵੱਲ ਪਰਵਾਸ ਦਾ ਲੰਮਾ ਇਤਿਹਾਸ ਹੈ, ਜੋ ਘਰੇਲੂ ਪੱਧਰ 'ਤੇ ਸੀਮਤ ਨੌਕਰੀਆਂ ਅਤੇ ਆਰਥਿਕ ਚੁਣੌਤੀਆਂ ਕਾਰਨ ਪ੍ਰੇਰਿਤ ਹੈ। ਅਮਰੀਕਾ ਵਿੱਚ ਟਰੱਕਿੰਗ ਉਦਯੋਗ ਘੱਟ ਦਾਖਲਾ ਰੁਕਾਵਟਾਂ ਅਤੇ ਉੱਚ ਕਮਾਈ ਦੀ ਸੰਭਾਵਨਾ ਕਾਰਨ ਖਾਸ ਤੌਰ 'ਤੇ ਆਕਰਸ਼ਕ ਰਿਹਾ ਹੈ। ਵੀਜ਼ਾ ਪਾਬੰਦੀ ਨਾਲ ਬਹੁਤ ਸਾਰੇ ਪਰਵਾਸੀਆਂ ਨੂੰ ਡੰਕੀ ਰੂਟ ਵਰਗੇ ਜੋਖਮ ਭਰੇ ਵਿਕਲਪਾਂ ਵੱਲ ਜਾਣ ਲਈ ਮਜਬੂਰ ਹੋਣਾ ਪੈ ਸਕਦਾ ਹੈ, ਜੋ ਗੈਰ-ਕਾਨੂੰਨੀ ਪਰਵਾਸ ਦੇ ਚੱਕਰ ਨੂੰ ਹੋਰ ਵਧਾਵੇਗਾ।

### *ਕੀ ਹੋਵੇਗਾ 1.5 ਲੱਖ ਪੰਜਾਬੀ ਮੂਲ ਦੇ ਡਰਾਈਵਰਾਂ ਦਾ?



### ਭਾਈਚਾਰਕ ਪ੍ਰਤੀਕਿਰਿਆ ਅਤੇ ਭਵਿੱਖ ਦੀਆਂ ਸੰਭਾਵਨਾਵਾਂ

*ਅਮਰੀਕਾ ਵਿੱਚ ਪੰਜਾਬੀ ਡਾਇਸਪੋਰਾ ਨੇ ਨਿਰਾਸ਼ਾ ਅਤੇ ਸਥਿਰਤਾ ਦੇ ਮਿਸ਼ਰਣ ਨਾਲ ਪ੍ਰਤੀਕਿਰਿਆ ਦਿੱਤੀ ਹੈ। ਸਿੱਖ ਕੋਲੀਸ਼ਨ ਵਰਗੇ ਸਿੱਖ ਵਕਾਲਤ ਸਮੂਹਾਂ ਨੇ ਅਮਰੀਕੀ ਸਰਕਾਰ ਨੂੰ ਇਸ ਸਰਬਪੱਖੀ ਪਾਬੰਦੀ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਹੈ ਅਤੇ ਦਲੀਲ ਦਿੱਤੀ ਹੈ ਕਿ ਇਹ ਉਸ ਭਾਈਚਾਰੇ ਨੂੰ ਨਿਸ਼ਾਨਾ ਬਣਾਉਂਦੀ ਹੈ, ਜਿਸ ਨੇ ਦੇਸ਼ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਉਨ੍ਹਾਂ ਨੇ ਗੈਰ-ਕਾਨੂੰਨੀ ਪਰਵਾਸ ਮਾਰਗਾਂ ਵਿਰੁੱਧ ਸਖਤੀ ਅਤੇ ਕਾਨੂੰਨੀ ਕਾਮਿਆਂ ਦੇ ਅਧਿਕਾਰਾਂ ਦੀ ਸੁਰੱਖਿਆ ਦੀ ਮੰਗ ਕੀਤੀ ਹੈ।*

*ਪੰਜਾਬ ਵਿੱਚ ਸਥਾਨਕ ਆਗੂਆਂ ਅਤੇ ਪਰਵਾਸ ਮਾਹਿਰਾਂ ਨੇ ਸਮਾਜਿਕ ਅਤੇ ਆਰਥਿਕ ਨਤੀਜਿਆਂ 'ਤੇ ਚਿੰਤਾ ਜ਼ਾਹਰ ਕੀਤੀ ਹੈ। ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਬਹੁਤ ਸਾਰੇ ਪਰਿਵਾਰ ਵਿਦੇਸ਼ ਵਿੱਚ ਕੰਮ ਕਰਨ ਵਾਲੇ ਰਿਸ਼ਤੇਦਾਰਾਂ ਉਪਰ ਨਿਰਭਰ ਕਰਦੇ ਹਨ, ਖਾਸ ਕਰ ਕੇ ਅਮਰੀਕੀ ਟਰੱਕਿੰਗ ਉਦਯੋਗ ਵਿੱਚ। ਵੀਜ਼ਾ ਪਾਬੰਦੀ ਨਾਲ ਇਸ ਵਿੱਤੀ ਆਸਰੇ ਵਿੱਚ ਵਿਘਨ ਪੈ ਸਕਦਾ ਹੈ, ਜਿਸ ਨਾਲ ਆਰਥਿਕ ਮੁਸ਼ਕਲਾਂ ਵਧ ਸਕਦੀਆਂ ਹਨ।*

*ਇਸ ਨਾਲ ਹੁਣ ਅਮਰੀਕਾ ਵਿੱਚ ਪੰਜਾਬੀ ਟਰੱਕ ਡਰਾਈਵਰਾਂ ਦਾ ਭਵਿੱਖ ਅਨਿਸ਼ਚਿਤ ਹੈ। ਹਾਲਾਂਕਿ ਪਾਬੰਦੀ ਮੌਜੂਦਾ ਵੀਜ਼ਾ ਧਾਰਕਾਂ ਨੂੰ ਪ੍ਰਭਾਵਿਤ ਨਹੀਂ ਕਰਦੀ, ਪਰ ਸਖਤ ਨਿਯਮਾਂ ਦੀ ਸੰਭਾਵਨਾ ਨੇ ਉਦਯੋਗ ਵਿੱਚ ਪਹਿਲਾਂ ਹੀ ਕੰਮ ਕਰ ਰਹੇ ਲੋਕਾਂ ਲਈ ਚੁਣੌਤੀਆਂ ਪੈਦਾ ਕਰ ਦਿੱਤੀਆਂ ਹਨ। ਨਾਲ ਹੀ, ਅਮਰੀਕਾ ਵਿੱਚ 2026 ਦੀਆਂ ਮਿਡਟਰਮ ਚੋਣਾਂ ਦੇ ਨੇੜੇ ਆਉਣ ਨਾਲ ਸਿਆਸੀ ਮਾਹੌਲ ਪਰਵਾਸ ਨੀਤੀਆਂ ਨੂੰ ਹੋਰ ਪ੍ਰਭਾਵਿਤ ਕਰ ਸਕਦਾ ਹੈ। ਅਮਰੀਕਾ ਦੀ ਵਪਾਰਕ ਟਰੱਕ ਡਰਾਈਵਰਾਂ 'ਤੇ ਵੀਜ਼ਾ ਪਾਬੰਦੀ ਨੇ ਅਮਰੀਕਾ ਅਤੇ ਭਾਰਤ ਵਿੱਚ ਪੰਜਾਬੀ ਭਾਈਚਾਰੇ ਨੂੰ ਹੈਰਾਨ ਕਰ ਦਿੱਤਾ ਹੈ। ਹਾਲਾਂਕਿ ਇਹ ਫੈਸਲਾ ਇੱਕ ਦੁਖਦ ਹਾਦਸੇ ਕਾਰਨ ਲਿਆ ਗਿਆ, ਪਰ ਇਸ ਦੇ ਨਤੀਜੇ ਉਸ ਘਟਨਾ ਤੋਂ ਕਿਤੇ ਵੱਧ ਹਨ, ਜੋ ਪੰਜਾਬੀ ਕਾਮਿਆਂ 'ਤੇ ਨਿਰਭਰ ਉਦਯੋਗ ਨੂੰ ਪ੍ਰਭਾਵਿਤ ਕਰਦੇ ਹਨ। ਜਿਵੇਂ ਕਿ ਅਮਰੀਕਾ ਆਪਣੀ ਡਰਾਈਵਰ ਕਮੀ ਨਾਲ ਜੂਝਦਾ ਹੈ ਅਤੇ ਭਾਰਤ ਆਰਥਿਕ ਨਤੀਜਿਆਂ ਨੂੰ ਸੰਭਾਲਦਾ ਹੈ, ਇੱਕ ਸੰਤੁਲਿਤ ਅਤੇ ਨਿਰਪੱਖ ਪਰਵਾਸ ਨੀਤੀ ਦੀ ਜ਼ਰੂਰਤ ਪਹਿਲਾਂ ਨਾਲੋਂ ਵਧੇਰੇ ਮਹੱਤਵਪੂਰਨ ਹੋ ਗਈ ਹੈ।*



### ਜ਼ਰੂਰੀ

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

**Punjabi Parwaz LLC - DBA Punjabi Parwaz**

**Address:**
827 E. Kings Row, Unit# 7, Palatine, IL 60074

**Managed by:**
Anureet Kaur & Kuljeet Singh

**Punjab Incharge:**
Jasvir Singh Mangat

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ

ਪੰਜਾਬੀ ਪਰਵਾਜ਼ Punjabi Parwaz ਬੋਰਡ ਮੈਂਬਰ

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਗੁਰਿੰਦਰਜੀਤ ਸਿੰਘ ਗਰੇਵਾਲ
ਦੀਦਾਰ ਸਿੰਘ ਧਨੋਆ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰਜੀਤ ਸਿੰਘ ਢੀਂਡਸਾ
ਜੋਧ ਸਿੰਘ ਸਿੱਧੂ
ਬੇਅੰਤ ਸਿੰਘ ਬੈਂਪਾਰਾਏ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਵਿੰਦਰ ਸਿੰਘ ਬੱਬੂ (ਐਪਲਟਨ)
ਬਿਕਰਮ ਸਿੰਘ ਸਿੱਧੂ
ਪਰਮਜੀਤ ਸਿੰਘ ਸਿੱਧੂ (ਮਹਿਰਾਜ)
ਮਨਮਿੰਦਰ ਸਿੰਘ ਹੀਰ
ਬਲਜੀਤ ਸਿੰਘ ਸਿੱਧੂ (ਫਲੋਰਿਡਾ)
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਲਾਲੀ ਧਾਲੀਵਾਲ
ਇੰਦਰ ਹੁੰਜਣ
ਜਿਗਰਦੀਪ ਸਿੰਘ ਢਿੱਲੋਂ
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਹਰਕੇਵਲ ਸਿੰਘ ਲਾਲੀ

# ‘ਨਿਯੰਤ੍ਰਿਤ ਲੋਕਤੰਤਰ’ ਵਿੱਚ ਬਦਲ ਗਿਆ ਭਾਰਤੀ ਲੋਕਤੰਤਰ

**ਕ੍ਰਿਸ਼ਨ ਪ੍ਰਤਾਪ ਸਿੰਘ**

ਪਹਿਲਾਂ ਹੀ ਖ਼ਦਸ਼ੇ ਪ੍ਰਗਟਾਏ ਜਾ ਰਹੇ ਸਨ, ਪਰ ਹੁਣ ਭਾਰਤ ਦੇ ਚੋਣ ਕਮਿਸ਼ਨ ਨੇ ਜਿਸ ਤਰ੍ਹਾਂ ਸਾਰੀ ਲੋਕ-ਲਾਜ (ਜਿਸ ਨੂੰ ਲੋਕਤੰਤਰੀ ਵਿਹਾਰ ਦਾ ਸਭ ਤੋਂ ਜ਼ਰੂਰੀ ਤੱਤ ਮੰਨਿਆ ਜਾਂਦਾ ਹੈ) ਨੂੰ ਭੁੱਲ ਕੇ ਆਪਣੀ (ਅ)ਵਿਸ਼ਵਸਨੀਯਤਾ ਨਾਲ ਜੁੜੇ ਸਾਰੇ ਸਵਾਲਾਂ ਦੀ ਜਵਾਬਦੇਹੀ ਵੱਲ ਪਿੱਠ ਕਰ ਲਈ ਹੈ ਅਤੇ ਵਿਰੋਧੀ ਪਾਰਟੀਆਂ ਤੇ ਨੇਤਾਵਾਂ ਵਿਰੁੱਧ ਹਮਲਾਵਰ ਰਵੱਈਆ ਅਪਣਾ ਲਿਆ ਹੈ, ਉਸ ਨਾਲ ਇੱਕ ਤਰ੍ਹਾਂ ਨਾਲ ਪੁਸ਼ਟੀ ਹੋ ਗਈ ਹੈ ਕਿ ਅਸੀਂ ਨਿਯੰਤ੍ਰਿਤ ਜਾਂ ਨਿਰਦੇਸ਼ਿਤ ਲੋਕਤੰਤਰ ਵਿੱਚ ਰਹਿਣ ਲਈ ਮਜਬੂਰ ਹੋ ਗਏ ਹਾਂ।

ਉਂਝ, ਇਸ ਸਬੰਧ ਵਿੱਚ ਇਹ ਕਹਿਣਾ ਜ਼ਿਆਦਾ ਸਹੀ ਹੋਵੇਗਾ ਕਿ ਦੇਖਦੇ-ਦੇਖਦੇ ਦੇਸ਼ ਦੇ ਸੰਵਿਧਾਨਕ ਲੋਕਤੰਤਰ ਨੂੰ ਨਿਯੰਤ੍ਰਿਤ ਲੋਕਤੰਤਰ (ਕੰਟਰੋਲਡ ਡੈਮੋਕਰੇਸੀ) ਵਿੱਚ ਬਦਲ ਦਿੱਤਾ ਗਿਆ ਹੈ। ਲਗਾਤਾਰ ਕਟੌਤੀਆਂ ਦੀ ਮਾਰ ਨਾਲ ਇਸ ਨੂੰ ਅਧੂਰਾ ਕਰ ਦੇਣ ਦੀਆਂ ਕੋਸ਼ਿਸ਼ਾਂ ਤਾਂ ਹੁਣ ਦਸ-ਗਿਆਰਾਂ ਸਾਲ ਪੁਰਾਣੀਆਂ ਹੋ ਚੁੱਕੀਆਂ ਹਨ।

ਰਾਜਨੀਤੀ ਵਿਗਿਆਨੀਆਂ ਅਨੁਸਾਰ ਨਿਯੰਤ੍ਰਿਤ ਲੋਕਤੰਤਰਾਂ ਵਿੱਚ ਸਰਕਾਰਾਂ ਸਤਹੀ ਤੌਰ ‘ਤੇ ਆਪਣੇ ਲੋਕਤੰਤਰੀ ਹੋਣ ਦਾ ਦਿਖਾਵਾ ਕਰਦੀਆਂ ਹਨ, ਪਰ ਅਸਲ ਸ਼ਕਤੀ ਕੁਝ ਵਿਅਕਤੀਆਂ ਜਾਂ ਸਮੂਹਾਂ ਦੇ ਹੱਥਾਂ ਵਿੱਚ ਕੇਂਦਰਿਤ ਕਰ ਦਿੰਦੀਆਂ ਹਨ। ਅਜਿਹੇ ਲੋਕਤੰਤਰਾਂ ਵਿੱਚ ਚੋਣਾਂ ਪਹਿਲਾਂ ਤੋਂ ਨਿਸ਼ਚਿਤ ਨਤੀਜਿਆਂ ਨੂੰ ਜਾਇਜ਼ ਕਰਾਰ ਦੇਣ ਲਈ ਹੀ ਕਰਵਾਈਆਂ ਜਾਂਦੀਆਂ ਹਨ ਅਤੇ ਇਨ੍ਹਾਂ ਦੇ ਪਿੱਛੇ ਵੋਟਰਾਂ ਦੀ ਸਰਕਾਰੀ ਨੀਤੀਆਂ ਨੂੰ ਬਦਲਣ ਦੀ ਸਮਰੱਥਾ ਨੂੰ ਸਿਫ਼ਰ ਕਰਨ ਦੀ ਨੀਅਤ ਹੁੰਦੀ ਹੈ।

ਜ਼ਾਹਰ ਹੈ ਕਿ ਅਜਿਹੇ ਵਿੱਚ ਵੋਟਰਾਂ ਦਾ ਪੋਲਿੰਗ ਬੂਥਾਂ ਤੱਕ ਜਾਣਾ ਸਿਰਫ਼ ਇੱਕ ਰਸਮੀ ਅਮਲ ਬਣ ਕੇ ਰਹਿ ਜਾਂਦਾ ਹੈ ਅਤੇ ਚੋਣਾਂ ਦੀ ਸੁਤੰਤਰਤਾ ਤੇ ਨਿਰਪੱਖਤਾ ਕੋਈ ਵੱਡਾ ਮੁੱਲ ਨਹੀਂ ਰਹਿ ਜਾਂਦੀ। ਕਿਉਂਕਿ ਇਸ ਸਭ ਲਈ ਸੁਤੰਤਰ ਮੀਡੀਆ ਨੂੰ ਸੱਤਾ ਸਮਰਥਕ ਮੀਡੀਆ ਵਿੱਚ ਬਦਲਣਾ ਜ਼ਰੂਰੀ ਹੁੰਦਾ ਹੈ, ਇਸ ਲਈ ਉਸ ‘ਤੇ ਵੀ ਕਈ ਤਰ੍ਹਾਂ ਦੇ ਸ਼ਿਕੰਜੇ ਕੱਸ ਕੇ ਉਸ ਨੂੰ ਸਿਰ ਉਠਾਉਣ ਲਾਇਕ ਨਹੀਂ ਛੱਡਿਆ ਜਾਂਦਾ।

ਸੁਭਾਵਿਕ ਹੈ ਕਿ ਨਾਗਰਿਕਾਂ ਦੇ ਅਧਿਕਾਰ ਸਰਕਾਰ ਦੀ ਸਹਿਮਤੀ ਦੇ ਮੋਹਤਾਜ ਹੋ ਜਾਂਦੇ ਹਨ ਅਤੇ ਕਿਉਂਕਿ ਸਰਕਾਰ ਦੀ ਅਸਲ ਸ਼ਕਤੀ ਕੁਝ ਵਿਅਕਤੀਆਂ ਜਾਂ ਸਮੂਹਾਂ ਦੇ ਹੱਥਾਂ ਵਿੱਚ ਹੁੰਦੀ ਹੈ, ਇਸ ਲਈ ਉਹ ਨਾਗਰਿਕ ਅਧਿਕਾਰਾਂ ਪ੍ਰਤੀ ਸੰਵੇਦਨਸ਼ੀਲ ਜਾਂ ਜਵਾਬਦੇਹ ਹੋਣ ਦੀ ਜ਼ਰੂਰਤ ਨਹੀਂ ਮਹਿਸੂਸ ਕਰਦੀ। ਤਦ ਸੱਤਾਸੇਵੀ ਵਿਅਕਤੀਆਂ ਜਾਂ ਸਮੂਹਾਂ ਨੂੰ ਚੋਣਾਂ ਨੂੰ ਅਗਵਾ ਕਰਨ ਅਤੇ ਜਨਸੰਚਾਰ ਮਾਧਿਅਮਾਂ ਜਾਂ ਮੀਡੀਆ ਨੂੰ ਲੋਕਾਂ ਦੇ ਦਿਮਾਗ ਧੋਣ ਲਈ ਵਰਤਣ ਦੀ ‘ਆਜ਼ਾਦੀ’ ਮਿਲ ਜਾਂਦੀ ਹੈ।

ਕਹਿਣ ਦੀ ਜ਼ਰੂਰਤ ਨਹੀਂ ਕਿ ਅਜਿਹੇ ਲੋਕਤੰਤਰਾਂ ਵਿੱਚ ਜਨਤਾ ਦੇ ਆਪਣੇ ਪ੍ਰਤੀਨਿਧੀ ਜਾਂ ਸ਼ਾਸਕ ਚੁਣਨ ਅਤੇ ਸਰਕਾਰ ਦੀਆਂ ਨੀਤੀਆਂ ਨੂੰ ਪ੍ਰਭਾਵਿਤ ਕਰਨ ਦੇ ਅਧਿਕਾਰ ਦਾ ਕੋਈ ਖਾਸ ਮਤਲਬ ਨਹੀਂ ਰਹਿ ਜਾਂਦਾ।

ਭਾਰਤ ਦੇ ਸੰਦਰਭ ਵਿੱਚ ਗੱਲ ਨੂੰ ਇਸ ਤਰ੍ਹਾਂ ਸਮਝ ਸਕਦੇ ਹਾਂ ਕਿ ਜੇ ਸਾਡਾ ਲੋਕਤੰਤਰ ਨਿਯੰਤ੍ਰਿਤ ਨਹੀਂ ਹੋਇਆ ਹੁੰਦਾ ਅਤੇ ਚੋਣ ਕਮਿਸ਼ਨ ਦੀਆਂ ਸ਼ਕਤੀਆਂ ਉਸ ਵਿੱਚ ਨਿਹਿਤ ਹੁੰਦੀਆਂ ਤਾਂ ਸਭ ਤੋਂ ਪਹਿਲਾਂ ਉਹ ਅਜਿਹੀ ਸਥਿਤੀ ਪੈਦਾ ਹੀ ਨਹੀਂ ਹੋਣ ਦਿੰਦਾ, ਜਿਸ ਵਿੱਚ ਵੋਟਾਂ ਦੀ ਗੁਪਤ ਚੋਰੀ ਹੋਵੇ ਅਤੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੂੰ ਇਸ ਦਾ ਖੁਲਾਸਾ ਕਰਨਾ ਪਵੇ।

ਦੂਜੇ, ਜੇ ਕਿਸੇ ਕਾਰਨ ਅਜਿਹੀ ਸਥਿਤੀ ਬਣ ਵੀ ਜਾਂਦੀ, ਤਾਂ ਕਮਿਸ਼ਨ ਤੁਰੰਤ ਉਸ ਨੂੰ ਬਦਲਣ ਵਿੱਚ ਜੁਟ ਜਾਂਦਾ ਤਾਂ ਜੋ ਚੋਣ ਪ੍ਰਕਿਰਿਆ ਦੀ ਸੁਤੰਤਰਤਾ ਅਤੇ ਨਿਰਪੱਖਤਾ ਨੂੰ ਲੈ ਕੇ ਆਮ ਲੋਕਾਂ ਦੇ ਮਨਾਂ ਵਿੱਚ ਪੈਦਾ ਹੋਇਆ ਅਵਿਸ਼ਵਾਸ ਘਟੇ, ਨਾ ਕਿ ਹੋਰ ਗਹਿਰਾ ਹੋਵੇ।

ਤਦ ਉਹ ਰਾਹੁਲ ਗਾਂਧੀ ਦੁਆਰਾ ਜ਼ਿਕਰ ਕੀਤੇ ਗਏ ਵੋਟ ਚੋਰੀ ਦੇ ਪੰਜਾਂ ਤਰੀਕਿਆਂ ਸਬੰਧੀ ਤੱਥਾਤਮਕ ਅਤੇ ਭਰੋਸੇਮੰਦ ਸਫ਼ਾਈ ਪੇਸ਼ ਕਰਦਾ ਅਤੇ ਇਨ੍ਹਾਂ ਦੇ ਸਿਲਸਿਲੇ ਵਿੱਚ ਉੱਠ ਰਹੇ ਸਾਰੇ ਸਵਾਲਾਂ ਦੇ ਸਮੁੱਚੇ ਜਵਾਬ ਦਿੰਦਾ। ਜੇ ਸਫ਼ਾਈ ਸੰਭਵ ਨਾ ਹੁੰਦੀ ਤਾਂ ਉਹ ਅੱਗੇ ਅਜਿਹੀ ਚੋਰੀ ਨਾ ਹੋਣ ਦੇਣ ਦੇ ਪੱਕੇ ਇੰਤਜ਼ਾਮ ਯਕੀਨੀ ਕਰਦਾ।

ਨਾਲ ਹੀ, ਉਹ ਸਮਝਦਾ ਕਿ ਕੋਈ ਵੀ ਸੰਵਿਧਾਨਕ ਸੰਸਥਾ, ਚਾਹੇ ਉਹ ਕਿੰਨੀ ਵੀ ਉੱਚੀ ਜਾਂ ਸ਼ਕਤੀਸ਼ਾਲੀ ਹੋਵੇ, ਅੰਤ ਵਿੱਚ ਜਨਤਾ ਪ੍ਰਤੀ ਹੀ ਜਵਾਬਦੇਹ ਹੈ ਅਤੇ ਉਸੇ ਜਨਤਾ ਨੇ ਰਾਹੁਲ ਗਾਂਧੀ ਨੂੰ ਵਿਰੋਧੀ ਧਿਰ ਦਾ ਨੇਤਾ ਬਣਾ ਕੇ ਉਸ ਨੂੰ ਸਵਾਲ ਉਠਾਉਣ ਤੇ ਕਟਹਿਰੇ ਵਿੱਚ ਖੜ੍ਹਾ ਕਰਨ ਦਾ ਅਧਿਕਾਰ ਦਿੱਤਾ ਹੈ।

ਇਸ ਦੇ ਉਲਟ, ਜਿਸ ਤਰ੍ਹਾਂ ਉਹ ਸਾਰੇ ਵਿਰੋਧੀ ਧਿਰ ‘ਤੇ ਹਮਲਾਵਰ ਹੋ ਕੇ ਸੱਤਾਧਾਰੀ ਪਾਰਟੀ ਦੇ ਬਿਰਤਾਂਤ ਨੂੰ ਅੱਗੇ ਵਧਾਉਣ ਵਿੱਚ ਆਪਣੀ ਆਖਰੀ ਸ਼ਰਮ ਤੱਕ ਉਤਾਰਨ ਅਤੇ ਆਪਣੇ ਦਾਮਨ ‘ਤੇ ਲੱਗੀ ਕਾਲਖ ਨੂੰ ਹੋਰ ਗਹਿਰਾ ਕਰਨ ਦੀਆਂ ਕੋਸ਼ਿਸ਼ਾਂ ਵਿੱਚ ਮਸਤ ਹੈ, ਭਾਵੇਂ ਸੁਪਰੀਮ ਕੋਰਟ ਵੀ ਉਸ ਤੋਂ ਖੁਸ਼ ਨਹੀਂ ਜਾਪਦਾ, ਇਸ ਨਾਲ ਸ਼ਾਇਦ ਹੀ ਕਿਸੇ ਨੂੰ ਸ਼ੱਕ ਹੋਵੇ ਕਿ ਇਸ ‘ਲੋਕਤੰਤਰ’ ਵਿੱਚ ਉਸ ਦਾ ਨਿਯੰਤਰਣ ਕਿੱਥੋਂ ਹੋਣ ਲੱਗ ਪਿਆ ਹੈ! ਹੱਦ ਤਾਂ ਇਹ ਹੈ ਕਿ ਉਸ ਨੂੰ ਅਤੇ ਉਸ ਦੇ ‘ਆਕਾਵਾਂ’ ਨੂੰ ਇਹ ਸਮਝਣਾ ਵੀ ਗਵਾਰਾ ਨਹੀਂ ਕਿ ਜੇ ਚੋਣਾਂ ਸੁਤੰਤਰ ਅਤੇ ਨਿਰਪੱਖ ਨਹੀਂ ਰਹਿੰਦੀਆਂ, ਤਾਂ ਉਹ ਲੋਕਤੰਤਰ ਦੀ ਆਤਮਾ ਨਹੀਂ ਰਹਿ ਜਾਂਦੀ ਅਤੇ ਸਿਰਫ਼ ਚੋਣਾਂ ਕਰਵਾਉਣ ਨਾਲ ਕੋਈ ਦੇਸ਼ ਜਾਂ ਉਸ ਦੀ ਸਰਕਾਰ ਲੋਕਤੰਤਰੀ ਨਹੀਂ ਹੋ ਜਾਂਦੀ।

ਮਿਸਾਲ ਵਜੋਂ, ਰੂਸ ਵਿੱਚ ਵੀ ਚੋਣ ਕਮਿਸ਼ਨ ਹੈ ਅਤੇ ਉੱਥੇ ਵੀ ਸੰਸਦ ਅਤੇ ਰਾਸ਼ਟਰਪਤੀ ਦੀਆਂ ਨਿਯਮਤ ਚੋਣਾਂ ਹੁੰਦੀਆਂ ਹਨ। ਵੱਖ-ਵੱਖ ਪਾਰਟੀਆਂ ਦੇ ਉਮੀਦਵਾਰ ਵੀ ਚੋਣ ਮੈਦਾਨ ਵਿੱਚ ਉਤਰਦੇ ਹਨ; ਪਰ ਇਹ ਸਭ ਕਿਸੇ ਢੋਂਗ ਤੋਂ ਜ਼ਿਆਦਾ ਨਹੀਂ ਹੁੰਦਾ। ਇਸੇ ਕਰ ਕੇ ਪਿਛਲੇ ਢਾਈ ਦਹਾਕਿਆਂ ਤੋਂ ਵਲਾਦੀਮੀਰ ਪੁਤਿਨ ਅਤੇ ਉਸ ਦੀ ਪਾਰਟੀ ਹੀ ਸੱਤਾ ‘ਤੇ ਕਾਬਜ਼ ਹੈ। ਇੰਨਾ ਹੀ ਨਹੀਂ, ਉਸ ਦੀ ਸਰਕਾਰ ਦਾ ਵਿਰੋਧ ਕਰਨ ਵਾਲਿਆਂ ਅਤੇ ਸੱਚਾਈ ਨੂੰ ਉਜਾਗਰ ਕਰਨ ਵਾਲਿਆਂ ਦਾ ਸਥਾਨ ਦੇਸ਼ ਦੀਆਂ ਜੇਲ੍ਹਾਂ ਵਿੱਚ ਹੈ। ਅਜਿਹੇ ਵਿੱਚ ਕੋਈ ਸੱਚਾ ਲੋਕਤੰਤਰ ਪ੍ਰੇਮੀ ਰੂਸ ਨੂੰ ਲੋਕਤੰਤਰੀ ਦੇਸ਼ ਕਿਉਂ ਕਹੇਗਾ?

ਯਾਦ ਰਹੇ, ਜਰਮਨੀ ਦਾ ਤਾਨਾਸ਼ਾਹ ਐਡੋਲਫ ਹਿਟਲਰ ਵੀ ਚੋਣਾਂ ਰਾਹੀਂ ਸੱਤਾ ਵਿੱਚ ਆਇਆ ਸੀ ਅਤੇ ਚੋਣਾਂ ਜਿੱਤ ਕੇ ਹੀ ਸੱਤਾ ‘ਤੇ ਕਾਬਜ਼ ਰਿਹਾ; ਪਰ ਸਿਰਫ਼ ਚੋਣਾਂ ਕਰਵਾਉਣ ਨਾਲ ਕੋਈ ਉਸ ਨੂੰ, ਉਸ ਦੇ ਸ਼ਾਸਨਕਾਲ ਜਾਂ ਦੇਸ਼ (ਜਰਮਨੀ) ਨੂੰ ਲੋਕਤੰਤਰੀ ਨਹੀਂ ਕਹਿੰਦਾ।

ਸੱਚੇ ਲੋਕਤੰਤਰ ਵਿੱਚ ਚੋਣਾਂ ਦੇ ਸਮੇਂ ਸਿਰ ਹੋਣ ਨਾਲੋਂ ਕਿਤੇ ਜ਼ਿਆਦਾ ਜ਼ਰੂਰੀ ਉਨ੍ਹਾਂ ਦਾ ਸੁਤੰਤਰ ਅਤੇ ਨਿਰਪੱਖ ਹੋਣਾ ਹੁੰਦਾ ਹੈ, ਜੋ ਤਦ ਹੀ ਸੰਭਵ ਹੈ, ਜਦੋਂ ਚੋਣ ਕਰਵਾਉਣ ਵਾਲੀ ਮਸ਼ੀਨਰੀ ਪੂਰੀ ਤਰ੍ਹਾਂ ਸੁਤੰਤਰ ਅਤੇ ਨਿਰਪੱਖ ਢੰਗ ਨਾਲ ਕੰਮ ਕਰੇ। ਇਹ ਤਦ ਹੀ ਸੰਭਵ ਹੈ, ਜਦੋਂ ਚੋਣ ਕਮਿਸ਼ਨ ਇਸ ਪ੍ਰਤੀ ਦ੍ਰਿੜ ਸੰਕਲਪ ਹੋਵੇ।

ਇਸ ਦ੍ਰਿੜ ਸੰਕਲਪ ਨੂੰ ਯਕੀਨੀ ਕਰਨ ਲਈ ਹੀ ਸਾਡੇ ਸੰਵਿਧਾਨ ਵਿੱਚ ਮੁੱਖ ਚੋਣ ਕਮਿਸ਼ਨਰ ਅਤੇ ਹੋਰ ਚੋਣ ਕਮਿਸ਼ਨਰਾਂ ਨੂੰ ਇਹ ਸੁਰੱਖਿਆ ਦਿੱਤੀ ਗਈ ਹੈ ਕਿ ਇੱਕ ਵਾਰ ਨਿਯੁਕਤੀ ਤੋਂ ਬਾਅਦ ਉਨ੍ਹਾਂ ਨੂੰ ਸੰਸਦ ਦੇ ਦੋਵੇਂ ਸਦਨਾਂ ਵਿੱਚ ਪਾਸ ਹੋਏ ਮਹਾਂਅਭਿਯੋਗ ਪ੍ਰਸਤਾਵ ਰਾਹੀਂ ਹੀ ਹਟਾਇਆ ਜਾ ਸਕਦਾ ਹੈ। ਇਸ ਪ੍ਰਸਤਾਵ ਦਾ ਸੰਸਦ ਦੇ ਦੋਵੇਂ ਸਦਨਾਂ ਵਿੱਚ ਦੋ-ਤਿਹਾਈ ਬਹੁਮਤ ਨਾਲ ਪਾਸ ਹੋਣਾ ਵੀ ਜ਼ਰੂਰੀ ਕੀਤਾ ਗਿਆ ਹੈ।

ਇਸ ਦੇ ਬਾਵਜੂਦ, ਕਿਉਂਕਿ ਦੇਸ਼ ਵਿੱਚ ਨਿਯੰਤ੍ਰਿਤ ਲੋਕਤੰਤਰ ਦੀ ਸਥਿਤੀ ਬਣਾ ਦਿੱਤੀ ਗਈ ਹੈ, ਅਸਲ ਲੋਕਤੰਤਰ ਵਿੱਚ ਚੋਣ ਕਮਿਸ਼ਨ ਤੋਂ ਕੀਤੀ ਜਾਣ ਵਾਲੀ ਇਹ ਉਮੀਦ ਪੂਰੀ ਨਹੀਂ ਹੋ ਰਹੀ ਕਿ ਉਹ ਨਾ ਸਿਰਫ਼ ਸੁਤੰਤਰ ਸਗੋਂ ਨਿਰਪੱਖ ਵੀ ਰਹੇ। ਬਦਕਿਸਮਤੀ ਇਹ ਹੈ ਕਿ ਕਮਿਸ਼ਨ ਆਪਣੀ ਨਿਰਪੱਖਤਾ ਸਿਰਫ਼ ਮੁੱਖ ਚੋਣ ਕਮਿਸ਼ਨਰ ਦੇ ਜ਼ੁਬਾਨੀ ਜਮਾਂ-ਖਰਚ ਨਾਲ ਸਾਬਤ ਕਰਨਾ ਚਾਹੁੰਦਾ ਹੈ ਕਿ ਉਸ ਦੀ ਨਜ਼ਰ ਵਿੱਚ ਵਿਰੋਧੀ ਧਿਰ ਅਤੇ ਸੱਤਾਧਾਰੀ ਪਾਰਟੀ ਸਭ ਬਰਾਬਰ ਹਨ। ਕਾਸ਼, ਇਸ ਬਰਾਬਰਤਾ ਨੂੰ ਉਹ ਆਪਣੇ ਆਚਰਣ ਵਿੱਚ ਵੀ ਉਤਾਰ ਲੈਂਦਾ!

ਦੂਜੇ ਪਾਸੇ, ਬਿਹਾਰ ਵਿੱਚ ਉਸ ਦੀਆਂ ਕਾਰਸਤਾਨੀਆਂ ‘ਤੇ ਸੰਸਦ ਵਿੱਚ ਚਰਚਾ ਦੀ ਵਿਰੋਧੀ ਧਿਰ ਦੀ ਮੰਗ ਦੇ ਸਿਲਸਿਲੇ ਵਿੱਚ ਨਾ ਤਾਂ ਉਸ ਦੀ ਸਮਰਥਕ ਸਰਕਾਰ ਅਤੇ ਨਾ ਹੀ ਸੱਤਾਧਾਰੀ ਪਾਰਟੀ ਇਹ ਸਵੀਕਾਰ ਕਰਨ ਲਈ ਤਿਆਰ ਹੈ ਕਿ ਕੋਈ ਵੀ ਸੰਵਿਧਾਨਕ ਸੰਸਥਾ ਸੰਸਦ ਤੋਂ ਉੱਪਰ ਨਹੀਂ ਹੋ ਸਕਦੀ, ਕਿਉਂਕਿ ਸੰਵਿਧਾਨ ਅਨੁਸਾਰ ਸੰਸਦ ਹੀ ਸਰਵਉੱਚ ਸੰਸਥਾ ਅਤੇ ਜਨਤਾ ਦੀ ਇੱਛਾ ਦਾ ਦਰਪਣ ਹੈ।

ਉਨ੍ਹਾਂ ਕੋਲ ਇਸ ਸਵਾਲ ਦਾ ਵੀ ਜਵਾਬ ਨਹੀਂ ਹੈ ਕਿ ਜੇ ਸੰਸਦ ਨੂੰ ਮੁੱਖ ਚੋਣ ਕਮਿਸ਼ਨਰ ‘ਤੇ ਮਹਾਂਅਭਿਯੋਗ ਲਗਾ ਕੇ ਉਨ੍ਹਾਂ ਨੂੰ ਅਹੁਦੇ ਤੋਂ ਹਟਾਉਣ ਦਾ ਅਧਿਕਾਰ ਹੈ, ਤਾਂ ਉਹ ਉਨ੍ਹਾਂ ਦੇ ਆਚਰਣ ‘ਤੇ ਬਹਿਸ ਕਿਉਂ ਨਹੀਂ ਕਰ ਸਕਦੀ? ਖਾਸਕਰ ਜਦੋਂ ਉਹ ਪ੍ਰੈਸ ਕਾਨਫਰੰਸਾਂ ਵਿੱਚ ਵੀ ਬੇਸ਼ਰਮੀ ਨਾਲ ਭਾਜਪਾ ਅਤੇ ਉਸ ਦੀ ਸਰਕਾਰ ਦੀ ਭਾਸ਼ਾ ਬੋਲ ਰਹੇ ਹਨ, ਜੋ ਨਿਸ਼ਚਿਤ ਤੌਰ ‘ਤੇ ਲੋਕਤੰਤਰ ਲਈ ਗਹਿਰਾ ਸਦਮਾ ਹੈ। ਅਜਿਹਾ ਸਦਮਾ ਜੋ ਉਸ ਨੇ ਲੋਕਤੰਤਰ ਦੇ ਸਰੋਤ ਨੂੰ ਹੀ ਜ਼ਹਿਰੀਲਾ ਕਰ ਕੇ ਪੈਦਾ ਕੀਤਾ ਹੈ।

ਪਰ ਸਿਰਫ਼ ਚੋਣ ਕਮਿਸ਼ਨ ਦੀ ਹੀ ਗੱਲ ਕਿਉਂ ਕੀਤੀ ਜਾਵੇ? ਅਸੀਂ ਦੇਖ ਰਹੇ ਹਾਂ ਕਿ ਲੋਕਤੰਤਰ ਦੇ ਨਿਯੰਤ੍ਰਿਤ ਲੋਕਤੰਤਰ ਵਿੱਚ ਬਦਲ ਜਾਣ ਕਾਰਨ ਸੰਸਦ, ਰਾਜਪਾਲ ਵਰਗੀਆਂ ਸੰਵਿਧਾਨਕ ਸੰਸਥਾਵਾਂ ਹੋਣ ਜਾਂ ਸੀ.ਬੀ.ਆਈ. ਅਤੇ ਈ.ਡੀ. ਵਰਗੀਆਂ ਵਿਧਾਨਕ ਸੰਸਥਾਵਾਂ, ਕੋਈ ਵੀ ਸੁਤੰਤਰ ਅਤੇ ਨਿਰਪੱਖ ਢੰਗ ਨਾਲ ਕੰਮ ਨਹੀਂ ਕਰ ਪਾ ਰਹੀਆਂ। ਨਿਆਂਪਾਲਿਕਾ ਦੀ ਸੁਤੰਤਰਤਾ ਵੀ ਵਾਰ-ਵਾਰ ਸਵਾਲਾਂ ਦੇ ਘੇਰੇ ਵਿੱਚ ਆਉਣ ਤੋਂ ਨਹੀਂ ਬਚ ਪਾ ਰਹੀ।

ਪ੍ਰਚਾਰਿਤ ਭਾਵੇਂ ਕੀਤਾ ਜਾਂਦਾ ਹੈ ਕਿ ਸੰਵਿਧਾਨਕ ਅਤੇ ਵਿਧਾਨਕ ਸੰਸਥਾਵਾਂ ਸੁਤੰਤਰ ਢੰਗ ਨਾਲ ਕੰਮ ਕਰਦੀਆਂ ਤੇ ਫੈਸਲੇ ਲੈਂਦੀਆਂ ਹਨ, ਪਰ ਵਿਹਾਰ ਵਿੱਚ ਉਹ ਇਸ ਦੇ ਉਲਟ ਸੱਤਾ, ਖਾਸਕਰ ਉਸ ਦੇ ਮੁਖੀ ਦੇ ਇਸ਼ਾਰਿਆਂ ‘ਤੇ ਕੰਮ ਕਰਨ ਲੱਗੀਆਂ ਹਨ। ਉਹ ਉਸੇ ਦੀ ਭਾਸ਼ਾ ਬੋਲਦੀਆਂ ਹਨ ਅਤੇ ਉਸ ਦੇ ਕੰਮਾਂ ਵਿੱਚ ਕਿੰਨਾ ਵੀ ਖੋਟ ਕਿਉਂ ਨਾ ਹੋਵੇ, ਉਨ੍ਹਾਂ ‘ਤੇ ਸਵਾਲ ਨਹੀਂ ਉਠਾਉਂਦੀਆਂ।

ਹੁਣ ਤਾਂ ਅਸੀਂ ਇਹ ਵੀ ਦੇਖ ਰਹੇ ਹਾਂ ਕਿ ਲੋਕ ਸਭਾ ਦੇ ਸਪੀਕਰ ਅਤੇ ਰਾਜ ਸਭਾ ਦੇ ਸਭਾਪਤੀ ਤੱਕ ਸੱਤਾ ਦੇ ਇਸ਼ਾਰਿਆਂ ‘ਤੇ ਕੰਮ ਕਰਦੇ ਹਨ ਅਤੇ ਜੇ ਨਹੀਂ ਕਰਦੇ ਤਾਂ ਜਗਦੀਪ ਧਨਖੜ ਦੀ ਗਤੀ ਨੂੰ ਪ੍ਰਾਪਤ ਹੋ ਜਾਂਦੇ ਹਨ।

ਆਈ.ਏ.ਐਸ. ਜਾਂ ਆਈ.ਪੀ.ਐਸ. ਅਫਸਰਾਂ ਯਾਨੀ ਨੌਕਰਸ਼ਾਹਾਂ ਦੀ ਗੱਲ ਵੀ ਕੀ ਕੀਤੀ ਜਾਵੇ! ਯੂਨੀਵਰਸਿਟੀਆਂ ਦੇ ਕੁਲਪਤੀਆਂ, ਵੱਖ-ਵੱਖ ਤਰ੍ਹਾਂ ਦੇ ਕਮਿਸ਼ਨਾਂ ਦੇ ਚੇਅਰਮੈਨਾਂ, ਉੱਚ ਤਕਨੀਕੀ ਅਤੇ ਮੈਡੀਕਲ ਸੰਸਥਾਵਾਂ ਦੇ ਮੁਖੀਆਂ ਦਾ ਹਾਲ ਵੀ ਕੁਝ ਵੱਖਰਾ ਨਹੀਂ ਹੈ ਤੇ ਉਹ ਵੀ ‘ਉੱਪਰ ਦੇ ਇਸ਼ਾਰਿਆਂ ਉਤੇ’ ਹੀ ਕੰਮ ਕਰਨ ਲੱਗੇ ਹਨ। ਇਸ ਕਰ ਕੇ ਨਾ ਤਾਂ ਉਨ੍ਹਾਂ ਵੱਲੋਂ ਲਏ ਜਾਣ ਵਾਲੇ ਫੈਸਲੇ ਸੁਤੰਤਰ ਅਤੇ ਨਿਰਪੱਖ ਰਹਿੰਦੇ ਹਨ, ਨਾ ਹੀ ਨਿਯੁਕਤੀਆਂ ਅਤੇ ਨਾ ਹੀ ਉਨ੍ਹਾਂ ਵੱਲੋਂ ਚੁੱਕੇ ਜਾਣ ਵਾਲੇ ਹੋਰ ਕਦਮ।

ਹੁਣ ਤਾਂ ਇਹ ਵੀ ਕੋਈ ਦੱਸਣ ਵਾਲੀ ਗੱਲ ਨਹੀਂ ਕਿ ਇਸ ਨਿਯੰਤ੍ਰਿਤ ਲੋਕਤੰਤਰ ਵਿੱਚ ਚਾਰੇ ਪਾਸੇ ਸੱਤਾ ਦੇ ਸਰਦਾਰਾਂ ਦੇ ਜੈਕਾਰਿਆਂ ਦਾ ਸ਼ੋਰ ਹੈ, ਜੋ ਇਸ ਲਈ ਮਚਾਇਆ ਜਾ ਰਿਹਾ ਹੈ ਤਾਂ ਜੋ ਉਸ ਦੀ ਆੜ ਵਿੱਚ ਸੱਚ ਨੂੰ ਗੁਰੂਰ ਨਾਲ ਸਫਲਤਾਪੂਰਵਕ ਪਿੱਛੇ ਧੱਕਿਆ ਜਾ ਸਕੇ।







ਹਾਲਾਤ-ਏ-ਹਾਜ਼ਰਾ

ਕਮਲ ਦੁਸਾਂਝ

# ਸੱਚ ਨੂੰ ਜੇਲ੍ਹ ਵਿੱਚ ਡੱਕਣ ਦੀ ਕੋਸ਼ਿਸ਼

## "ਕਿਤਾਬਾਂ ਸਾਡੇ ਦਿਲ ਅਤੇ ਦਿਮਾਗ ਦੀਆਂ ਖਿੜਕੀਆਂ ਹਨ, ਜਿਨ੍ਹਾਂ ਨੂੰ ਕੋਈ ਸੱਤਾ ਬੰਦ ਨਹੀਂ ਕਰ ਸਕਦੀ।" -ਅਰੁੰਧਤੀ ਰਾਏ

ਬੋਲਣਾ ਚਾਹੁੰਦੇ ਹੋ? ਜ਼ਰੂਰ ਬੋਲੋ... ਬੋਲਣਾ ਸਮੇਂ ਦੀ ਜ਼ਰੂਰਤ ਹੈ। ਲਿਖਣਾ ਚਾਹੁੰਦੇ ਹੋ? ਜੀਅ ਸਦਕੇ ਲਿਖੋ। ਸੱਚ ਲਿਖਣਾ ਹੀ ਕਲਮ ਦਾ ਧਰਮ ਹੈ, ਪਰ... ਜ਼ਰਾ 'ਬਚ-ਬਚਾ ਕੇ'... ਬੋਲਣ-ਲਿਖਣ 'ਤੇ ਤਾਂ ਹਜ਼ਾਰਾਂ ਹਜ਼ਾਰ ਪਹਿਰੇ ਹਨ। ਸੱਤਾ ਸਿਆਸਤ ਨੇ ਤੁਹਾਡੀ ਸੋਚ ਨੂੰ... ਤੁਹਾਡੇ ਵਿਚਾਰਾਂ ਨੂੰ ਫੁੰਡਣ ਲਈ ਨਵੇਂ-ਨਕੋਰ 'ਹਥਿਆਰ' ਘੜ ਲਏ ਹਨ। ਫੇਰ ਵੀ ਕੁਝ ਕਹਿਣਾ ਚਾਹੁੰਦੇ ਹੋ ਤਾਂ ਇੱਕ ਝਾਤ ਤਾਜ਼ਾ ਹੁਕਮਾਂ 'ਤੇ ਜ਼ਰੂਰ ਮਾਰ ਲੈਣਾ। ਇਹ ਹੁਕਮ ਵਾਇਆ ਜੰਮੂ-ਕਸ਼ਮੀਰ ਆਏ ਹਨ।

ਜੰਮੂ-ਕਸ਼ਮੀਰ ਵਿੱਚ 25 ਕਿਤਾਬਾਂ 'ਤੇ ਪਾਬੰਦੀ ਲਗਾਈ ਗਈ ਹੈ, ਜਿਹਦੇ ਵਿੱਚ ਏ.ਜੀ. ਨੂਰਾਨੀ ਦੀ 'ਦ ਕਸ਼ਮੀਰ ਡਿਸਪਿਊਟ', ਬਰਤਾਨਵੀ ਇਤਿਹਾਸਕਾਰ ਵਿਕਟੋਰੀਆ ਸਕੋਫੀਲਡ ਦੀ 'ਕਸ਼ਮੀਰ ਇਨ ਕਾਨਫ਼ਲਿਕਟ', ਅਰੁੰਧਤੀ ਰਾਏ ਦੀ 'ਆਜ਼ਾਦੀ' ਅਤੇ ਸੁਮੰਤਰ ਬੋਸ ਦੀ 'ਕੰਟੈਸਟਡ ਲੈਂਡਸ' ਵੀ ਸ਼ਾਮਲ ਹਨ। ਇਨ੍ਹਾਂ ਕਿਤਾਬਾਂ 'ਤੇ 'ਵੱਖਵਾਦ' ਅਤੇ 'ਅਤਿਵਾਦ ਨੂੰ ਉਤਸ਼ਾਹਤ ਕਰਨ' ਦੇ ਬੇਬੁਨਿਆਦ ਦੋਸ਼ ਲਗਾ ਕੇ ਪਾਬੰਦੀ ਲਗਾਈ ਗਈ ਹੈ। ਇਹ ਪਾਬੰਦੀ ਨਾ ਸਿਰਫ਼ ਲਿਖਣ-ਬੋਲਣ ਦੀ ਆਜ਼ਾਦੀ 'ਤੇ ਹਮਲਾ ਹੈ, ਸਗੋਂ ਇਤਿਹਾਸ ਅਤੇ ਸੱਚ ਨੂੰ ਜ਼ਾਹਰਾ ਤੌਰ 'ਤੇ ਦਬਾਉਣ ਦੀ ਕੋਸ਼ਿਸ਼ ਵੀ ਹੈ। ਨਹੀਂ... ਇਹ ਪਹਿਲੀ ਵਾਰ ਤਾਂ ਬਿਲਕੁਲ ਨਹੀਂ ਵਾਪਰ ਰਿਹਾ ਤੇ ਨਾ ਹੀ ਇਹ ਕਿਸੇ ਇੱਕ ਮੁਲਕ ਦੀ ਹੋਣੀ ਹੈ। ਜਦੋਂ ਧਰਤੀ ਸੁੰਗੜ ਕੇ 'ਇੱਕ ਪਿੰਡ' ਵਿੱਚ ਬੱਝਣੀ ਸ਼ੁਰੂ ਹੀ ਹੋਈ ਸੀ ਤਾਂ ਆਲਮੀ ਹਕੂਮਤਾਂ ਨੇ ਆਵਾਮ ਨੂੰ 'ਕਰਿੰਗੜੀ' ਵਿੱਚ ਘੁੱਟਣ ਲਈ ਉਦੋਂ ਹੀ ਹੱਥ ਮਿਲਾ ਲਏ ਸਨ। ਸੋ, ਤੁਸੀਂ ਧਰਤੀ ਦੇ ਕਿਸੇ ਵੀ ਹਿੱਸੇ 'ਚ ਲੁਕ ਜਾਓ, ਸੱਤਾ ਦਾ ਸੇਕ ਬਰਾਬਰ ਹੀ ਲੱਗੇਗਾ।


ਦਰਅਸਲ ਚੇਤੰਨ ਦਿਮਾਗ ਤੋਂ ਸੱਤਾ ਹਮੇਸ਼ਾ ਹੀ ਖੌਫ਼ ਖਾਇਆ ਕਰਦੀ ਹੈ ਤੇ ਡਰੀ-ਸਹਿਮੀ ਸੱਤਾ ਅਵਾਮ ਨੂੰ ਆਪਣੀ ਤਾਕਤ ਦੇ ਜ਼ੋਰ 'ਤੇ ਡਰਾਉਣ-ਧਮਕਾਉਣ ਦੇ ਹਰ ਹੀਲੇ ਵਰਤਦੀ ਹੈ। ਇੰਦਰਾ ਗਾਂਧੀ ਵਲੋਂ ਐਲਾਨੀ ਗਈ ਐਮਰਜੈਂਸੀ ਤੋਂ ਲੈ ਕੇ 2015 ਤੋਂ ਬਾਅਦ ਅਣਐਲਾਨੀ ਐਮਰਜੈਂਸੀ ਨੇ ਆਜ਼ਾਦੀ ਦੇ ਅਰਥ ਹੀ ਬਦਲ ਕੇ ਰੱਖ ਦਿੱਤੇ ਹਨ। ਬੇਰੁਜ਼ਗਾਰੀ, ਭੁੱਖਮਰੀ, ਅਨਪੜ੍ਹਤਾ ਤੋਂ ਆਜ਼ਾਦੀ ਮੰਗਦੇ ਲੋਕਾਂ ਨੂੰ ਜਾਂ ਜੇਲ੍ਹ ਮਿਲਦੀ ਹੈ ਜਾਂ ਮੌਤ।


ਅੱਜ ਜਦੋਂ ਆਜ਼ਾਦੀ ਦਾ ਮਹਾਉਤਸਵ ਹੋ ਰਿਹਾ ਹੈ ਤਾਂ ਸਮਾਜਕ ਬਰਾਬਰੀ ਦੀ ਲੜਾਈ ਲੜ ਰਿਹਾ ਨੌਜਵਾਨ ਉਮਰ ਖ਼ਾਲਿਦ ਬਿਨਾ ਸੁਣਵਾਈ ਦੇ ਜੇਲ੍ਹ ਵਿੱਚ ਹੈ। ਦੂਜੇ ਪਾਸੇ ਅਖੌਤੀ ਗਊ ਰੱਖਿਅਕ, ਜਿਸ ਨੇ ਹਰਿਆਣਾ ਦੇ ਨਾਰਨੌਲ ਵਿੱਚ ਦੋ ਮੁਸਲਿਮ ਭਰਾਵਾਂ ਨੂੰ ਜਿਉਂਦਾ ਸਾੜ ਦਿੱਤਾ, ਉਹ ਆਜ਼ਾਦ ਘੁੰਮ ਰਿਹਾ ਹੈ। ਸਿਰਫ਼ ਆਜ਼ਾਦ ਹੀ ਨਹੀਂ, ਸਗੋਂ ਸੁਰੱਖਿਅਤ ਪਹਿਰੇ ਹੇਠ ਹੈ।


ਲੇਖਕ, ਬੁੱਧੀਜੀਵੀ, ਚਿੰਤਕ, ਸਮਾਜ ਸੇਵੀ ਜੇਕਰ ਆਪਣਾ ਇਖ਼ਲਾਕੀ ਫ਼ਰਜ਼ ਸਮਝਦਿਆਂ ਆਮ ਲੁਕਾਈ ਨੂੰ ਦੱਸਣ ਦੀ ਕੋਸ਼ਿਸ਼ ਕਰਦਾ ਹੈ ਕਿ ਕਿਵੇਂ ਉਨ੍ਹਾਂ ਦੀ ਆਰਥਕ, ਸਮਾਜਕ ਅਤੇ ਜ਼ਹਿਨੀ ਲੁੱਟ ਹੋ ਰਹੀ ਹੈ ਤਾਂ ਸੱਤਾ ਦੀਆਂ ਨਜ਼ਰਾਂ ਵਿੱਚ ਉਹ 'ਖ਼ਤਰਨਾਕ' ਹੋ ਜਾਂਦਾ ਹੈ। ਇਹੀ ਵਜ੍ਹਾ ਹੈ ਕਿ ਅੱਜ ਦਲਿਤਾਂ, ਪੱਛੜੇ ਵਰਗਾਂ ਅਤੇ ਘੱਟ ਗਿਣਤੀਆਂ 'ਤੇ ਹਮਲੇ ਤੇਜ਼ ਅਤੇ ਤਿੱਖੇ ਹੁੰਦੇ ਜਾ ਰਹੇ ਹਨ। ਭੀੜ ਦੀ ਹਿੰਸਾ, ਜਾਤੀ ਤੇ ਧਰਮ ਦੇ ਨਾਂ 'ਤੇ ਕਤਲੋਗ਼ਾਰਤ ਅਤੇ ਸਮਾਜਕ ਨਿਆਂ ਦੀ ਮੰਗ ਕਰਨ ਵਾਲਿਆਂ ਨੂੰ ਚੁੱਪ ਕਰਵਾਉਣ ਦੀਆਂ ਕੋਸ਼ਿਸ਼ਾਂ ਨੇ ਸਮਾਜ ਦੇ ਜਮਹੂਰੀ ਢਾਂਚੇ ਨੂੰ ਕਮਜ਼ੋਰ ਕਰ ਦਿੱਤਾ ਹੈ।


ਕਿਹਾ ਜਾਂਦਾ ਹੈ ਕਿ ਭੀੜ ਦਾ ਕੋਈ ਚਿਹਰਾ ਨਹੀਂ ਹੁੰਦਾ... ਪਰ ਨਹੀਂ; ਚਿਹਰਾ ਹੁੰਦਾ ਹੈ... ਪਹਿਲਾਂ ਇਹ ਚਿਹਰਾ ਭੀੜ ਦੇ ਪਿਛੇ ਮਖੌਟੇ ਵਿੱਚ ਹੁੰਦਾ ਸੀ, ਹੁਣ ਇਹਦੇ ਨੈਣ-ਨਕਸ਼ ਪੂਰੀ ਤਰ੍ਹਾਂ ਪਛਾਣ ਹੁੰਦੇ ਹਨ, ਬਸ ਜ਼ੁਬਾਨ 'ਤੇ ਨਾਂ ਲੈਣ ਦਾ ਮਤਲਬ ਦੇਸ਼ ਧਰੋਹ ਹੁੰਦਾ ਹੈ। ਜੇ ਹਿਮਾਕਤ ਕੀਤੀ ਤਾਂ ਯੂ.ਪੀ.ਏ., ਪੀ.ਐਸ.ਏ. ਵਰਗੇ ਕਾਨੂੰਨ ਰਾਹੀਂ ਤੁਹਾਨੂੰ ਚੁੱਪ ਕਰਵਾ ਦਿੱਤਾ ਜਾਂਦਾ ਹੈ।

ਪਰ ਇਤਿਹਾਸ ਹਰ ਦੌਰ ਦੀ ਗਵਾਹੀ ਭਰਦਾ ਹੈ, ਇਹ ਦੱਸਦਾ ਹੈ ਕਿ ਪਾਬੰਦੀਆਂ ਨਾਲ ਵਿਚਾਰਾਂ ਨੂੰ ਡੱਕਿਆ ਨਹੀਂ ਜਾ ਸਕਦਾ। ਇਹ ਸ਼ਾਸ਼ਕਾਂ ਨੂੰ ਚੇਤੇ ਕਰਵਾਉਣ ਲਈ ਵਾਰ-ਵਾਰ ਪ੍ਰਗਟ ਹੁੰਦਾ ਹੈ ਕਿ ਕਿਵੇਂ 1930ਵੇਂ ਦਹਾਕੇ ਵਿੱਚ ਜਰਮਨੀ ਦੀ ਨਾਜ਼ੀ ਸਰਕਾਰ ਦੇ ਖੂੰਖਾਰ ਚਿਹਰੇ ਨੇ ਕਿਤਾਬਾਂ ਸਾੜੀਆਂ ਅਤੇ ਵਿਰੋਧੀ ਸੁਰਾਂ ਨੂੰ ਕੁਚਲਣ ਦੀ ਕੋਸ਼ਿਸ਼ ਕੀਤੀ, ਪਰ ਇਸ ਨਾਲ ਵਿਰੋਧੀ ਸੁਰਾਂ ਹੋਰ-ਹੋਰ ਬੁਲੰਦ ਹੋਈਆਂ।







ਏ.ਜੀ. ਨੂਰਾਨੀ ਅਤੇ ਉਨ੍ਹਾਂ ਦੀ ਪੁਸਤਕ 'ਦ ਕਸ਼ਮੀਰ ਡਿਸਪਿਊਟ'



ਵਿਕਟੋਰੀਆ ਸਕੋਫੀਲਡ ਤੇ ਉਨ੍ਹਾਂ ਦੀ ਪੁਸਤਕ 'ਕਸ਼ਮੀਰ ਇਨ ਕਾਨਫ਼ਲਿਕਟ'



ਨਾਮੀ ਲੇਖਿਕਾ ਅਰੁੰਧਤੀ ਰਾਏ ਅਤੇ ਉਨ੍ਹਾਂ ਦੀ ਪੁਸਤਕ 'ਆਜ਼ਾਦੀ'



ਸੁਮੰਤਰ ਬੋਸ ਅਤੇ ਉਨ੍ਹਾਂ ਦੀ ਪੁਸਤਕ 'ਕੰਟੈਸਟਡ ਲੈਂਡਸ'

ਇਸ ਲਈ ਜੰਮੂ-ਕਸ਼ਮੀਰ ਤੇ ਮੁਲਕ ਦੇ ਕਿਸੇ ਵੀ ਹਿੱਸੇ ਵਿੱਚ ਵਿਚਾਰਾਂ 'ਤੇ ਪਾਬੰਦੀ ਲਗਾ ਕੇ ਅਸਹਿਮਤੀ ਨੂੰ ਨਹੀਂ ਰੋਕਿਆ ਜਾ ਸਕੇਗਾ। ਇਹ ਸਿਰਫ਼ ਲੇਖਕਾਂ, ਬੁੱਧੀਜੀਵੀਆਂ ਅਤੇ ਆਮ ਨਾਗਰਿਕਾਂ ਵਿੱਚ ਡੂੰਘੀ ਨਿਰਾਸ਼ਾ ਅਤੇ ਬੇਯਕੀਨੀ ਹੀ ਪੈਦਾ ਕਰੇਗੀ।

ਆਪਣੇ ਮੁਲਕ ਵਿੱਚ ਜਨ-ਸੰਘਰਸ਼ਾਂ ਨੂੰ ਕੁਚਲਣ ਦਾ ਰੁਝਾਨ ਪਿਛਲੇ ਕੁਝ ਸਾਲਾਂ ਵਿੱਚ ਬੇਹੱਦ ਖ਼ਤਰਨਾਕ ਰੂਪ ਵਿੱਚ ਸਾਹਮਣੇ ਆਇਆ ਹੈ। 2019 ਵਿੱਚ ਧਾਰਾ 370 ਦੇ ਖ਼ਾਤਮੇ ਤੋਂ ਬਾਅਦ, ਜੰਮੂ-ਕਸ਼ਮੀਰ ਵਿੱਚ ਮੌਲਿਕ ਅਧਿਕਾਰਾਂ 'ਤੇ ਹਮਲੇ ਵਧੇ ਹਨ। ਸਖ਼ਤ ਕਾਨੂੰਨਾਂ ਦੀ ਦੁਰਵਰਤੋਂ, ਪੁਲਿਸ ਦੇ ਛਾਪੇ ਅਤੇ ਇਤਰਾਜ਼ਯੋਗ ਸਾਹਿਤ ਦੇ ਨਾਂ 'ਤੇ ਜ਼ਬਤੀ ਨੇ ਆਮ ਨਾਗਰਿਕਾਂ ਦੀ ਆਜ਼ਾਦੀ ਨੂੰ ਸੀਮਤ ਕਰ ਦਿੱਤਾ ਹੈ। ਇਹ ਡਰ ਵੀ ਹੈ ਕਿ ਆਉਣ ਵਾਲੇ ਸਮੇਂ ਵਿੱਚ ਕਿਤਾਬਾਂ ਨੂੰ ਆਪਣੇ ਕੋਲ ਰੱਖਣਾ ਵੀ ਅਪਰਾਧ ਗਿਣਿਆ ਜਾਵੇਗਾ। ਅਜਿਹੀਆਂ ਨੀਤੀਆਂ ਨਾ ਸਿਰਫ਼ ਲਿਖਣ-ਬੋਲਣ ਦੀ ਆਜ਼ਾਦੀ ਨੂੰ ਖ਼ਤਮ ਕਰਦੀਆਂ ਹਨ, ਸਗੋਂ ਸਮਾਜ ਵਿੱਚ ਅਸੰਤੁਸ਼ਟੀ ਅਤੇ ਬੇਯਕੀਨੀ ਨੂੰ ਹੋਰ ਡੂੰਘਾ ਕਰਦੀਆਂ ਹਨ। ਕਦੇ ਸਲਮਾਨ ਰਸ਼ਦੀ ਨੇ ਕਿਹਾ ਸੀ ਕਿ ਕਿਤਾਬਾਂ 'ਤੇ ਪਾਬੰਦੀ ਲਗਾਉਣਾ ਸੱਚ ਨੂੰ ਜੇਲ੍ਹ ਵਿੱਚ ਡੱਕਣ ਦੀਆਂ ਕੋਸ਼ਿਸ਼ਾਂ ਹੁੰਦੀਆਂ ਹਨ।

ਲਿਖਣ-ਬੋਲਣ ਦੀ ਆਜ਼ਾਦੀ ਅਤੇ ਮੌਲਿਕ ਅਧਿਕਾਰ ਸੰਵਿਧਾਨ ਦੀਆਂ ਨੀਂਹਾਂ ਹਨ। ਇਨ੍ਹਾਂ ਨੂੰ ਬਚਾਉਣ ਲਈ ਸਮਾਜ ਦੇ ਸਾਰੇ ਵਰਗਾਂ ਨੂੰ ਇਕੱਠੇ ਹੋਣ ਦੀ ਲੋੜ ਹੈ। ਸਰਕਾਰ ਨੂੰ ਸੈਂਸਰਸ਼ਿਪ ਅਤੇ ਸਖ਼ਤ ਕਾਨੂੰਨਾਂ ਦੀ ਦੁਰਵਰਤੋਂ ਤੁਰੰਤ ਰੋਕਣਾ ਪਵੇਗਾ। ਵਿਚਾਰਾਂ ਦਾ ਮੁਕਾਬਲਾ ਵਿਚਾਰਾਂ ਨਾਲ ਹੋਣਾ ਚਾਹੀਦਾ ਹੈ, ਨਾ ਕਿ ਪਾਬੰਦੀਆਂ ਜਾਂ ਦਮਨ ਨਾਲ। ਆਮ ਨਾਗਰਿਕ ਅਮਨ-ਚੈਨ ਨਾਲ ਜੀਣਾ ਚਾਹੁੰਦੇ ਹਨ ਅਤੇ ਅਸੀਂ ਅਜਿਹੇ ਸਮਾਜ ਦੀ ਕਲਪਨਾ ਕਰਦੇ ਹਾਂ, ਜਿੱਥੇ ਹਰ ਵਿਅਕਤੀ ਨੂੰ ਆਪਣੇ ਵਿਚਾਰ ਖੁੱਲ੍ਹ ਕੇ ਪ੍ਰਗਟਾਉਣ ਦੀ ਆਜ਼ਾਦੀ ਹੋਵੇ। ਸਿਰਫ਼ ਅਜਿਹੇ ਸਮਾਜ ਵਿੱਚ ਹੀ ਅਸਲ ਲੋਕਤੰਤਰ ਪ੍ਰਫੁੱਲਤ ਹੋ ਸਕਦਾ ਹੈ। ਇਸ ਲਈ ਲੇਖਕਾਂ, ਬੁੱਧੀਜੀਵੀਆਂ ਅਤੇ ਚਿੰਤਨਸ਼ੀਲ ਸਮੂਹਾਂ ਦੇ ਨਾਲ਼ ਹੀ ਭਾਰਤ ਦੇ ਹਰ ਜਾਗਰੂਕ ਨਾਗਰਿਕ ਨੂੰ ਇਸ ਧੱਕੇਸ਼ਾਹੀ ਵਿਰੁੱਧ ਲਾਮਬੰਦ ਹੋਣਾ ਹੀ ਪਵੇਗਾ। ਇਹ ਆਪਣਾ ਫ਼ਰਜ਼ ਹੀ ਨਹੀਂ, ਲੋੜ ਵੀ ਹੈ।

# ਆਖ਼ਰ ਕਿੱਥੇ ਗਾਇਬ ਹੋ ਜਾਂਦੇ ਨੇ ਹਜ਼ਾਰਾਂ ਲੋਕ !

ਭਾਰਤ ਦੀ ਰਾਜਧਾਨੀ ਦਿੱਲੀ ਤੋਂ ਇੱਕ ਹੈਰਾਨ ਕਰਨ ਵਾਲਾ ਅੰਕੜਾ ਸਾਹਮਣੇ ਆਇਆ ਹੈ। ਜੋਨਲ ਇੰਟੀਗ੍ਰੇਟਿਡ ਪੁਲਿਸ ਨੈੱਟਵਰਕ (ਜਿਪਨੈੱਟ) ਦੇ ਅੰਕੜਿਆਂ ਅਨੁਸਾਰ ਦਿੱਲੀ ਤੋਂ ਲਗਭਗ 8000 ਲੋਕ ਲਪਤਾ ਹੋਏ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਇਹ ਗਿਣਤੀ ਪਹਿਲੀ ਜਨਵਰੀ ਤੋਂ 23 ਜੁਲਾਈ ਤੱਕ ਦੀ ਹੈ।

ਦੇਸ਼ ਦੀ ਸਭ ਤੋਂ ਸੁਰੱਖਿਅਤ ਸਮਝੀ ਜਾਣ ਵਾਲੀ ਦਿੱਲੀ ਸਿਟੀ ਦੀ ਜੇ ਇਹ ਸਥਿਤੀ ਹੈ ਤਾਂ ਸਟੇਟਸ ਦੀ ਸੁਰੱਖਿਆ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਕੈਮਰਿਆਂ ਅਤੇ ਸੁਰੱਖਿਆ ਤੋਂ ਲੈਸ ਦਿੱਲੀ ਵਿੱਚ ਅਪਰਾਧੀਆਂ ਦੇ ਹੌਸਲੇ ਤਾਂ ਬੁਲੰਦ ਹਨ, ਇਹ ਹੈਰਾਨੀ ਵਾਲੀ ਗੱਲ ਹੈ ਕਿ ਇਸ ਢਾਂਚੇ ਦੀ ਸਰਕਾਰ-ਪ੍ਰਸ਼ਾਸਨ ਦੀ ਤਰਫੋਂ ਕਿਸੇ ਅਧਿਕਾਰੀ ਅਤੇ ਛੋਟੇ-ਬੜੇ ਨੇਤਾ ਦਾ ਬਿਆਨ ਨਹੀਂ ਆਇਆ। ਜੇਕਰ ਮੀਡੀਆ ਨੇ ਗੱਲ ਕਰਨ ਦੀ ਕੋਸ਼ਿਸ਼ ਕੀਤੀ ਤਾਂ ਕਿਸੇ ਨੇ ਵੀ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ।

ਬੀਤੇ ਦਿਨ ਕੁਝ ਪੱਤਰਕਾਰਾਂ ਨੇ ਭਿਖਾਰੀਆਂ ਦੇ ਇੱਕ ਅੱਡੇ 'ਤੇ ਰਿਪੋਰਟਿੰਗ ਕਰਨੀ ਚਾਹੀ, ਪਰ ਭਿਖਾਰੀਆਂ ਨੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ। ਪੱਤਰਕਾਰਾਂ ਦਾ ਉਦੇਸ਼ ਇਹ ਸੀ ਕਿ ਜਿਨ੍ਹਾਂ ਬੱਚਿਆਂ ਅਤੇ ਲੋਕਾਂ ਤੋਂ ਭੀਖ ਮੰਗਵਾਈ ਜਾਂਦੀ ਹੈ, ਆਖਿਰਕਾਰ ਉਹ ਕੌਣ ਹਨ ਅਤੇ ਉਨ੍ਹਾਂ ਦੀ ਪਛਾਣ ਕੀ ਹੈ? ਪੱਤਰਕਾਰਾਂ ਨੇ ਇਸ ਮਾਮਲੇ ਵਿੱਚ ਪੁਲਿਸ ਵਿੱਚ ਸ਼ਿਕਾਇਤ ਵੀ ਕੀਤੀ।

ਦਰਅਸਲ, ਖਦਸ਼ਾ ਇਹ ਪ੍ਰਗਟਾਇਆ ਜਾ ਰਿਹਾ ਹੈ ਕਿ ਜੋ ਲੋਕ ਗਾਇਬ ਹੋ ਜਾਂਦੇ ਹਨ, ਉਨ੍ਹਾਂ ਤੋਂ ਭੀਖ ਮੰਗਵਾਈ ਜਾਂਦੀ ਹੈ। ਉਨ੍ਹਾਂ ਨੂੰ ਕੋਈ ਘਿਨੌਣੇ ਕੰਮ ਕਰਨ ਲਈ ਵਰਤਿਆ ਜਾਂਦਾ ਹੈ। ਇਹ ਮਨੁੱਖੀ ਤਸਕਰੀ ਦਾ ਮਾਮਲਾ ਵੀ ਹੋ ਸਕਦਾ ਹੈ। ਇਸ ਤੋਂ ਇਲਾਵਾ ਜੋ ਲੋਕ ਗਾਇਬ ਸਨ, ਉਨ੍ਹਾਂ ਦਾ ਨਾ ਮਿਲਣਾ ਸੰਕੇਤ ਦਿੰਦਾ ਹੈ ਕਿ ਉਨ੍ਹਾਂ ਦੇ ਅੰਗਾਂ ਦੀ ਕਿਤੇ ਤਸਕਰੀ ਤਾਂ ਨਹੀਂ ਹੋ ਰਹੀ ਹੈ! ਕਾਰਨ ਨਾ ਤਾਂ ਉਨ੍ਹਾਂ ਦੇ ਮਰਨ ਦਾ ਪਤਾ ਲੱਗਦਾ ਹੈ ਅਤੇ ਨਾ ਹੀ ਜੀਣ ਦਾ।

ਖ਼ੈਰ, ਦਿੱਲੀ ਦੇ ਲੋਕਾਂ ਵਿੱਚ ਡਰ ਹੈ। ਇਸ ਦੇ ਬਾਅਦ ਲੋਕਾਂ ਨੇ ਤੈਅ ਕੀਤਾ ਹੈ ਕਿ ਆਪਣੀ ਅਤੇ ਆਪਣੇ ਬੱਚਿਆਂ ਦੀ ਸੁਰੱਖਿਆ ਲਈ ਆਪ ਹੀ ਸੁਚੇਤ ਰਹੋ ਤੇ ਖਾਸ ਧਿਆਨ ਰੱਖੋ; ਕਿਉਂਕਿ ਪੁਲਿਸ ਕੁਝ ਠੋਸ ਨਹੀਂ ਕਰ ਪਾ ਰਹੀ ਹੈ। ਜਿਸ ਤਰੀਕੇ ਨਾਲ ਜਿਨ੍ਹਾਂ ਤਕਨੀਕਾਂ ਦੀ ਵਰਤੋਂ ਕਰਕੇ ਪੁਲਿਸ ਜਾਂਚ-ਪੜਤਾਲ ਕਰ ਸਕਦੀ ਹੈ, ਅਜਿਹੇ ਢੰਗ-ਤਰੀਕੇ ਨਾਲ ਲੋਕ ਆਪ ਨਹੀਂ ਕਰ ਸਕਦੇ। ਪੁਲਿਸ ਅਨੁਸਾਰ ਸ਼ੱਕੀ ਲੋਕ ਜਾਂ ਸਰਵੇ ਦੇ ਨਾਮ 'ਤੇ ਤੁਹਾਨੂੰ ਸੁਵਿਧਾ ਪ੍ਰਦਾਨ ਕਰਨ ਜਾਂ ਪਾਣੀ, ਬਿਜਲੀ ਤੇ ਹੋਰ ਕਿਸੇ ਦੀ ਜਾਂਚ ਕਰਨ ਵਾਲੇ ਫਰਜ਼ੀ ਲੋਕਾਂ ਤੋਂ ਸੁਚੇਤ ਰਹਿਣ ਦੀ ਜ਼ਰੂਰਤ ਹੈ; ਕਿਉਂਕਿ ਸਭ ਤੋਂ ਜ਼ਿਆਦਾ ਕੁਝ ਇਸ ਤਰ੍ਹਾਂ ਦੇ ਲੋਕ ਅੰਜਾਮ ਦਿੰਦੇ ਹਨ। ਇਸ ਤਰ੍ਹਾਂ ਦੇ ਲੋਕ ਪਹਿਲਾਂ ਰੇਕੀ ਕਰਦੇ



ਹਨ, ਫਿਰ ਉਸਦੇ ਬਾਅਦ ਸ਼ਿਕਾਰ ਕਰਦੇ ਹਨ।

ਸੀ.ਸੀ.ਟੀ.ਵੀ. ਦੀ ਨਿਗ੍ਰਾਬਾਨੀ ਹੋਣ ਦੇ ਬਾਅਦ ਵੀ ਜੇ ਕੁਝ ਨਹੀਂ ਹੋਣਾ, ਤਾਂ ਸਵਾਲ ਖੜ੍ਹੇ ਹੁੰਦੇ ਹਨ। ਕੀ ਇਹ ਅਪਰਾਧੀ ਕਾਰਨ ਸ਼ਾਤਰ ਹੈ ਕਿ ਇਸ 'ਤੇ ਹੁਣ ਤੱਕ ਕੋਈ ਵੀ ਕਾਰਵਾਈ ਨਹੀਂ ਹੋ ਰਹੀ। ਅੰਕੜਿਆਂ ਦੀ ਗੱਲ ਕਰੀਏ ਤਾਂ ਹਰ ਦਿਨ ਦੀ ਔਸਤ 35 ਤੋਂ ਵੱਧ ਲੋਕ ਲਾਪਤਾ ਹੋ ਜਾਣ ਦੀਆਂ ਘਟਨਾਵਾਂ ਦੀਆਂ ਗੰਭੀਰ ਤਸਵੀਰਾਂ ਸਾਹਮਣੇ ਆਉਂਦੀਆਂ ਹਨ। ਇਹ ਨਾ ਸਿਰਫ਼ ਕਾਨੂੰਨ-ਵਿਵਸਥਾ ਦੀ ਸਥਿਤੀ 'ਤੇ ਸਵਾਲ ਉਠਾਉਂਦਾ ਹੈ, ਪੂਰੇ ਸਮਾਜ ਵਿੱਚ ਲੋਕਾਂ ਦੀ ਸੁਰੱਖਿਆ ਨੂੰ ਵੀ ਇੱਕ ਨਵੀਂ ਬਹਿਸ ਜਨਮ ਦਿੰਦਾ ਹੈ।

ਜੇਕਰ ਪਹਿਲਾਂ ਉਤਰ ਜਿਲ੍ਹੇ ਦੀ ਗੱਲ ਕਰੀਏ ਤਾਂ ਕੁੱਲ 730 ਕੇਸ ਦਰਜ ਕੀਤੇ ਗਏ। ਇਸਦੇ ਬਾਅਦ ਦੱਖਣੀ ਪੱਛਮੀ ਜਿਲ੍ਹੇ ਵਿੱਚ 717 ਅਤੇ ਦੱਖਣੀ ਪੂਰਵ ਜਿਲ੍ਹੇ ਵਿੱਚ 689 ਅਤੇ ਬਾਹਰੀ ਜਿਲ੍ਹੇ ਵਿੱਚ 675 ਕੇਸ ਦਰਜ ਕੀਤੇ ਗਏ ਹਨ। ਜਿਪਨੈੱਟ ਅਨੁਸਾਰ ਦਵਾਰਕਾ ਵਿੱਚ 64, ਉੱਤਰ ਪੱਛਮੀ ਜਿਲ੍ਹੇ ਵਿੱਚ 636, ਪੂਰਵੀ ਜਿਲ੍ਹੇ ਵਿੱਚ 577 ਅਤੇ ਰੋਹਿਣੀ ਜਿਲ੍ਹੇ ਵਿੱਚ ਗੁਮਸ਼ੁਦਗੀ ਦੇ 452 ਅਜਿਹੇ ਕੇਸ ਦਰਜ ਕੀਤੇ ਗਏ ਹਨ। ਮੱਧ ਜਿਲ੍ਹੇ ਵਿੱਚ 363 ਲੋਕਾਂ ਦਾ ਹਾਲੇ ਤੱਕ ਕੋਈ ਸੁਰਾਗ ਨਹੀਂ ਮਿਲਿਆ। ਇਸੇ ਤਰ੍ਹਾਂ ਉੱਤਰ, ਦੱਖਣੀ ਅਤੇ ਸ਼ਾਹਦਰਾ ਜਿਲ੍ਹਿਆਂ ਵਿੱਚ ਕ੍ਰਮਵਾਰ 348, 215 ਅਤੇ 201 ਲੋਕ ਹੁਣ ਵੀ ਲਪਤਾ ਹਨ। ਜੇਕਰ ਅਸੀਂ ਅਣਪਛਾਤੀਆਂ ਲਾਸ਼ਾਂ ਦੀ ਗੱਲ ਕਰੀਏ ਤਾਂ ਪਹਿਲੀ ਜਨਵਰੀ ਤੋਂ 23 ਜੁਲਾਈ ਦੇ ਵਿਚਕਾਰ 1,486 ਲਾਸ਼ਾਂ ਮਿਲੀਆਂ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਮਰਦਾਂ ਦੀਆਂ ਸਨ।

ਅੰਕੜਿਆਂ ਅਨੁਸਾਰ ਉੱਤਰੀ ਜਿਲ੍ਹੇ ਵਿੱਚ ਸਭ ਤੋਂ ਵੱਧ 352 ਲਾਸ਼ਾਂ ਮਿਲੀਆਂ, ਜਿਨ੍ਹਾਂ ਦੀ ਪਛਾਣ ਸਥਾਪਤ ਨਹੀਂ ਹੋ ਸਕੀ। ਇਨ੍ਹਾਂ ਵਿੱਚ ਕੋਤਵਾਲੀ, ਸਬਜ਼ੀ ਮੰਡੀ ਅਤੇ ਸਿਵਲ ਲਾਈਨਜ਼ ਵਰਗੇ ਖੇਤਰ ਸ਼ਾਮਲ ਹਨ। ਇਸੇ ਤਰ੍ਹਾਂ, ਕੇਂਦਰੀ ਜਿਲ੍ਹੇ ਵਿੱਚ 113, ਉੱਤਰ ਪੱਛਮ ਵਿੱਚ 93, ਦੱਖਣ ਪੂਰਬ ਵਿੱਚ 83, ਦੱਖਣ ਪੱਛਮ ਅਤੇ ਉੱਤਰ ਪੂਰਬ ਵਿੱਚ 73-73, ਆਊਟਰ ਵਿੱਚ 65, ਪੂਰਬੀ ਅਤੇ ਨਵੀਂ ਦਿੱਲੀ ਵਿੱਚ 55-55, ਪੱਛਮੀ ਅਤੇ ਬਾਹਰੀ ਉੱਤਰ ਵਿੱਚ 54-54, ਰੋਹਿਣੀ ਵਿੱਚ 44, ਸ਼ਾਹਦਰਾ ਵਿੱਚ 42, ਦਵਾਰਕਾ ਵਿੱਚ 35, ਦੱਖਣ ਵਿੱਚ 26 ਅਤੇ ਰੇਲਵੇ ਖੇਤਰ ਵਿੱਚ 23 ਲਾਸ਼ਾਂ ਮਿਲੀਆਂ, ਜਿਨ੍ਹਾਂ ਦੀ ਸ਼ਨਾਖਤ ਨਹੀਂ ਹੋ ਸਕੀ।

ਜਿਪਨੈੱਟ ਇੱਕ ਕੇਂਦਰੀਕ੍ਰਿਤ ਡੇਟਾਬੇਸ ਹੈ, ਜੋ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੁਆਰਾ ਲਾਪਤਾ ਵਿਅਕਤੀਆਂ ਅਤੇ ਅਣਪਛਾਤੀਆਂ ਲਾਸ਼ਾਂ ਦਾ ਪਤਾ ਲਗਾਉਣ ਲਈ ਵਰਤਿਆ ਜਾਂਦਾ ਹੈ। ਇਹ ਡੇਟਾਬੇਸ ਕਈ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਤੋਂ ਡੇਟਾ ਇਕੱਠਾ ਕਰਦਾ ਹੈ। ਡੇਟਾ ਦਰਸਾਉਂਦਾ ਹੈ ਕਿ ਪੂਰੀ ਦਿੱਲੀ ਦੇ ਲੋਕਾਂ ਦੀ ਸੁਰੱਖਿਆ ਨਾਲ ਸਮਝੌਤਾ ਕੀਤਾ ਗਿਆ ਹੈ।

*-ਪੰਜਾਬੀ ਪਰਵਾਜ਼ ਬਿਊਰੋ*

# ਭਾਰਤ ’ਚ 20 ਸਾਲਾਂ ’ਚ ਲੂਅ ਨਾਲ ਵੀਹ ਹਜ਼ਾਰ ਮੌਤਾਂ

**ਆਧਿਰਾ ਪ੍ਰਿਚੇਰੀ**
**ਅਨੁਵਾਦ: ਸੁਸ਼ੀਲ ਦੁਸਾਂਝ**

## *ਹਾਸ਼ੀਏ ’ਤੇ ਰਹਿੰਦੇ ਭਾਈਚਾਰੇ ਸਭ ਤੋਂ ਵੱਧ ਪ੍ਰਭਾਵਿਤ

ਭਾਰਤ ਵਿੱਚ 2001 ਤੋਂ 2019 ਦੇ ਵਿਚਕਾਰ ਲੂਅ (ਹੀਟਵੇਵ) ਕਾਰਨ ਲਗਭਗ 20,000 ਲੋਕਾਂ ਦੀ ਮੌਤ ਹੋਈ ਹੈ, ਇਹ ਖੁਲਾਸਾ ਇੱਕ ਤਾਜ਼ਾ ਅਧਿਐਨ ਵਿੱਚ ਹੋਇਆ ਹੈ। ਇਸ ਅਧਿਐਨ ਵਿੱਚ ਪੁਰਸ਼ਾਂ ਵਿੱਚ ਲੂਅ ਕਾਰਨ ਮੌਤ ਦੀ ਸੰਭਾਵਨਾ ਵਧੇਰੇ ਪਾਈ ਗਈ ਹੈ। ਇੱਕ ਹੋਰ ਤਾਜ਼ਾ ਅਧਿਐਨ ਵਿੱਚ ਦੱਸਿਆ ਗਿਆ ਹੈ ਕਿ ਲੂਅ ਨਾਲ ਹੋਣ ਵਾਲੀਆਂ ਮੌਤਾਂ ਜਾਤੀ ਦੇ ਆਧਾਰ ‘ਤੇ ਵੀ ਵੰਡੀਆਂ ਹੋਈਆਂ ਹਨ, ਭਾਰਤ ਵਿੱਚ ਹਾਸ਼ੀਏ ‘ਤੇ ਪਏ ਭਾਈਚਾਰਿਆਂ ਨਾਲ ਸਬੰਧਤ ਲੋਕਾਂ ਦੀਆਂ ਮੌਤਾਂ, ਹੋਰ ਭਾਈਚਾਰਿਆਂ ਦੀ ਤੁਲਨਾ ਵਿੱਚ, ਲੂਅ ਕਾਰਨ ਕਿਤੇ ਜ਼ਿਆਦਾ ਹੋਈਆਂ ਹਨ। ਅਧਿਐਨ ਕਰਨ ਵਾਲੇ ਖੋਜਕਰਤਾਵਾਂ ਦਾ ਕਹਿਣਾ ਹੈ ਕਿ ਇਹ ਇੱਕ ਕਿਸਮ ਦੀ ‘ਥਰਮਲ ਇਨਜਸਟਿਸ’ (ਗਰਮੀ ਨਾਲ ਜੁੜਿਆ ਅਨਿਆਂ) ਦੀ ਸਥਿਤੀ ਹੈ।

ਸੰਯੁਕਤ ਰਾਸ਼ਟਰ ਦੇ ਇੰਟਰਗਵਰਨਮੈਂਟਲ ਪੈਨਲ ਆਨ ਕਲਾਈਮੇਟ ਚੇਂਜ (ਆਈ.ਪੀ.ਸੀ.ਸੀ.) ਦੀ 2021 ਦੀ ਇੱਕ ਰਿਪੋਰਟ ਸਮੇਤ ਉਸ ਤੋਂ ਬਾਅਦ ਦੀਆਂ ਕਈ ਰਿਪੋਰਟਾਂ ਨੇ ਚੇਤਾਵਨੀ ਦਿੱਤੀ ਹੈ ਕਿ ਭਾਰਤ ਸਮੇਤ ਏਸ਼ੀਆ ਦੇ ਕਈ ਹਿੱਸਿਆਂ ਵਿੱਚ ਆਉਣ ਵਾਲੇ ਸਾਲਾਂ ਵਿੱਚ ਹੋਰ ਵੀ ਅਤਿ ਮੌਸਮੀ ਘਟਨਾਵਾਂ, ਜਿਵੇਂ ਕਿ ਲੂਅ ਦੀਆਂ ਸੰਭਾਵਨਾਵਾਂ ਵਧਣਗੀਆਂ। ਹਰ ਸਾਲ ਗਰਮੀ ਦੇ ਰਿਕਾਰਡ ਟੁੱਟ ਰਹੇ ਹਨ। ਭਾਰਤ ਦੇ ਮੌਸਮ ਵਿਭਾਗ ਅਨੁਸਾਰ ਫਰਵਰੀ 2025 ਭਾਰਤ ਵਿੱਚ ਪਿਛਲੇ 125 ਸਾਲਾਂ ਵਿੱਚ ਸਭ ਤੋਂ ਗਰਮ ਫਰਵਰੀ ਦਾ ਮਹੀਨਾ ਸੀ।


ਲੂਅ ਮਨੁੱਖੀ ਸਿਹਤ ‘ਤੇ ਮਾੜਾ ਅਸਰ ਪਾ ਸਕਦੀ ਹੈ ਅਤੇ ਹੀਟ ਸਟ੍ਰੋਕ, ਜੋ ਸਿਰਫ਼ ਥਕਾਵਟ ਅਤੇ ਚੱਕਰ ਆਉਣ ਵਰਗੇ ਹਲਕੇ ਲੱਛਣ ਹੀ ਨਹੀਂ, ਸਗੋਂ ਮੌਤ ਦਾ ਕਾਰਨ ਵੀ ਬਣ ਸਕਦੀ ਹੈ। ਹਰਿਆਣਾ ਦੇ ਸੋਨੀਪਤ ਸਥਿਤ ਓ.ਪੀ. ਜਿੰਦਲ ਗਲੋਬਲ ਯੂਨੀਵਰਸਿਟੀ ਦੇ ਵਿਗਿਆਨੀਆਂ ਦੀ ਇੱਕ ਟੀਮ ਨੇ ਭਾਰਤ ਵਿੱਚ ਅਤਿ ਬਾਹਰੀ ਤਾਪਮਾਨ ਕਾਰਨ ਹੋਣ ਵਾਲੀਆਂ ਮੌਤਾਂ ਦਾ ਅਧਿਐਨ ਕੀਤਾ। ਉਨ੍ਹਾਂ ਨੇ ਅਜਿਹੀਆਂ ਮੌਤਾਂ ਵਿੱਚ ਉਮਰ ਅਤੇ ਲਿੰਗ ਦੇ ਆਧਾਰ ‘ਤੇ ਅਸਮਾਨਤਾਵਾਂ ਨੂੰ ਵੀ ਵੇਖਿਆ। ਇਸ ਲਈ ਉਨ੍ਹਾਂ ਨੇ ਕਈ ਸਰਕਾਰੀ ਸਰੋਤਾਂ ਤੋਂ ਅੰਕੜਿਆਂ ਦਾ ਵਿਸ਼ਲੇਸ਼ਣ ਕੀਤਾ, ਜਿਵੇਂ ਕਿ ਮੌਸਮ ਵਿਭਾਗ ਤੋਂ ਤਾਪਮਾਨ ਸਬੰਧੀ ਅੰਕੜੇ ਅਤੇ ਨੈਸ਼ਨਲ ਕ੍ਰਾਈਮ ਰਿਕਾਰਡਜ਼ ਬਿਊਰੋ (ਐਨ.ਸੀ.ਆਰ.ਬੀ.) ਤੋਂ ਮੌਤ ਦਰ ਦੇ ਅੰਕੜੇ।

ਅਧਿਐਨ ਵਿੱਚ ਕਿਹਾ ਗਿਆ ਕਿ “ਜਾਤੀ, ਪੇਸ਼ੇ ਅਤੇ ਗਰਮੀ ਕਾਰਨ ਹੋਣ ਵਾਲੇ ਤਣਾਅ ਵਿਚਕਾਰ ਇਹ ਮਜਬੂਤ ਸਬੰਧ ਹੀ ‘ਥਰਮਲ ਇਨਜਸਟਿਸ’ ਕਹਾਉਂਦਾ ਹੈ।”

ਟੀਮ ਨੇ ਪਾਇਆ ਕਿ 2001 ਤੋਂ 2019 ਦੇ ਵਿਚਕਾਰ ਭਾਰਤ ਵਿੱਚ ਹੀਟਸਟ੍ਰੋਕ ਨਾਲ 19,693 ਮੌਤਾਂ ਅਤੇ ਅਤਿ ਠੰਡ ਕਾਰਨ 15,197 ਮੌਤਾਂ ਦਰਜ ਕੀਤੀਆਂ ਗਈਆਂ। ਹਾਲਾਂਕਿ ਇਹ ਅੰਕੜਾ ਅਸਲ ਅੰਕੜਿਆਂ ਤੋਂ ਘੱਟ ਹੋ ਸਕਦਾ ਹੈ, ਕਿਉਂਕਿ ਅਤਿ ਤਾਪਮਾਨ ਦੇ ਸੰਪਰਕ ਵਿੱਚ ਆਉਣ ਕਾਰਨ ਹੋਣ ਵਾਲੀਆਂ ਮੌਤਾਂ ਦੀ ਰਿਪੋਰਟਿੰਗ ਪੂਰੀ ਤਰ੍ਹਾਂ ਨਹੀਂ ਹੁੰਦੀ, ਇਹ ਗੱਲ 29 ਅਪ੍ਰੈਲ ਨੂੰ ਪ੍ਰਕਾਸ਼ਿਤ ਇੱਕ ਅਧਿਐਨ ਵਿੱਚ ਕਹੀ ਗਈ ਹੈ, ਜੋ ਵਿਗਿਆਨਕ ਜਰਨਲ ‘ਟੈਂਪਰੇਚਰ’ ਵਿੱਚ ਪ੍ਰਕਾਸ਼ਿਤ ਹੋਇਆ।

ਅਧਿਐਨ ਵਿੱਚ ਇਹ ਵੀ ਦੱਸਿਆ ਗਿਆ ਕਿ 45-60 ਸਾਲ ਦੀ ਉਮਰ ਵਾਲੇ ਲੋਕ ਹੀਟਸਟ੍ਰੋਕ ਅਤੇ ਠੰਡ- ਦੋਹਾਂ ਕਾਰਨਾਂ ਨਾਲ ਹੋਣ ਵਾਲੀਆਂ ਮੌਤਾਂ ਲਈ ਸਭ ਤੋਂ ਵੱਧ ਸੰਵੇਦਨਸ਼ੀਲ ਸਨ। ਇਸ ਤੋਂ ਬਾਅਦ 60 ਸਾਲ ਤੋਂ ਵੱਧ ਉਮਰ ਦੇ ਬਜ਼ੁਰਗ ਅਤੇ 30-45 ਸਾਲ ਦੇ ਲੋਕ ਸਭ ਤੋਂ ਵੱਧ ਪ੍ਰਭਾਵਿਤ ਹੋਏ। ਅਧਿਐਨ ਵਿੱਚ ਇਹ ਵੀ ਪਾਇਆ ਗਿਆ ਕਿ ਹੀਟਸਟ੍ਰੋਕ ਨਾਲ ਮਰਨ ਵਾਲਿਆਂ ਵਿੱਚ ਪੁਰਸ਼ਾਂ ਦੀ ਗਿਣਤੀ ਵਧੇਰੇ ਸੀ; ਇਸ ਅਰਸੇ ਵਿੱਚ ਔਰਤਾਂ ਦੀ ਤੁਲਨਾ ਵਿੱਚ ਪੁਰਸ਼ਾਂ ਦੀਆਂ ਮੌਤਾਂ ਤਿੰਨ ਤੋਂ ਪੰਜ ਗੁਣਾਂ ਜ਼ਿਆਦਾ ਸਨ।

ਓ.ਪੀ. ਜਿੰਦਲ ਗਲੋਬਲ ਯੂਨੀਵਰਸਿਟੀ ਦੇ ਪ੍ਰੋਫੈਸਰ ਅਤੇ ਅਧਿਐਨ ਦੇ ਸਹਿ-ਲੇਖਕ ਪ੍ਰਦੀਪ ਗੁਇਨ ਨੇ ਇੱਕ ਬਿਆਨ ਵਿੱਚ ਕਿਹਾ, “ਕੰਮਕਾਜੀ ਉਮਰ ਦੇ ਪੁਰਸ਼ਾਂ ਵਿੱਚ ਹੀਟਸਟ੍ਰੋਕ ਨਾਲ ਵਧੇਰੇ ਮੌਤਾਂ ਸ਼ਾਇਦ ਇਸ ਤੱਥ ਨੂੰ ਦਰਸਾਉਂਦੀਆਂ ਹਨ ਕਿ ਔਰਤਾਂ ਦੀ ਤੁਲਨਾ ਵਿੱਚ ਪੁਰਸ਼ ਜ਼ਿਆਦਾ ਸਮਾਂ ਬਾਹਰ ਕੰਮ ਕਰਦੇ ਹਨ।” 2001 ਤੋਂ 2014 ਤੱਕ ਦੇ ਰਾਜਵਾਰ ਅੰਕੜਿਆਂ ਅਨੁਸਾਰ,




ਹੀਟਸਟ੍ਰੋਕ ਨਾਲ ਸਭ ਤੋਂ ਜ਼ਿਆਦਾ ਮੌਤਾਂ ਆਂਧਰਾ ਪ੍ਰਦੇਸ਼, ਉੱਤਰ ਪ੍ਰਦੇਸ਼ ਅਤੇ ਪੰਜਾਬ ਵਿੱਚ ਹੋਈਆਂ ਸਨ।

**ਪੰਜਾਬ ਵਿੱਚ ਲੂਅ ਦਾ ਪ੍ਰਭਾਵ**

ਪੰਜਾਬ, ਜੋ ਖੇਤੀਬਾੜੀ ਪ੍ਰਧਾਨ ਸੂਬਾ ਹੈ, ਵਿੱਚ ਲੂਅ ਦਾ ਪ੍ਰਭਾਵ ਖਾਸ ਤੌਰ ‘ਤੇ ਕਿਸਾਨਾਂ ਅਤੇ ਮਜ਼ਦੂਰਾਂ ‘ਤੇ ਪਿਆ ਹੈ। 2001-2014 ਦੇ ਅੰਕੜਿਆਂ ਅਨੁਸਾਰ ਪੰਜਾਬ ਵਿੱਚ ਹੀਟਸਟ੍ਰੋਕ ਨਾਲ ਸੈਂਕੜੇ ਮੌਤਾਂ ਦਰਜ ਕੀਤੀਆਂ ਗਈਆਂ, ਜਿਨ੍ਹਾਂ ਵਿੱਚ ਜ਼ਿਆਦਾਤਰ ਖੇਤੀ ਮਜ਼ਦੂਰ ਅਤੇ ਬਾਹਰੀ ਕੰਮ ਕਰਨ ਵਾਲੇ ਸ਼ਾਮਲ ਸਨ। ਪੰਜਾਬ ਦੇ ਮਾਲਵਾ ਅਤੇ ਮਾਝਾ ਖੇਤਰਾਂ ਵਿੱਚ, ਜਿੱਥੇ ਗਰਮੀਆਂ ਵਿੱਚ ਤਾਪਮਾਨ 45 ਡਿਗਰੀ ਸੈਲਸੀਅਸ ਤੱਕ ਪਹੁੰਚ ਜਾਂਦਾ ਹੈ, ਲੂਅ ਨਾਲ ਸਬੰਧਤ ਸਿਹਤ ਸਮੱਸਿਆਵਾਂ ਵਿੱਚ ਵਾਧਾ ਦੇਖਿਆ ਗਿਆ ਹੈ। 2019 ਦੀ ਇੱਕ ਸਰਕਾਰੀ ਰਿਪੋਰਟ ਅਨੁਸਾਰ ਪੰਜਾਬ ਦੇ ਸੰਗਰੂਰ ਅਤੇ ਬਠਿੰਡਾ ਜ਼ਿਲ੍ਹਿਆਂ ਵਿੱਚ ਲੂਅ ਨਾਲ ਸਬੰਧਤ ਮੌਤਾਂ ਦੀ ਗਿਣਤੀ ਵਿੱਚ 15% ਵਾਧਾ ਹੋਇਆ ਸੀ।

ਪੰਜਾਬ ਦੇ ਸਿਹਤ ਵਿਭਾਗ ਦੇ ਅੰਕੜਿਆਂ ਅਨੁਸਾਰ 2015-2019 ਦੇ ਅਰਸੇ ਵਿੱਚ ਸੂਬੇ ਵਿੱਚ ਲੂਅ ਨਾਲ ਸਬੰਧਤ 250 ਤੋਂ ਵੱਧ ਮੌਤਾਂ ਦਰਜ ਕੀਤੀਆਂ ਗਈਆਂ, ਜਿਨ੍ਹਾਂ ਵਿੱਚੋਂ 70% ਮਜ਼ਦੂਰ ਅਤੇ ਛੋਟੇ ਕਿਸਾਨ ਸਨ। ਇਸ ਤੋਂ ਇਲਾਵਾ ਪੰਜਾਬ ਦੇ ਗਰਮ ਖੇਤਰਾਂ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਵਿੱਚ ਡੀਹਾਈਡ੍ਰੇਸ਼ਨ ਅਤੇ ਹੀਟ ਐਗਜ਼ੌਸਚਨ ਵਰਗੀਆਂ ਸਮੱਸਿਆਵਾਂ ਵਿੱਚ 20% ਵਾਧਾ ਦਰਜ ਕੀਤਾ ਗਿਆ। ਸੂਬੇ ਦੀ ਸਰਕਾਰ ਨੇ ਲੂਅ ਦੇ ਪ੍ਰਭਾਵ ਨੂੰ ਘਟਾਉਣ ਲਈ ਜਾਗਰੂਕਤਾ ਮੁਹਿੰਮਾਂ ਸ਼ੁਰੂ ਕੀਤੀਆਂ ਹਨ, ਪਰ ਇਨ੍ਹਾਂ ਦੀ ਪਹੁੰਚ ਸੀਮਤ ਹੈ, ਖਾਸਕਰ ਹਾਸ਼ੀਏ ‘ਤੇ ਪਏ ਭਾਈਚਾਰਿਆਂ ਤੱਕ।

ਓ.ਪੀ. ਜਿੰਦਲ ਗਲੋਬਲ ਯੂਨੀਵਰਸਿਟੀ ਵਿੱਚ ਜਲਵਾਯੂ ਪਰਿਵਰਤਨ, ਵਾਤਾਵਰਣ, ਸਿਹਤ, ਰਾਜਨੀਤੀ ਅਤੇ ਸ਼ਾਸਨ ‘ਤੇ ਕੰਮ ਕਰਨ ਵਾਲੇ ਪ੍ਰੋਫੈਸਰ ਪ੍ਰਦੀਪ ਗੁਇਨ ਨੇ ਇੱਕ ਪ੍ਰੈਸ ਰਿਲੀਜ਼ ਵਿੱਚ ਕਿਹਾ, “ਇਸ ਗਰਮੀ ਵਿੱਚ ਦੇਸ਼ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਭਿਆਨਕ ਲੂਅ ਪੈਣ ਦੀ ਸੰਭਾਵਨਾ ਹੈ ਅਤੇ ਜਿਵੇਂ-ਜਿਵੇਂ ਦੁਨੀਆਂ ਗਰਮ ਹੋ ਰਹੀ ਹੈ, ਅਤਿ ਮੌਸਮੀ ਘਟਨਾਵਾਂ ਵਧ ਰਹੀਆਂ ਹਨ। ਅਜਿਹੇ ਵਿੱਚ ਜ਼ਿਆਦਾ ਦੇਰ ਕੀਤੇ ਬਿਨਾ ਲੋਕਾਂ ਨੂੰ ਅਤਿ ਤਾਪਮਾਨ ਦੇ ਖਤਰਿਆਂ ਬਾਰੇ ਜਾਗਰੂਕ ਕਰਨਾ ਅਤੇ ਇਨ੍ਹਾਂ ਦੇ ਅਸਰ ਨੂੰ ਘਟਾਉਣ ਦੇ ਉਪਾਅ ਕਰਨਾ ਜ਼ਰੂਰੀ ਹੈ।”

ਅਧਿਐਨ ਦੀ ਸਹਿ-ਲੇਖਿਕਾ ਅਤੇ ਓ.ਪੀ. ਜਿੰਦਲ ਗਲੋਬਲ ਯੂਨੀਵਰਸਿਟੀ ਦੇ ਸਕੂਲ ਆਫ ਪਬਲਿਕ ਹੈਲਥ ਐਂਡ ਹਿਊਮਨ ਡਿਵੈਲਪਮੈਂਟ ਦੀ ਪ੍ਰੋਫੈਸਰ ਨੰਦਿਤਾ ਭਾਨ ਨੇ ਕਿਹਾ, “ਅਸੀਂ ਮੰਨਦੇ ਹਾਂ ਕਿ ਸਰਕਾਰ ਨੂੰ ਬਾਹਰੀ ਕੰਮ ਕਰਨ ਵਾਲੇ ਮਜ਼ਦੂਰਾਂ, ਖਾਸਕਰ ਘੱਟ ਆਮਦਨ ਵਾਲੇ ਅਤੇ ਦਿਹਾੜੀ ਮਜ਼ਦੂਰਾਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਦੀ ਸਮਾਜਿਕ ਸਹਾਇਤਾ ਦੇਣ ’ਤੇ ਵਿਚਾਰ ਕਰਨਾ ਚਾਹੀਦਾ ਹੈ, ਕਿਉਂਕਿ ਉਹ ਤਾਪਮਾਨ ਚਾਹੇ ਜਿੰਨਾ ਵੀ ਹੋਵੇ, ਕੰਮ ’ਤੇ ਜਾਣ ਲਈ ਮਜਬੂਰ ਹੋ ਸਕਦੇ ਹਨ।”

**‘ਥਰਮਲ ਇਨਜਸਟਿਸ’**

ਭਾਰਤ ਵਿੱਚ ਲੂਅ ਨਾਲ ਹੋਣ ਵਾਲੀਆਂ ਮੌਤਾਂ ਜਾਤੀਗਤ ਆਧਾਰ ‘ਤੇ ਵੀ ਵੰਡੀਆਂ ਹੋਈਆਂ ਹਨ, ਇਹ ਗੱਲ ਤਾਜ਼ਾ ਅਧਿਐਨ ਵਿੱਚ ਸਾਹਮਣੇ ਆਈ ਹੈ।

ਇੰਡੀਅਨ ਇੰਸਟੀਚਿਊਟ ਆਫ ਮੈਨੇਜਮੈਂਟ (ਬੰਗਲੂਰੂ ਅਤੇ ਅਹਿਮਦਾਬਾਦ) ਸਮੇਤ ਵੱਖ-ਵੱਖ ਸੰਸਥਾਵਾਂ ਦੀ ਇੱਕ ਟੀਮ ਨੇ ਸੈਟੇਲਾਈਟ ਡੇਟਾ ਦੀ ਵਰਤੋਂ ਕਰਕੇ 2019 ਅਤੇ 2022 ਦੀਆਂ ਗਰਮੀਆਂ ਵਿੱਚ ਲੂਅ ਨਾਲ ਹੋਣ ਵਾਲੇ ਹੀਟ ਸਟ੍ਰੈਸ (ਗਰਮੀ ਨਾਲ ਤਣਾਅ) ਬਾਰੇ ਛੋਟੀ ਤੋਂ ਛੋਟੀ ਜਾਣਕਾਰੀ ਇਕੱਠੀ ਕੀਤੀ ਅਤੇ ਫਿਰ ਇਸ ਨੂੰ ਪੀਰੀਓਡਿਕ ਲੇਬਰ ਫੋਰਸ ਸਰਵੇ (ਪੀ.ਐਲ.ਐਫ.ਐਸ.) ਦੇ ਅੰਕੜਿਆਂ ਨਾਲ ਮਿਲਾ ਕੇ ਵਿਸ਼ਲੇਸ਼ਣ ਕੀਤਾ। ਇਸ ਸਰਵੇ ਵਿੱਚ ਜਨਸੰਖਿਆ ਸੰਬੰਧੀ ਸੰਕੇਤਕਾਂ ਦੇ ਜ਼ਰੀਏ ਉਨ੍ਹਾਂ ਲੋਕਾਂ ਦੀ ਪਛਾਣ ਕੀਤੀ ਗਈ ਸੀ, ਜੋ ਬਾਹਰੀ ਕੰਮ ਕਰਦੇ ਹਨ। ਇਸ ਸਰਵੇ ਵਿੱਚ ਇੱਕ ਲੱਖ ਤੋਂ ਵੱਧ ਲੋਕ ਸ਼ਾਮਲ ਸਨ।

ਖੋਜਕਰਤਾਵਾਂ ਨੇ ਪਾਇਆ ਕਿ ਉੱਚ ਜਾਤੀਆਂ (ਪ੍ਰਭਾਵਸ਼ਾਲੀ ਜਾਤੀਆਂ) ਦੇ ਲੋਕ ਔਸਤਨ 27-28% ਕੰਮ ਬਾਹਰ ਕਰਦੇ ਹਨ, ਜਦਕਿ ਅਨੁਸੂਚਿਤ ਜਨਜਾਤੀਆਂ (ਐਸ.ਟੀ.) ਦੇ ਲੋਕ ਆਪਣੇ ਕੁੱਲ ਕੰਮਕਾਜੀ ਅਰਸੇ ਦਾ 43-49% ਹਿੱਸਾ ਬਾਹਰੀ ਕੰਮਾਂ ਵਿੱਚ ਬਿਤਾਉਂਦੇ ਹਨ। ਅਨੁਸੂਚਿਤ ਜਾਤੀ (ਐਸ.ਸੀ.) ਅਤੇ ਅਨੁਸੂਚਿਤ ਜਨਜਾਤੀ (ਐਸ.ਟੀ.) ਭਾਈਚਾਰਿਆਂ ਦੇ ਲੋਕ ਮਿਲ ਕੇ ਦੇਸ਼ ਦੇ ਘੱਟੋ-ਘੱਟ 65 ਜ਼ਿਲ੍ਹਿਆਂ ਵਿੱਚ ਦੋ ਸਾਲਾਂ ਦੌਰਾਨ 75% ਤੋਂ ਵੱਧ ਸਮਾਂ ਬਾਹਰੀ ਕੰਮਾਂ ਵਿੱਚ ਲਗਾਉਂਦੇ ਰਹੇ।

ਕੀ ਇਸ ਦਾ ਕਾਰਨ ਇਹ ਹੋ ਸਕਦਾ ਹੈ ਕਿ ਹਾਸ਼ੀਏ ‘ਤੇ ਪਏ ਸਮੁਦਾਇ ਗਰਮ ਖੇਤਰਾਂ ਵਿੱਚ ਜ਼ਿਆਦਾ ਰਹਿੰਦੇ ਹਨ? ਟੀਮ ਨੇ ਇਹ ਪਤਾ ਲਗਾਉਣ ਲਈ ਰਾਤ ਦੇ ਸਮੇਂ ਜ਼ਮੀਨ ਦੀ ਸਤਹ ਦੇ ਤਾਪਮਾਨ (ਲੈਂਡ ਸਰਫੇਸ ਟੈਂਪਰੇਚਰ) ਦੇ ਵਿਸ਼ਲੇਸ਼ਣ ਦਾ ਸਹਾਰਾ ਲਿਆ ਅਤੇ ਪਾਇਆ ਕਿ ਅਜਿਹਾ ਨਹੀਂ ਹੈ। ਅਧਿਐਨ ਵਿੱਚ ਕਿਹਾ ਗਿਆ ਹੈ ਕਿ ਜਾਤੀ, ਪੇਸ਼ੇ ਅਤੇ ਹੀਟ ਸਟ੍ਰੈਸ ਦੇ ਵਿਚਕਾਰ ਜੋ ਮਜਬੂਤ ਸਬੰਧ ਸਾਹਮਣੇ ਆਏ ਹਨ, ਉਨ੍ਹਾਂ ਨੂੰ ਸਭ ਤੋਂ ਵਧੀਆ ਢੰਗ ਨਾਲ ‘ਥਰਮਲ ਇਨਜਸਟਿਸ’ ਦੇ ਰੂਪ ਵਿੱਚ ਸਮਝਿਆ ਜਾ ਸਕਦਾ ਹੈ।

ਅਧਿਐਨ ਵਿੱਚ ਅੱਗੇ ਕਿਹਾ ਗਿਆ ਹੈ, “ਇੱਕ ਮੁਕਤ ਬਾਜ਼ਾਰ (ਅਰਥਵਿਵਸਥਾ) ਵਿੱਚ ਮਜ਼ਦੂਰਾਂ ਨੂੰ ਇਹ ਸੁਤੰਤਰਤਾ ਹੁੰਦੀ ਹੈ ਕਿ ਉਹ ਆਪਣੀਆਂ ਤਰਜੀਹਾਂ ਅਨੁਸਾਰ ਮਜ਼ਦੂਰੀ ਅਤੇ ਪੇਸ਼ਾਗਤ ਜੋਖਮਾਂ ਦੇ ਮਿਸ਼ਰਤ ਰੂਪ ਨੂੰ ਚੁਣ ਸਕਣ, ਪਰ ਸਾਡੇ ਨਤੀਜੇ ਸੰਕੇਤ ਦਿੰਦੇ ਹਨ ਕਿ ਭਾਰਤ ਵਿੱਚ ਇਹ ਸੁਮੇਲ ਜਾਤੀ ਦੇ ਆਧਾਰ ’ਤੇ ਬਦਲ ਜਾਂਦਾ ਹੈ ਅਤੇ ਇਸ ਦਾ ਨੁਕਸਾਨ ਸਿੱਧੇ ਤੌਰ ’ਤੇ ਹਾਸ਼ੀਏ ’ਤੇ ਪਏ ਭਾਈਚਾਰਿਆਂ ਨੂੰ ਹੁੰਦਾ ਹੈ।”

ਅਧਿਐਨ ਵਿੱਚ ਇਹ ਵੀ ਕਿਹਾ ਗਿਆ ਹੈ, “ਜਾਤੀਗਤ ਪਛਾਣ ਅਤੇ ਹੀਟ ਸਟ੍ਰੈਸ ਦੇ ਸੰਪਰਕ ਦੇ ਵਿਚਕਾਰ ਜੋ ਸਪਸ਼ਟ ਤੇ ਮਜਬੂਤ ਸਬੰਧ ਅਸੀਂ ਪਾਇਆ ਹੈ, ਉਹ ਇਸ ਗੱਲ ਨੂੰ ਰੇਖਾਂਕਿਤ ਕਰਦਾ ਹੈ ਕਿ ਭਾਰਤ ਵਿੱਚ ਜਲਵਾਯੂ ਪਰਿਵਰਤਨ ਤੋਂ ਅਨੁਕੂਲਨ ਤੇ ਬਚਾਅ ਦੀ ਕਿਸੇ ਵੀ ਯੋਜਨਾ ਨੂੰ ਸਿਰਫ਼ ਕੰਮ ਦੇ ਵੰਡ ਦੇ ਆਧਾਰ ’ਤੇ ਨਹੀਂ, ਸਗੋਂ ਜਾਤੀਗਤ ਮਜ਼ਦੂਰ-ਵੰਡ ਵਰਗੀ ਸਮਾਜਿਕ ਹਾਲਾਤ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤਾ ਜਾਣਾ ਚਾਹੀਦਾ ਹੈ।”

ਐਨ.ਸੀ.ਆਰ.ਬੀ. ਦੇ ਅੰਕੜਿਆਂ, ਜਿਨ੍ਹਾਂ ਦੀ ਵਰਤੋਂ ਗੁਇਨ ਅਤੇ ਉਸ ਦੇ ਸਹਿ-ਲੇਖਕਾਂ ਨੇ ਆਪਣੀ ਤਾਜ਼ਾ ਅਧਿਐਨ ਵਿੱਚ ਕੀਤੀ, ਵਿੱਚ ਜਾਤੀ ਨਾਲ ਸਬੰਧਤ ਕੋਈ ਜਾਣਕਾਰੀ ਨਹੀਂ ਸੀ। ਇਸ ਲਈ ਉਹ ਆਪਣੇ ਅਧਿਐਨ ਵਿੱਚ ਲੂਅ ਨਾਲ ਹੋਣ ਵਾਲੀਆਂ ਜਾਤੀ-ਵਿਸ਼ੇਸ਼ ਮੌਤਾਂ ਦੇ ਮੁੱਦੇ ਦੀ ਜਾਂਚ ਨਹੀਂ ਕਰ ਸਕੇ।

ਇਹ ਅਧਿਐਨ ਭਾਰਤ ਵਿੱਚ ਜਲਵਾਯੂ ਪਰਿਵਰਤਨ ਅਤੇ ਲੂਅ ਦੇ ਵਧਦੇ ਪ੍ਰਭਾਵਾਂ ਨੂੰ ਉਜਾਗਰ ਕਰਦੇ ਹਨ, ਜਿਸ ਵਿੱਚ ਹਾਸ਼ੀਏ ‘ਤੇ ਪਏ ਭਾਈਚਾਰਿਆਂ ‘ਤੇ ਸਭ ਤੋਂ ਜ਼ਿਆਦਾ ਅਸਰ ਪੈ ਰਿਹਾ ਹੈ। ਪੰਜਾਬ ਵਰਗੇ ਸੂਬਿਆਂ ਵਿੱਚ, ਜਿੱਥੇ ਖੇਤੀ ਅਤੇ ਬਾਹਰੀ ਮਜ਼ਦੂਰੀ ਮੁੱਖ ਪੇਸ਼ੇ ਹਨ, ਸਰਕਾਰ ਨੂੰ ਜਾਗਰੂਕਤਾ ਅਤੇ ਸਮਾਜਿਕ ਸਹਾਇਤਾ ਦੀਆਂ ਯੋਜਨਾਵਾਂ ਨੂੰ ਵਧਾਉਣ ਦੀ ਜ਼ਰੂਰਤ ਹੈ। ਜਾਤੀ ਅਤੇ ਪੇਸ਼ੇ ਦੇ ਆਧਾਰ ‘ਤੇ ਅਸਮਾਨਤਾਵਾਂ ਨੂੰ ਦੂਰ ਕਰ ਕੇ ਹੀ ‘ਥਰਮਲ ਇਨਜਸਟਿਸ’ ਨੂੰ ਘਟਾਇਆ ਜਾ ਸਕਦਾ ਹੈ।

*(‘ਦ ਵਾਇਰ’ ਤੋਂ ਧੰਨਵਾਦ ਸਹਿਤ)*

**Prepare for Tomorrow Now With Comprehensive Retirement Planning**

■Annuities ■Life Insurance ■Long-Term Care
■Medicare Planning ■Disability Income



**Call Gurpreet Singh**
*Retirement and Insurance Advisor*
**Cell: 630-677-6144**
**Email: Preetisingh@ffig.com**

FUTURITY FIRST
Retirement | Life | Health

**Futurity First Insurance Group**

# Sher-E-Punjab

## Sports & Cultural Society Cincinnati (OHIO)

WE SUPPORT OUR FARMERS · NO FARMERS NO FOOD

# Sher-E-Punjab Khed Mela XIII

## September 13th, 2025

(Saturday, 8am-6pm) *Open Invitation To All*

**Royal Blue Event Center:** 6459 Manchester Rd, Middletown, OH 45005



**Kabaddi 1st Prize**

*In Loving Memory of Jasdev Gill Golla*



**Sponsors**



Devinder Singh Kahlon



Sonu Sirhind Cleveland, Ohio

**Sports, Entertainment and a lot more**

**Sports:** Athletics Games for Men, Women & Kids

Races, Three Leg Race, Shot Put, Tug of War & Other Activities. **Kids Attraction:** Inflatable Bounce Houses and Board Games and much more.

*No alcohol allowed. Drug Free Games.*

**Lucky Draw**

1st Prize Motorcycle

2nd Prize iPad

*Entry fee $100*



# Live Concert




Royal Blue Event Center

6459 Manchester Rd, Middletown, OH 45005

Royalblueeventcenter.com

Amrik Tiwana 513-410-4101 Gurpreet Gill 513-510-1913

Charanjit Brar 317-903-7400 Surjeet Mavi 513-616-4530

70 YEARS

Gummer Wholesale, Inc.

Brian Riethman, Ph: 937-710-3061

briethman@gummerwholesale.net

**Kabaddi Starts 10am to 4pm**

**Concert Starts @ 4pm**

**Entry, Food & Parking Free**

HACKNEY Since 1891

R&R Takhar Oil Co.





Rashpal & RanjitTakhar

Ranjit Takhar
President
R&R Takhar Oil Co
Cell 937-414-0729
Office 937-665-0881
Rsingh@takharoil.com
RRTakharOil.com
7030 Poe Ave
Dayton OH 45414

Khan Signs & Awnings

Tibbi Express Inc.
18 Endeavor Blvd
East Windsor, NJ 08520
Manpreet Singh (Happy Tibbi)
Phone No. (609)947-4777
Tibbi Express Inc.

Gemini Jewelers
Manufacturers & Wholesalers of Exquisite 22K Jewelry
4836 Business Center Way
Cincinnati, OH 45246
Showroom: 513-874-9303 Factory: 513-783-8689
www.GeminiJewelers.com



Kavita and Arun Goyal

Satya Wholesale
Convenience Store Cash & Carry

Asad Wholesale
Nael Asad
VP Sales
Office: (513) 929-0666 Cell: (859) 628-1940
Website: www.asadwholesale.com
Address: 2140 Reading Rd. Cincinnati, OH 45202
BEST PRICES, BIGGEST VARIETY



Gill Productions
a professional source of PHOTO and VIDEO
Pre wedding shoot - Birthday Party - Wedding - Portraits
Instagram.com/gillproductions.official
CONTACT:
RAJU GILL 513-612-0000
RAVI 513-908-0101



Realtor
Simranjit Singh
We Help with
Commercial Real Estate
Residential Real Estate
Agricultural Land
Industrial Real Estate
The Malhi Reality
Making big moves, TOGETHER.
Mobile 513-900-2000
Email Realtorsingh23@realtorsingh.com
www.Realtorsingh.com

## Prizes

**Kabaddi**
1st Prize $21,000
2nd Prize $19,000
3rd Prize $17,000
4th Prize $15,000

**Volleyball**
1st Prize $3100
2nd Prize $2100

**Shoot Volleyball**
1st Prize $1500
2nd Prize $1100

**Tug of war**
1st Prize $1100
2nd Prize $700

**Kids Game (Cash Prizes)**
1st Prize $100
2nd Prize $50
Participant $20

**Event Contacts:**

**Kabaddi Contact:**
Charanjit Brar 317-903-7400
Surjeet S. Mavi 513-616-4530
Amrik S. Tiwana 513-410-4101
Happy Matot 513-484-7879
Palwinder Dhillon 718-578-5372

**Volleyball Contact:**
Happy Mundi 513-816-2636
Nirpaul Sandhu 513-550-6140
Gurpreet Gill 513-510-1913

**Shoot Volleyball Contact:**
Hardeep Saran 937-545-1960
Kuldeep Deol 937-604-7317

**Volleyball:**
1st & 2nd Prize Sponsors
ਸਾਡਾ ਪਿੰਡ ਇੰਡੀਆਨਾ
Volleyball teams only from USA



Charanjit Singh Brar | Amrik Singh Tiwana

## Chief Guest (Salhan Family) — Grand Sponsor (Takhar Brothers) — Guest of Honor (Dhindsa Brothers)




Jathedar Tara Singh Salhan | Baldev Singh Salhan | Gurmit Singh Salhan | Sarabjit Singh Salhan | Rashpal Takhar | Ranjit Takhar | Harvinder Walia | Lakhbir Dhindsa | Amarjit Dhindsa

## Platinum Sponsors



Surjeet Singh Mavi | Harinder Kang | Jaswant Singh Jassi | Gurminder Sandhu | Palwinder Dhillon | Amarjit Aggarwal | Gurpreet Gill | Pritampaul Singh | Happy Matot | Narinder Pal Tatla



Jaspreet Singh *Attorney At Law* | Happy Mundi | Vineet Gupta | Sukhdev Singh Garcha | Pamma Dhilwan | Neetu Garcha | Gurnek Singh *Indian Fusion Restaurant* | Lakhvir Johal | Raj Sandhu | Harry Ghoman & Amarbir Ghoman

## Diamond Sponsors



Late Bahadur Mundi | Surinder Cheema | Simranjit Malhi | Gurmail Fagura | Manpreet *(Happy Tibbi)* | Sukhminder Pandher | Palwinder Gill | Parampal Nangal | *Jivan Waraich* | *Sehaj Sidhu*



Balbir Grewal | Sunny Klair | Hardeep Tiwana | Didar Dhanoa | Gurwinder Babbu | Rimpy Khatra | Dharminder Khatra | Daljeet Nadala | Late Sukha Gakhal

## Gold Sponsors

ਸਾਡਾ ਪਿੰਡ ਇੰਡੀਆਨਾ



*Dalbir Gill | Agyapal Batth | Pushpinder Bhatti | Rajesh Rawal | Gurbir Dharni | Mandeep Kang | Gursimer Singh | Gagan Tiwana | Prithpal Ghotra | Pal Khalil | Sukha Mundi | Hardip Nijjar | Jatinder Bhatti | Makhan Badesha | Malkit S. Uppal | Baljinder Cheema | Manpreet Singh*



*Raju Gill | Kuldeep Deol | Rajan Sehdev (Raj) | Sam Moreb | Satwant Deol | Jagir Singh | Nater Bhangu | Dr. Kalyan Singh | Paramjit Dhillon | SP Singh | Tarlochan Nagra | Parmar Brothers Village Baddon | Parminder 5911 | Sarbjit Singh* | Inderjit Begowal | *Cherry Tiwana | Charnjit Channa*

The authentic INDIAN grocery store in Ohio
India Bazar
Open 7 Days
4870 Union center Pavilion Dr, West chester, Ohio
513 889 4672

LDI Develoment Group
Montu Bedi 513-748-5126

Jeet Logistics, Inc.
Deepu Bhatara
513-399-2021

## Guests



*Happy Heer | Harjinder Khaira | Amardeep Dharni | Jasvir Bala | Sarbjit Sidhu | Kuldip Lang | Gurmit Batth | Mandip Bhura | Nidhan Matot | Darshan Darar | Varinder Sahi | Jaskarn Dhaliwal | Parwinder Aujla | Ranjit Kalhon | Shahbaz Nagra | Rajan Sidhu*



*Vikas Madam | Pappi Badasha | Jagir Sabji Mandi | Amandeep Ubhi Edmonton | Channa Shergill Edmonton | Kuldeep Wraich | Happy Raj | Jass Thandi | Deepa Gakha | Kamal Gakhal | Manveer Gakhal | Neetan Malhotra | Lovepreet Dhillon | Hardeep Singh | Deba New Jersey | Jaswinder Sandhu*

**For More Information, Please contact at: Sherepunjabsociety@gmail.com or www.sherepunjabcincy.com**
**Charanjit S. Brar 317-903-7400, Amrik S. Tiwana 513-410-4101 or Surjeet S. Mavi 513-616-4530**

# ਗਲੋਬਲ ਪੰਜਾਬੀ ਮਿਲਾਪ ਦੌਰਾਨ ਪੰਜਾਬੀ ਬੋਲੀ ਦੀ ਉਸਤਤ


**ਸ਼ਿਕਾਗੋ:** ਚੜ੍ਹਦੇ ਪੰਜਾਬ ਤੇ ਲਹਿੰਦੇ ਪੰਜਾਬ ਦੇ ਕੁਝ ਸਥਾਨਕ ਅਦੀਬਾਂ ਵੱਲੋਂ ਪਿਛਲੇ ਦਿਨੀਂ ਕਰਵਾਏ ਗਏ 22ਵੇਂ ਗਲੋਬਲ ਪੰਜਾਬੀ ਮਿਲਾਪ ਦੌਰਾਨ ਸਾਂਝੀਵਾਲਤਾ ਦੀਆਂ ਤੰਦਾਂ ਫੜਨ ਦੀ ਕੋਸ਼ਿਸ਼ ਕੀਤੀ ਗਈ ਅਤੇ ਵੰਡੇ ਗਏ 'ਪੰਜਾਬਾਂ' ਨਾਲ ਸਬੰਧਤ ਸਿੱਖ-ਮੁਸਲਿਮ ਭਾਈਚਾਰਿਆਂ ਵੱਲੋਂ ਕੀਤੇ ਉਪਰਾਲੇ ਸਦਕਾ ਪੰਜਾਬੀ ਬੋਲੀ ਦੀ ਉਸਤਤ ਨਾਲ ਲਬਰੇਜ ਇਹ ਸਮਾਗਮ ਏਕਤਾ ਅਤੇ ਪਿਆਰ ਦੀ ਮਿਸਾਲ ਬਣ ਗਿਆ। ਅਸਲ ਵਿੱਚ ਪੰਜਾਬੀ ਜ਼ਬਾਨ ਬੋਲਣ ਵਾਲਾ ਭਾਵੇਂ ਕਿਸੇ ਵੀ ਅਕੀਦੇ ਵਿੱਚ ਵਿਸ਼ਵਾਸ ਰੱਖਦਾ ਹੋਵੇ, ਸਬੱਬੀਂ ਆਪਸੀ ਇਤਫਾਕ ਜ਼ਰੂਰ ਬਣ ਜਾਂਦਾ ਹੈ। ਖਾਸੀਅਤ ਇਹ ਸੀ ਕਿ ਇਸ ਸਾਲਾਨਾ ਸਮਾਗਮ ਵਿੱਚ 'ਚੜ੍ਹਦੇ ਪੰਜਾਬ' ਅਤੇ 'ਲਹਿੰਦੇ ਪੰਜਾਬ' ਦੇ ਦੋ ਵੱਖਰੇ ਸੰਕਲਪ ਉਭਾਰਨ ਦੀ ਥਾਂ ਬੋਲੀ ਅਤੇ ਸਾਹਿਤਕ ਰੂਪ ਵਿੱਚ ਸਾਂਝੇ ਪੰਜਾਬ ਦਾ ਸੰਕਲਪ ਸਿਰਜਣ ਨੂੰ ਤਰਜੀਹ ਦਿੱਤੀ ਗਈ।

ਇਹ ਵੀ ਵਿਚਾਰ ਗੋਚਰੇ ਹੈ ਕਿ ਇਸ ਮੌਕੇ ਚਾਰ ਦੇਸ਼ਾਂ- ਅਮਰੀਕਾ, ਭਾਰਤ, ਕੈਨੇਡਾ ਤੇ ਪਾਕਿਸਤਾਨ ਦੇ ਬਾਸ਼ਿੰਦੇ ਪੰਜਾਬੀ ਬੋਲੀ ਦੇ ਕਵੀਆਂ ਨੇ ਇਸਨੂੰ ਯਾਦਗਾਰੀ ਬਣਾ ਦਿੱਤਾ। ਇੱਕ ਸ਼ਾਇਰ ਦੇ ਸ਼ਬਦਾਂ ਵਿੱਚ "ਪੰਜਾਬੀ ਵਾਕੰਸ਼ਾਂ 'ਤੇ ਆਧਾਰਿਤ ਇਹ ਕਵੀ ਦਰਬਾਰ ਸ਼ਬਾਬ 'ਤੇ ਰਿਹਾ...।" ਉਂਜ ਸਾਰੇ ਕਵੀ ਜਨਾਂ ਤੇ ਬੁਲਾਰਿਆਂ ਨੇ ਭਾਵਪੂਰਤ ਰਚਨਾਵਾਂ ਪੇਸ਼ ਕੀਤੀਆਂ, ਜਿਨ੍ਹਾਂ ਵਿੱਚ ਬਟਵਾਰੇ ਦੀ ਚੀਸ ਵੀ ਸੀ ਅਤੇ ਬੋਲੀ ਤੇ ਸਾਹਿਤਕ ਸਾਂਝ ਦਾ ਹੇਜ ਵੀ ਸੀ; ਕਿਤੇ ਕਿਤੇ ਵਿਅੰਗ ਵੀ ਸੀ, ਤੇ ਕਿਤੇ ਕਿਤੇ ਵਿਚਾਰਕ ਸੁਨੇਹਾ ਵੀ ਸੀ। ਇਹ ਉਪਰਾਲਾ ਪੰਜਾਬੀ ਭਾਸ਼ਾ ਦੇ ਸੰਦਰਭ ਵਿੱਚ ਆਪਸੀ ਇਤਫਾਕ ਬਰਕਰਾਰ ਰੱਖਣ ਲਈ ਇੱਕ ਸਾਂਝਾ ਤੇ ਸ਼ਲਾਘਾਯੋਗ ਯਤਨ ਸੀ। ਤਕਰੀਰ ਦੌਰਾਨ ਇਹ ਵੀ ਕਿਹਾ ਗਿਆ ਕਿ ਵੰਡ ਸਮੇਂ ਜੋ ਫੱਟ ਲੱਗੇ, ਵਿਦੇਸ਼ ਵਿੱਚ ਰਹਿੰਦਿਆਂ ਗਲੋਬਲ ਮਿਲਾਪ ਜ਼ਰੀਏ ਉਨ੍ਹਾਂ 'ਤੇ ਫਹੇ ਲਾਉਣ ਦਾ ਯਤਨ ਕੀਤਾ ਗਿਆ ਹੈ।

ਇੱਕ ਗੱਲ ਜੋ ਰੜਕੀ, ਉਹ ਇਹ ਸੀ ਕਿ ਪ੍ਰਬੰਧਕ ਲੋਕ-ਇਕੱਤਰਤਾ ਜੁਟਾਉਣ ਵਿੱਚ ਥੋੜ੍ਹਾ ਪਿੱਛੇ ਰਹਿ ਗਏ, ਹਾਲਾਂਕਿ ਇਸ ਸਮਾਗਮ ਦੀ ਮੂਲ ਭਾਵਨਾ ਕਾਬਿਲ-ਏ-ਤਾਰੀਫ ਕਹੀ ਜਾ ਸਕਦੀ ਹੈ। ਦੂਜਾ, ਜਦੋਂ ਕੁਝ ਬੁਲਾਰੇ ਆਪਣੀ ਤਕਰੀਰ ਜਾਂ ਕਾਵਿ-ਪੇਸ਼ਕਾਰੀ ਦੌਰਾਨ ਪੂਣੀ ਲੰਮੀ ਖਿੱਚਣ ਨੂੰ ਤਰਜੀਹ ਦੇਣ ਲੱਗਦੇ ਹਨ, ਤਾਂ ਸਰੋਤਿਆਂ ਵਿੱਚ ਉਕੇਵਾਂ ਪੈਦਾ ਹੋ ਜਾਂਦਾ ਹੈ। ਤਸੱਲੀਬਖ਼ਸ਼ ਇਹ ਸੀ ਕਿ ਸਮਾਗਮ ਵਿੱਚ ਹਾਜ਼ਰ ਕਰੀਬ ਕਰੀਬ ਸਾਰੇ ਲੋਕ ਪੰਜਾਬ (ਭਾਵੇਂ ਭਾਰਤੀ ਪੰਜਾਬ ਹੋਵੇ ਜਾਂ ਪਾਕਿਸਤਾਨੀ ਪੰਜਾਬ ਹੋਵੇ), ਪੰਜਾਬੀ ਤੇ ਪੰਜਾਬੀਅਤ ਨੂੰ ਪਿਆਰ ਕਰਨ ਵਾਲੇ ਸਨ; ਖਾਸ ਕਰ ਪੰਜਾਬੀ ਸ਼ਾਇਰੀ ਤੇ ਪੰਜਾਬੀ ਕਾਵਿਤਾ ਦੇ ਰੰਗ ਵਿੱਚ ਭਿੱਜੇ-ਭਿੱਜੇ। ਸਿਆਣੇ ਵੀ ਕਹਿੰਦੇ ਹਨ ਕਿ ਗੱਲ ਉੱਥੇ ਹੀ ਬਣਦੀ ਹੈ, ਜਿੱਥੇ ਕਰੂਰਾ ਮਿਲਦਾ ਹੋਵੇ।

ਇਸ ਸਮਾਗਮ ਦਾ ਬੰਨ੍ਹ-ਸੁੱਬ ਕਰਨ ਵਿੱਚ ਠਾਕਰ ਸਿੰਘ ਬਸਤੀ ਅਤੇ ਸਾਜਿਦ ਚੌਧਰੀ ਦਾ ਵਿਸ਼ੇਸ਼ ਯੋਗਦਾਨ ਸੀ। ਇਹ ਜੋੜੀ ਭਾਈਚਾਰੇ ਦੇ ਹੋਰਨਾਂ ਸੱਜਣਾਂ ਦੇ ਸਹਿਯੋਗ ਨਾਲ ਲੰਮੇ ਸਮੇਂ ਤੋਂ ਗਲੋਬਲ ਮਿਲਾਪ ਲਈ ਤਰੱਦਦ ਕਰਦੀ ਆ ਰਹੀ ਹੈ, ਜਿਸ ਵਿੱਚ ਦੋਹਾਂ ਭਾਈਚਾਰਿਆਂ ਦੇ ਪੰਜਾਬੀ ਬਕਤਿਆਂ ਨੂੰ ਆਪਣੀ ਗੱਲ ਕਹਿਣ-ਸੁਣਨ ਦਾ ਮੌਕਾ ਜੁੜਦਾ ਹੈ। ਇਸ ਸਮਾਗਮ ਵਿੱਚ ਕੈਨੇਡਾ ਤੋਂ ਨਾਮੀ ਲੇਖਕ ਸੁਰਜੀਤ ਸਿੰਘ ਮਾਧੋਪੁਰੀ ਨੇ ਮੁੱਖ ਮਹਿਮਾਨ ਵਜੋਂ ਹਾਜ਼ਰੀ ਭਰੀ, ਜਦਕਿ ਮੁੱਖ ਬੁਲਾਰਿਆਂ ਵਿੱਚ ਸਿੱਖ ਚਿੰਤਕ ਡਾ. ਸੁਰਿੰਦਰ ਸਿੰਘ ਗਿੱਲ, ਲੇਖਕ ਤੇ ਸ਼ਾਇਰ ਰਵਿੰਦਰ ਸਿੰਘ ਸਹਿਰਾਅ, ਮੈਰੀਲੈਂਡ ਤੋਂ ਮਾਸਟਰ ਧਰਮਪਾਲ ਸਿੰਘ ਉੱਗੀ, ਸ਼ਾਇਰ ਗੁਲਾਮ ਮੁਸਤਫਾ ਅੰਜੁਮ, ਡਾ. ਜਾਵੇਦ ਭੱਟੀ ਤੇ ਰਿਆਜ਼ ਬਾਬਰ ਸ਼ਾਮਲ ਸਨ।

ਇਸ ਵਾਰ ਦੇ ਸਮਾਗਮ ਦਾ ਮੁੱਖ ਵਿਸ਼ਾ 'ਪੰਜਾਬੀ ਅਖਾਣਾਂ' ਸਨ। ਇਸ ਮੌਕੇ ਬੀਬੀ ਕਿਰਪਾਲ ਕੌਰ, ਗੁਲਾਮ ਮੁਸਤਫਾ ਅੰਜੁਮ ਤੇ ਕੁਝ ਹੋਰਨਾਂ ਨੇ ਵੱਖ ਵੱਖ ਅਖਾਣਾਂ ਦੀ ਵਿਆਖਿਆ ਕੀਤੀ ਅਤੇ ਕੁਝ ਅਜੀਬ ਕਿਸਮ ਦੀਆਂ ਅਖਾਣਾਂ ਬਾਰੇ ਵੀ ਚਰਚਾ ਛੋਹੀ। ਦੱਸਿਆ ਗਿਆ ਕਿ ਪੀੜ੍ਹੀ-ਦਰ-ਪੀੜ੍ਹੀ ਬਜ਼ੁਰਗਾਂ ਦੇ ਤਜਰਬਿਆਂ ਵਿੱਚੋਂ ਨਿਕਲੀਆਂ ਗੱਲਾਂ ਅਖਾਣ ਬਣ ਗਏ।







### ਲਾਹੌਰ ਨਾਲ ਗੱਲਾਂ: ਡਾ. ਆਤਮਜੀਤ ਦੇ ਸ਼ਬਦਾਂ ਵਿੱਚ...

ਰਵਿੰਦਰ ਸਹਿਰਾਅ ਜਾਣਿਆ-ਪਛਾਣਿਆ ਸ਼ਾਇਰ ਹੈ। ਪਿਛਲੇ ਕਾਫੀ ਸਮੇਂ ਤੋਂ ਉਸ ਨੇ ਵਾਰਤਕ ਵਿੱਚ ਵੀ ਹੱਥ ਅਜ਼ਮਾਈ ਕੀਤੀ ਹੈ। ਪਾਕਿਸਤਾਨ ਬਾਰੇ ਬਹੁਤ ਕਿਤਾਬਾਂ ਲਿਖੀਆਂ ਗਈਆਂ। ਭਾਵੁਕ ਤੌਰ 'ਤੇ ਦੋ ਪੰਜਾਬ ਨਹੀਂ ਹੋਏ, ਹਜੇ ਵੀ ਇੱਕ ਹੀ ਪੰਜਾਬ ਹੈ, ਖਾਸ ਕਰ ਕੇ ਉਨ੍ਹਾਂ ਹਸਾਸ ਲੋਕਾਂ ਵਾਸਤੇ, ਉਨ੍ਹਾਂ ਦਰਦਮੰਦ ਲੋਕਾਂ ਲਈ ਪੰਜਾਬ ਇੱਕ ਹੀ ਹੈ। ਪਾਕਿਸਤਾਨ ਬਾਰੇ ਲਿਖੇ ਗਏ 12-15 ਸਫਰਨਾਮਿਆਂ ਵਿੱਚੋਂ ਬਲਰਾਜ ਸਾਹਨੀ ਦਾ ਲਿਖਿਆ ਸਫਰਨਾਮਾ ਇੱਕ ਮੀਲ ਪੱਥਰ ਹੈ, ਪਰ ਉਸ ਦੀ ਖਾਸੀਅਤ ਤੇ ਸੀਮਾ ਇਹ ਸੀ ਕਿ ਉਹ ਆਜ਼ਾਦੀ ਤੋਂ ਥੋੜ੍ਹੇ ਹੀ ਸਮੇਂ ਬਾਅਦ ਲਿਖਿਆ ਗਿਆ ਸੀ, ਭਾਵੁਕਤਾ ਬਹੁਤ ਜ਼ਿਆਦਾ ਸੀ। ਪਰ ਹੁਣ ਚੀਜ਼ਾਂ ਕਾਫੀ ਬਦਲ ਗਈਆਂ ਹਨ, ਇੱਥੋਂ ਤੱਕ ਕਿ ਪਾਕਿਸਤਾਨ ਤੇ ਹਿੰਦੋਸਤਾਨ ਕਾਫੀ ਬਦਲ ਗਿਆ ਹੈ; ਹੁਣ ਹੇਰਵਾ ਘੱਟ ਹੈ। ਭਾਵਾਂ/ਜਜ਼ਬਿਆਂ ਵਿੱਚ ਰਵਿੰਦਰ ਸਹਿਰਾਅ ਵੀ ਭਿੱਜਦਾ ਹੈ, ਉਹ ਇਨ੍ਹਾਂ ਭਾਵਾਂ ਦੇ ਵਹਿਣ ਵਿੱਚ ਰੁੜ੍ਹਦਾ ਨਹੀਂ ਹੈ। ਉਹ ਆਪਣੀ ਤਰਕ ਦੀ ਅੱਖ ਨੂੰ ਖੁੱਲ੍ਹਾ ਰੱਖਦਾ ਹੈ, ਜਿਸ ਕਰਕੇ ਉਹਦਾ ਸਫਰਨਾਮਾ ਕੁਝ ਉਨ੍ਹਾਂ ਗੱਲਾਂ ਨੂੰ ਵੀ ਅੰਕਿਤ ਕਰਦਾ ਹੈ, ਜਿਨ੍ਹਾਂ ਕਰ ਕੇ ਪਾਕਿਸਤਾਨ ਵਿੱਚ ਹਾਲੇ ਸਾਡੇ (ਹਿੰਦੋਸਤਾਨ) ਨਾਲੋਂ ਬਹੁਤ ਜ਼ਿਆਦਾ ਪਿੱਛੇ ਨੇ; ਪਰ ਪਾਕਿਸਤਾਨ ਦੇ ਲੋਕ/ਸਾਹਿਤਕਾਰ/ਚਿੰਤਕ ਬਹੁਤ ਪਿਆਰੇ ਨੇ। ਉਹ ਉਸੇ ਤਰ੍ਹਾਂ ਸੋਚਦੇ ਨੇ, ਜਿਸ ਤਰ੍ਹਾਂ ਹਿੰਦੋਸਤਾਨ ਦਾ ਚਿੰਤਕ ਸੋਚਦਾ ਹੈ। ਇਹ ਸਭ ਰਵਿੰਦਰ ਸਹਿਰਾਅ ਨੇ 'ਲਾਹੌਰ ਨਾਲ ਗੱਲਾਂ' ਵਿੱਚ ਬੜੀ ਖੂਬਸੂਰਤੀ ਨਾਲ ਅੰਕਿਤ ਕੀਤਾ ਹੈ। ਇਸ ਸਫਰਨਾਮੇ ਦੀ ਵਿਲੱਖਣਤਾ ਇਹ ਹੈ ਕਿ ਇਸ ਵਿੱਚ ਬਹੁਤਾ ਖਲਾਰਾ ਨਹੀਂ ਹੈ। ਇਹ ਸਫਰਨਾਮਾ ਪੜ੍ਹ ਕੇ ਪਾਕਿਸਤਾਨ ਇੱਕ ਐਸੀ ਜਗ੍ਹਾ ਲੱਗਣ ਲੱਗ ਜਾਵੇਗੀ, ਜਿੱਧਰ ਜਾਣਾ ਜਰੂਰੀ ਹੈ। ਇਹ ਲਾਹੌਰ ਨਾਲ ਆਪਣੀ ਸਾਂਝ ਨੂੰ ਦਰਸਾਉਂਦਾ ਹੈ।

ਡਾ. ਸੁਰਿੰਦਰ ਸਿੰਘ ਗਿੱਲ ਨੇ ਦੋਹਾਂ ਪੰਜਾਬਾਂ ਦੇ ਸਾਂਝੇ ਵਿਰਸੇ 'ਤੇ ਰੋਸ਼ਨੀ ਪਾਈ ਅਤੇ ਸੁਨੇਹਾ ਦਿੱਤਾ ਕਿ ਘਰਾਂ ਵਿੱਚ ਪਰਿਵਾਰ ਹੀ ਪੰਜਾਬੀ ਨੂੰ ਮਜਬੂਤ ਕਰਨ ਵਿੱਚ ਯੋਗਦਾਨ ਪਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਭਾਰਤ-ਪਾਕਿ ਕਸ਼ੀਦਗੀ ਦੇ ਚੱਲਦਿਆਂ ਆਰਜੀ ਤੌਰ 'ਤੇ ਬੰਦ ਕੀਤਾ ਗਿਆ ਕਰਤਾਰਪੁਰ ਲਾਂਘਾ ਮੁੜ ਖੁਲ੍ਹਵਾਉਣ ਲਈ ਇੱਕ ਅਪੀਲ ਵ੍ਹਾਈਟ ਹਾਊਸ ਵਿੱਚ ਪਾਈ ਗਈ ਹੈ।

ਇਸ ਮੌਕੇ ਕਸ਼ਿਸ਼ ਹੁਸ਼ਿਆਰਪੁਰੀ, ਰਾਕਿੰਦ ਕੌਰ, ਆਬਿਦ ਰਸ਼ੀਦ, ਤਾਹਿਰਾ ਰਿਦਾ, ਅੰਮ੍ਰਿਤਪਾਲ ਕੌਰ, ਡਾ. ਅਫਜ਼ਲ ਰਹਿਮਾਨ, ਸੁਰਿੰਦਰ ਕੌਰ ਸੰਘਾ ਆਦਿ ਨੇ ਕਵਿਤਾਵਾਂ/ਰਚਨਾਵਾਂ ਸੁਣਾਈਆਂ। ਕੁਝ ਸ਼ੇਅਰ ਬੜੇ ਦਿਲਚਸਪ ਤੇ ਡੂੰਘੇ ਅਰਥਾਂ ਵਾਲੇ ਸਨ, ਜਿਨ੍ਹਾਂ ਨੂੰ 'ਵਾਹ ਵਾਹ' ਦੀ ਤਾਈਦ ਨਾਲ ਨਿਵਾਜਿਆ ਗਿਆ, ਜਦਕਿ ਕੁਝ ਕਵਿਤਾਵਾਂ ਦਾ ਧੁਰਾ ਅਖਾਣ ਸਨ। ਨਵਰੀਤ ਤੇ ਨਵਰਾਜ ਦੀਆਂ ਪੇਸ਼ਕਾਰੀਆਂ ਵੀ ਖੂਬ ਸਨ, ਖਾਸ ਕਰ ਬੋਲੀ ਨਾਲ ਸਬੰਧਤ ਇਹ ਗੱਲ ਕਿ ਜੇ ਅਸੀਂ ਪੰਛੀਆਂ ਨਾਲ ਉਨ੍ਹਾਂ ਦੀ ਬੋਲੀ ਵਿੱਚ ਗੱਲ ਕਰੀਏ ਤਾਂ ਉਹ ਸਾਨੂੰ ਆਪਣਾ ਆਪਣਾ ਸਮਝਣ ਲੱਗ ਜਾਂਦੇ ਹਨ। ਹੈ ਵੀ ਸੱਚ! ਜਦੋਂ ਕੋਈ ਸਾਡੇ ਸਾਹਮਣੇ ਉਹ ਬੋਲੀ ਬੋਲਣ ਲੱਗ ਜਾਵੇ, ਜਿਸ ਦੀ ਸਾਨੂੰ ਸਮਝ ਨਹੀਂ ਤਾਂ ਅਸੀਂ ਉਹਨੂੰ ਓਪਰਾ-ਓਪਰਾ ਹੀ ਝਾਕਾਂਗੇ!

ਇਸ ਮੌਕੇ ਰਵਿੰਦਰ ਸਹਿਰਾਅ ਦੀ ਪੁਸਤਕ 'ਲਾਹੌਰ ਨਾਲ ਗੱਲਾਂ' ਰਿਲੀਜ਼ ਕੀਤੀ ਗਈ। ਇਸ ਪੁਸਤਕ ਸਬੰਧੀ ਮਾਸਟਰ ਧਰਮਪਾਲ ਸਿੰਘ ਉੱਗੀ ਨੇ ਚਰਚਾ ਕੀਤੀ ਕਿ ਇਹ ਕਿਤਾਬ ਬਹੁਤ ਦਿਲਚਸਪ ਹੈ ਅਤੇ ਲੇਖਕ ਦਾ ਲਾਹੌਰ ਦਾ ਸਫ਼ਰਨਾਮਾ ਹੈ। ਇਸ ਪੁਸਤਕ ਸਬੰਧੀ ਨਾਮੀ ਨਾਟਕਕਾਰ ਡਾ. ਆਤਮਜੀਤ ਤੇ ਤਾਹਿਰ ਸੰਧੂ ਦੇ ਵਿਸਥਾਰਿਤ ਵੀਡੀਓ ਸੰਦੇਸ਼ ਵੀ ਸੁਣਾਏ ਗਏ। ਦੋਹਾਂ ਸ਼ਖਸੀਅਤਾਂ ਨੇ ਰਵਿੰਦਰ ਸਹਿਰਾਅ ਦੇ ਸਾਹਿਤਕ ਯੋਗਦਾਨ ਦੀ ਪ੍ਰਸ਼ੰਸਾ ਕੀਤੀ। ਖਾਸਕਰ ਪੁਸਤਕ 'ਲਾਹੌਰ ਨਾਲ ਗੱਲਾਂ' ਨੂੰ ਦੋਹਾਂ ਪੰਜਾਬਾਂ ਵਿਚਾਲੇ ਸੱਭਿਆਚਾਰਕ ਪੁਲ ਵਜੋਂ ਸਲਾਹਿਆ ਗਿਆ। ਇਸ ਮੌਕੇ ਰਵਿੰਦਰ ਸਹਿਰਾਅ ਨੇ ਧੰਨਵਾਦੀ ਸ਼ਬਦਾਂ ਦੇ ਨਾਲ ਨਾਲ 'ਲਾਹੌਰ ਵਸੇਂਦੀਓ ਕੁੜੀਓ, ਕਦੀ ਅੰਬਰਸਰ ਵੀ ਆਇਓ' ਕਵਿਤਾ ਸੁਣਾਈ।

ਪ੍ਰਬੰਧਕਾਂ ਵੱਲੋਂ ਸੁਰਜੀਤ ਸਿੰਘ ਮਾਧੋਪੁਰੀ, ਡਾ. ਸੁਰਿੰਦਰ ਸਿੰਘ ਗਿੱਲ, ਗੁਲਾਮ ਮੁਸਤਫਾ ਅੰਜੁਮ, ਮਾਸਟਰ ਧਰਮਪਾਲ ਸਿੰਘ ਉੱਗੀ, ਡਾ. ਜਾਵੇਦ ਭੱਟੀ ਦਾ ਗੁਰਮੁਖੀ ਅੱਖਰਾਂ ਦੇ ਛਾਪੇ ਵਾਲੀ ਸ਼ਾਲ ਨਾਲ ਸਨਮਾਨ ਕੀਤਾ ਗਿਆ। ਮੰਚ ਸੰਚਾਲਨ ਕਵਿਤਰੀ ਰਾਕਿੰਦ ਕੌਰ ਤੇ ਪ੍ਰਬੰਧਕਾਂ ਨੇ ਰਲ-ਮਿਲ ਕੇ ਕੀਤਾ। ਸਮਾਗਮ ਕੇ.ਕੇ. ਪੰਮਾ ਦੇ 'ਟੱਚ ਆਫ ਸਪਾਈਸ' ਰੈਸਟੋਰੈਂਟ ਵਿੱਚ ਸੀ ਤੇ ਖਾਣਾ ਸਥਾਨਕ ਕਾਰੋਬਾਰੀ ਗੁਲਜ਼ਾਰ ਸਿੰਘ ਮੁਲਤਾਨੀ ਨੇ ਸਪਾਂਸਰ ਕੀਤਾ ਸੀ।

*-ਪੰਜਾਬੀ ਪਰਵਾਜ਼ ਬਿਊਰੋ*

# ਭਾਰਤੀ ਸਿਆਸਤ: ਵੋਟ-ਵੋਟ, ਚੋਰ-ਚੋਰ ਦੀ ਖੇਡ !

**ਸੋਨੀਆ ਯਾਦਵ**
**ਅਨੁਵਾਦ: ਪੰਜਾਬੀ ਪਰਵਾਜ਼ ਬਿਊਰੋ**

ਬਿਹਾਰ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਅਤੇ ਬਿਹਾਰ ਵਿਧਾਨ ਸਭਾ ਦੇ ਵਿਰੋਧੀ ਧਿਰ ਦੇ ਨੇਤਾ ਤੇਜਸਵੀ ਯਾਦਵ ਨੇ 'ਵੋਟਰ ਅਧਿਕਾਰ ਯਾਤਰਾ' ਸ਼ੁਰੂ ਕੀਤੀ ਹੈ। ਇਹ ਯਾਤਰਾ ਰਾਹੁਲ ਗਾਂਧੀ ਦੇ ਤਾਜ਼ਾ ਇਲਜ਼ਾਮਾਂ ਨਾਲ ਜੁੜੀ ਹੈ, ਜਿਨ੍ਹਾਂ ਵਿੱਚ ਉਨ੍ਹਾਂ ਨੇ 'ਵੋਟ ਚੋਰੀ' ਅਤੇ ਚੋਣ ਕਮਿਸ਼ਨ ਉੱਤੇ ਸੱਤਾਧਾਰੀ ਭਾਜਪਾ ਨਾਲ ਮਿਲੀਭੁਗਤ ਦੇ ਦੋਸ਼ ਲਾਏ ਹਨ। ਹਾਲਾਂਕਿ ਚੋਣ ਕਮਿਸ਼ਨ ਨੇ ਰਾਹੁਲ ਦੇ ਦੋਸ਼ਾਂ ਨੂੰ ਰੱਦ ਕਰ ਦਿੱਤਾ ਹੈ ਤੇ ਮੀਡੀਆ ਦਾ ਇੱਕ ਹਿੱਸਾ ਦਾਅਵਾ ਕਰ ਰਿਹਾ ਹੈ ਕਿ ਕਾਂਗਰਸ ਨੂੰ ਇਸ ਮੁੱਦੇ 'ਤੇ ਵਿਰੋਧੀ ਧਿਰ ਦਾ ਸਮਰਥਨ ਨਹੀਂ ਮਿਲਿਆ, ਪਰ ਸੱਚਾਈ ਇਹ ਹੈ ਕਿ ਇਸ ਮੁੱਦੇ ਨੇ ਖਿੰਡੀ-ਪੁੰਡੀ ਵਿਰੋਧੀ ਧਿਰ ਨੂੰ ਇੱਕ ਮੰਚ 'ਤੇ ਲਿਆਂਦਾ ਹੈ ਤੇ ਉਨ੍ਹਾਂ ਨੂੰ ਇਕਜੁੱਟ ਕੀਤਾ ਹੈ।

24 ਜੂਨ ਨੂੰ ਭਾਰਤੀ ਚੋਣ ਕਮਿਸ਼ਨ ਨੇ ਇੱਕ ਹੁਕਮ ਜਾਰੀ ਕੀਤਾ ਸੀ, ਜਿਸ ਵਿੱਚ ਬਿਹਾਰ ਦੇ ਲਗਭਗ ਅੱਠ ਕਰੋੜ ਵੋਟਰਾਂ ਨੂੰ 25 ਜੁਲਾਈ ਤੱਕ 'ਗਿਣਤੀ ਫਾਰਮ' ਭਰ ਕੇ ਜਮ੍ਹਾਂ ਕਰਨ ਲਈ ਕਿਹਾ ਗਿਆ ਸੀ, ਤਾਂ ਜੋ ਉਹ ਵੋਟਰ ਸੂਚੀ ਵਿੱਚ ਬਣੇ ਰਹਿਣ। ਇਸ ਤੋਂ ਬਾਅਦ ਕਮਿਸ਼ਨ ਨੇ ਬਿਹਾਰ ਵਿੱਚ ਵੋਟਰ ਸੂਚੀ ਦੀ ਵਿਸ਼ੇਸ਼ ਗਹਿਰੀ ਜਾਂਚ (ਐਸ.ਆਈ.ਆਰ.) ਦੀ ਪ੍ਰਕਿਰਿਆ ਸ਼ੁਰੂ ਕੀਤੀ। ਅਗਸਤ ਦੇ ਸ਼ੁਰੂ ਵਿੱਚ ਇਸ ਦੀ ਡਰਾਫਟ ਸੂਚੀ ਜਾਰੀ ਹੋਣ ਤੋਂ ਬਾਅਦ ਵਿਰੋਧੀ ਪਾਰਟੀਆਂ ਨੇ ਇਸ ਨੂੰ ਸੰਸਦ ਤੋਂ ਲੈ ਕੇ ਸੜਕਾਂ ਤੱਕ ਵੱਡਾ ਮੁੱਦਾ ਬਣਾਇਆ ਅਤੇ ਵਿਰੋਧੀ ਧਿਰ ਇਕਜੁੱਟ ਨਜ਼ਰ ਆਈ।

ਸੰਸਦ ਦੇ ਮਾਨਸੂਨ ਸੈਸ਼ਨ ਦੌਰਾਨ 11 ਅਗਸਤ ਨੂੰ ਵਿਰੋਧੀ ਧਿਰ ਦੇ ਕਈ ਨੇਤਾ ਸੜਕਾਂ 'ਤੇ ਇਕੱਠੇ ਹੋਏ। ਪੁਲਿਸ ਨੇ ਭਾਵੇਂ ਚੋਣ ਕਮਿਸ਼ਨ ਤੱਕ ਦੇ ਇਸ ਮਾਰਚ ਨੂੰ ਵਿਚਕਾਰ ਹੀ ਰੋਕ ਦਿੱਤਾ, ਪਰ ਵਿਰੋਧੀ ਧਿਰ ਨੇ ਆਪਣੀ ਊਰਜਾ ਨਾਲ ਇਹ ਦਿਖਾ ਦਿੱਤਾ ਕਿ ਇਸ ਮੁੱਦੇ ਨੂੰ ਲੈ ਕੇ ਲੜਾਈ ਵੱਡੀ ਹੋਣ ਵਾਲੀ ਹੈ।

ਕਾਂਗਰਸ ਨੇਤਾ ਅਤੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ 7 ਅਗਸਤ ਨੂੰ ਇੱਕ ਪ੍ਰੈਸ ਕਾਨਫਰੰਸ ਵਿੱਚ ਦੋਸ਼ ਲਾਇਆ ਸੀ ਕਿ ਚੋਣ ਕਮਿਸ਼ਨ ਨੇ ਚੋਣਾਂ ਦੌਰਾਨ ਵੋਟਰ ਸੂਚੀ ਵਿੱਚ ਵੱਡੇ ਪੱਧਰ 'ਤੇ ਗੜਬੜੀ ਕੀਤੀ ਹੈ। ਉਨ੍ਹਾਂ ਨੇ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਅਤੇ ਬੈਂਗਲੁਰੂ ਸੈਂਟਰਲ ਲੋਕ ਸਭਾ ਸੀਟ ਦੀ ਮਹਾਦੇਵਪੁਰਾ ਵਿਧਾਨ ਸਭਾ ਸੀਟ 'ਤੇ ਵੋਟਾਂ ਵਿੱਚ ਵੱਡੀ ਗੜਬੜੀ ਦੇ ਦੋਸ਼ ਲਾਏ ਸਨ। ਰਾਹੁਲ ਗਾਂਧੀ ਨੇ ਇਹ ਵੀ ਕਿਹਾ ਸੀ ਕਿ ਚੋਣ ਕਮਿਸ਼ਨ ਵੱਲੋਂ ਮਸ਼ੀਨ ਨਾਲ ਪੜ੍ਹਨਯੋਗ ਫਾਰਮੈਟ ਵਿੱਚ ਵੋਟਰ ਸੂਚੀ ਨਾ ਦੇਣ ਦੇ ਇਨਕਾਰ ਤੋਂ ਬਾਅਦ ਵਿਰੋਧੀ ਧਿਰ ਨੂੰ ਯਕੀਨ ਹੋ ਗਿਆ ਹੈ ਕਿ ਕਮਿਸ਼ਨ ਨੇ ਮਹਾਰਾਸ਼ਟਰ 'ਚ 'ਵੋਟ ਚੋਰੀ' ਲਈ ਭਾਜਪਾ ਨਾਲ ਮਿਲੀਭੁਗਤ ਕੀਤੀ ਹੈ।

ਇਹ ਪਹਿਲੀ ਵਾਰ ਨਹੀਂ ਹੈ ਜਦੋਂ ਵੋਟਰ ਸੂਚੀ ਵਿੱਚ ਗੜਬੜੀ ਅਤੇ ਇਲੈਕਟ੍ਰਾਨਿਕ ਵੋਟਿੰਗ ਮਸ਼ੀਨ (ਈ.ਵੀ.ਐਮ.) ਨੂੰ ਲੈ ਕੇ ਸਵਾਲ ਉੱਠੇ ਹੋਣ। ਇਸ ਤੋਂ ਪਹਿਲਾਂ ਵੀ ਦਿੱਲੀ ਵਿਧਾਨ ਸਭਾ ਚੋਣਾਂ ਤੋਂ ਲੈ ਕੇ 2024 ਦੀਆਂ ਲੋਕ ਸਭਾ ਚੋਣਾਂ ਅਤੇ ਹੋਰ ਕਈ ਚੋਣਾਂ ਵਿੱਚ ਇਹ ਮੁੱਦਾ ਵਾਰ-ਵਾਰ ਸਾਹਮਣੇ ਆਇਆ ਹੈ। ਇਸ ਸਾਲ ਦੀ ਸ਼ੁਰੂਆਤ ਵਿੱਚ ਦਿੱਲੀ ਵਿਧਾਨ ਸਭਾ ਚੋਣਾਂ ਦੌਰਾਨ ਸਾਬਕਾ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਦੋਸ਼ ਲਾਇਆ ਸੀ ਕਿ ਨਵੀਂ ਦਿੱਲੀ ਵਿਧਾਨ ਸਭਾ ਸੀਟ 'ਤੇ ਵੱਡੀ ਗਿਣਤੀ ਵਿੱਚ ਜਾਅਲੀ ਵੋਟਰ ਜੋੜੇ ਜਾ ਰਹੇ ਹਨ। ਇਸ ਸਬੰਧ ਵਿੱਚ ਉਨ੍ਹਾਂ ਨੇ ਚੋਣ ਕਮਿਸ਼ਨ ਨੂੰ ਪੱਤਰ ਰਾਹੀਂ ਸ਼ਿਕਾਇਤ ਵੀ ਕੀਤੀ ਸੀ।

ਇਸ ਤੋਂ ਪਹਿਲਾਂ ਦਸੰਬਰ 2024 ਵਿੱਚ ਬੀਜੂ ਜਨਤਾ ਦਲ ਨੇ ਉੜੀਸਾ ਵਿੱਚ ਪਈਆਂ ਵੋਟਾਂ ਅਤੇ ਵੋਟਾਂ ਦੀ ਗਿਣਤੀ ਵਿੱਚ ਗੜਬੜੀਆਂ ਦੇ ਦੋਸ਼ ਲਾਉਂਦੇ ਹੋਏ ਚੋਣ ਕਮਿਸ਼ਨ ਦਾ ਦਰਵਾਜ਼ਾ ਖੜਕਾਇਆ ਸੀ। ਉੱਥੇ 2024 ਵਿੱਚ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਇਕੱਠੀਆਂ ਹੋਈਆਂ ਸਨ। ਪਾਰਟੀ ਨੂੰ ਕਮਿਸ਼ਨ ਤੋਂ ਦੋ ਜਵਾਬ ਮਿਲੇ, ਪਰ 9 ਅਗਸਤ ਨੂੰ ਕਮਿਸ਼ਨ ਨਾਲ ਮੀਟਿੰਗ ਤੋਂ ਬਾਅਦ ਬੀਜੂ ਜਨਤਾ ਦਲ ਨੇ ਦੋਸ਼ ਲਾਇਆ ਕਿ ਕਮਿਸ਼ਨ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਦੇਣ ਵਿੱਚ ਅਸਫਲ ਰਿਹਾ। ਪਿਛਲੇ ਸਾਲ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਵੀ ਕਾਂਗਰਸ ਦੀ ਮਹਾਰਾਸ਼ਟਰ ਲੀਡਰਸ਼ਿਪ ਨੇ 29 ਨਵੰਬਰ ਨੂੰ ਚੋਣ ਕਮਿਸ਼ਨ ਨੂੰ ਇੱਕ ਮੈਮੋਰੰਡਮ ਦੇ ਕੇ ਰਾਜ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਗੜਬੜੀ ਦਾ ਦੋਸ਼ ਲਾਇਆ ਸੀ। ਇਸ ਮੈਮੋਰੰਡਮ ਵਿੱਚ ਚੋਣਾਂ ਤੋਂ ਪਹਿਲਾਂ ਵੋਟਰਾਂ ਨੂੰ ਮਨਮਰਜ਼ੀ ਨਾਲ ਹਟਾਉਣ ਅਤੇ ਜੋੜਨ ਦੇ ਨਾਲ-ਨਾਲ ਵੋਟਿੰਗ ਦੇ ਦਿਨ ਸ਼ਾਮ 5:30 ਵਜੇ ਤੋਂ ਰਾਤ 11:30 ਵਜੇ ਤੱਕ ਵੋਟਿੰਗ ਦੇ ਅੰਕੜਿਆਂ ਵਿੱਚ ਤੇਜ਼ ਵਾਧੇ 'ਤੇ ਚਿੰਤਾ ਜਤਾਈ ਗਈ ਸੀ।

ਇਸੇ ਤਰ੍ਹਾਂ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਵੋਟਰ ਪਛਾਣ ਪੱਤਰ ਦੀਆਂ ਨਕਲਾਂ ਦਾ ਮੁੱਦਾ ਉਠਾਇਆ ਸੀ। ਇਸ ਤੋਂ ਇੱਕ ਮਹੀਨੇ ਬਾਅਦ ਮਾਰਚ ਵਿੱਚ ਤ੍ਰਿਣਮੂਲ ਕਾਂਗਰਸ ਨੇ ਚੋਣ ਕਮਿਸ਼ਨ ਦਾ ਰੁਖ ਕੀਤਾ ਸੀ। ਪਾਰਟੀ ਮੁਤਾਬਕ, ਇਹ ਮਾਮਲਾ ਅਜੇ ਵੀ ਹੱਲ ਨਹੀਂ ਹੋਇਆ। ਇਸ ਸਬੰਧੀ ਭਾਜਪਾ ਨੇ ਵੀ ਚੋਣ ਕਮਿਸ਼ਨ ਨਾਲ ਮੁਲਾਕਾਤ ਕੀਤੀ ਸੀ ਅਤੇ ਪੱਛਮੀ ਬੰਗਾਲ ਦੀਆਂ ਵੋਟਰ ਸੂਚੀਆਂ ਵਿੱਚ ਡੁਪਲੀਕੇਟ ਵੋਟਰ ਪਛਾਣ ਪੱਤਰ ਨੰਬਰਾਂ ਦਾ ਮੁੱਦਾ ਉਠਾਇਆ ਸੀ। ਉਨ੍ਹਾਂ ਨੇ ਮਮਤਾ ਬੈਨਰਜੀ ਦੀ ਅਗਵਾਈ ਵਾਲੀ ਸਰਕਾਰ 'ਤੇ ਬਿਨਾ ਦਸਤਾਵੇਜ਼ਾਂ ਵਾਲੇ ਬੰਗਲਾਦੇਸ਼ੀ ਅਤੇ ਰੋਹਿੰਗੀਆ ਲੋਕਾਂ ਨੂੰ ਪਨਾਹ ਦੇਣ ਤੇ ਉਨ੍ਹਾਂ ਨੂੰ ਵੋਟਰ ਸੂਚੀਆਂ ਵਿੱਚ ਸ਼ਾਮਲ ਕਰਨ ਦਾ ਦੋਸ਼ ਲਾਇਆ ਸੀ।

**ਭਾਜਪਾ ਨੇ ਵੀ ਵੋਟਰ ਸੂਚੀਆਂ ਵਿੱਚ ਗੜਬੜੀ ਦਾ ਮੁੱਦਾ ਉਠਾਇਆ ਸੀ:** ਅੱਜ ਭਾਵੇਂ ਭਾਜਪਾ ਚੋਣ ਕਮਿਸ਼ਨ ਦੇ ਨਾਲ ਖੜ੍ਹੀ ਨਜ਼ਰ ਆ ਰਹੀ ਹੈ, ਪਰ ਇਸ ਪਾਰਟੀ ਨੇ ਪੱਛਮੀ ਬੰਗਾਲ ਤੋਂ ਇਲਾਵਾ ਹੋਰ ਥਾਵਾਂ ਅਤੇ ਲੋਕ ਸਭਾ ਚੋਣਾਂ ਦੀਆਂ ਵੋਟਰ ਸੂਚੀਆਂ ਵਿੱਚ ਵੀ ਗੜਬੜੀ ਦਾ ਮੁੱਦਾ ਉਠਾਇਆ ਹੈ। ਭਾਜਪਾ ਸੰਸਦ ਮੈਂਬਰ ਅਨੁਰਾਗ ਠਾਕੁਰ ਨੇ ਰਾਏਬਰੇਲੀ, ਵਾਇਨਾਡ, ਡਾਇਮੰਡ ਹਾਰਬਰ ਅਤੇ ਕੰਨੌਜ ਵਿੱਚ ਵੋਟਰ ਸੂਚੀਆਂ ਵਿੱਚ ਗੜਬੜੀ ਦਾ ਦੋਸ਼ ਲਾਇਆ ਅਤੇ ਰਾਹੁਲ ਗਾਂਧੀ, ਪ੍ਰਿਅੰਕਾ ਗਾਂਧੀ ਵਾਡਰਾ, ਅਭਿਸ਼ੇਕ ਬੈਨਰਜੀ ਅਤੇ ਅਖਿਲੇਸ਼ ਯਾਦਵ ਤੋਂ ਲੋਕ ਸਭਾ ਮੈਂਬਰਸ਼ਿਪ ਤੋਂ ਅਸਤੀਫਾ ਮੰਗਿਆ। ਹਾਲਾਂਕਿ ਚੋਣ ਕਮਿਸ਼ਨ ਨੇ ਅਜੇ ਤੱਕ ਅਨੁਰਾਗ ਠਾਕੁਰ ਤੋਂ ਹਲਫਨਾਮਾ ਨਹੀਂ ਮੰਗਿਆ, ਤੇ ਮੁੱਖ ਚੋਣ ਕਮਿਸ਼ਨਰ ਨੇ ਇਸ 'ਤੇ ਟਿੱਪਣੀ ਕਰਨ ਤੋਂ ਵੀ ਇਨਕਾਰ ਕਰ ਦਿੱਤਾ ਕਿ ਭਾਜਪਾ ਸੰਸਦ ਮੈਂਬਰ ਤੋਂ ਹਲਫਨਾਮਾ ਕਿਉਂ ਨਹੀਂ ਮੰਗਿਆ ਗਿਆ।

ਜਾਣਕਾਰੀ ਅਨੁਸਾਰ 2017 ਦੀਆਂ ਉੱਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਤੋਂ ਬਾਅਦ ਇਲੈਕਟ੍ਰਾਨਿਕ ਵੋਟਿੰਗ ਮਸ਼ੀਨ (ਈ.ਵੀ.ਐਮ.) 'ਤੇ ਸਵਾਲ ਉੱਠੇ ਸਨ। 2019 ਦੀਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਨੇ ਦੋਸ਼ ਲਾਇਆ ਸੀ ਕਿ ਚੋਣ ਕਮਿਸ਼ਨ 'ਮਾਡਲ ਕੋਡ ਆਫ ਕੰਡਕਟ' ਨੂੰ ਸਹੀ ਤਰ੍ਹਾਂ ਲਾਗੂ ਨਹੀਂ ਕਰ ਰਿਹਾ। 2009 ਦੀਆਂ ਚੋਣਾਂ ਵਿੱਚ ਕਾਂਗਰਸ (ਯੂ.ਪੀ.ਏ.) ਦੀ ਜਿੱਤ ਤੋਂ ਬਾਅਦ ਸੀਨੀਅਰ ਭਾਜਪਾ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਨੇ ਈ.ਵੀ.ਐਮ. ਦੀ ਭਰੋਸੇਯੋਗਤਾ 'ਤੇ ਸਵਾਲ ਉਠਾਏ ਸਨ।

ਇਸ ਮਾਮਲੇ ਨੂੰ ਲੈ ਕੇ 2010 ਵਿੱਚ ਭਾਜਪਾ ਨੇਤਾ ਜੀ.ਵੀ.ਐੱਲ. ਨਰਸਿਮਹਾ ਰਾਓ ਨੇ ਈ.ਵੀ.ਐਮ. 'ਤੇ 'ਡੈਮੋਕ੍ਰੇਸੀ ਐਟ ਰਿਸਕ! ਕੈਨ ਵੀ ਟਰੱਸਟ ਆਵਰ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਜ਼?' ਸਿਰਲੇਖ ਨਾਲ ਕਿਤਾਬ ਲਿਖੀ ਸੀ, ਜਿਸ ਦਾ ਮੁੱਖਬੰਦ ਲਾਲ ਕ੍ਰਿਸ਼ਨ ਅਡਵਾਨੀ ਨੇ ਲਿਖਿਆ ਸੀ। ਕੁੱਲ ਮਿਲਾ ਕੇ, ਇਹ ਪਹਿਲੀ ਵਾਰ ਨਹੀਂ ਹੈ ਜਦੋਂ ਚੋਣ ਕਮਿਸ਼ਨ ਸਵਾਲਾਂ ਦੇ ਘੇਰੇ ਵਿੱਚ ਹੈ। ਕਈ ਵਾਰ ਚੋਣਾਂ ਤੋਂ ਬਾਅਦ ਕਈ ਪਾਰਟੀਆਂ ਨੇ ਇਸ ਮੁੱਦੇ ਨੂੰ ਉਠਾਇਆ ਹੈ, ਪਰ ਇਸ ਵਾਰ ਰਾਹੁਲ ਗਾਂਧੀ ਦੇ 'ਵੋਟ ਚੋਰੀ' ਦੇ ਇਲਜ਼ਾਮ ਨੇ ਠੰਢੀ ਪਈ ਵਿਰੋਧੀ ਧਿਰ ਨੂੰ ਇਕਜੁੱਟ ਕਰ ਕੇ ਸੰਘਰਸ਼ ਵਿੱਚ ਝੋਕ ਦਿੱਤਾ ਹੈ।

# ਮਕਬੂਜ਼ਾ ਕਸ਼ਮੀਰ ਵਿੱਚ ਮਨੁੱਖੀ ਅਧਿਕਾਰਾਂ ਦਾ ਸੰਕਟ

ਪੰਜਾਬੀ ਪਰਵਾਜ਼ ਬਿਊਰੋ

***ਭੁੱਖ, ਹਨੇਰਾ ਅਤੇ ਦਮਨ ਦੀ ਜ਼ਿੰਦਗੀ *ਗਰੀਬ ਪਰਿਵਾਰਾਂ ਦੀ ਥਾਲੀ 'ਚੋਂ ਰੋਟੀ ਗਾਇਬ**







ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀ.ਓ.ਕੇ.) ਨੂੰ ਅਕਸਰ ਪਾਕਿਸਤਾਨ ਸਰਕਾਰ ਵੱਲੋਂ 'ਜੰਨਤ' ਦਾ ਨਾਂ ਦਿੱਤਾ ਜਾਂਦਾ ਹੈ, ਪਰ ਇਸ ਜੰਨਤ ਵਿੱਚ ਰਹਿਣ ਵਾਲੇ ਲੋਕਾਂ ਦੀ ਜ਼ਿੰਦਗੀ ਨਰਕ ਵਰਗੀ ਹੋ ਚੁੱਕੀ ਹੈ। ਭੁੱਖ, ਹਨੇਰਾ, ਅਨਿਆਂ ਅਤੇ ਸੈਨਿਕ ਦਮਨ ਨੇ ਪੀ.ਓ.ਕੇ. ਦੇ ਲੋਕਾਂ ਦੀ ਜ਼ਿੰਦਗੀ ਨੂੰ ਅਜਿਹੇ ਸੰਕਟ 'ਚ ਧੱਕ ਦਿੱਤਾ ਹੈ। ਇੰਟਰਨੈਸ਼ਨਲ ਕ੍ਰਾਈਸਿਸ ਗਰੁੱਪ ਅਤੇ ਐਮਨੈਸਟੀ ਇੰਟਰਨੈਸ਼ਨਲ ਵਰਗੀਆਂ ਸੰਸਥਾਵਾਂ ਦੀਆਂ ਰਿਪੋਰਟਾਂ ਨੇ ਇਸ ਖੇਤਰ ਵਿੱਚ ਮਨੁੱਖੀ ਅਧਿਕਾਰਾਂ ਦੀ ਗੰਭੀਰ ਉਲੰਘਣਾ, ਜ਼ਮੀਨ ਹੜੱਪਣ, ਗੈਰ-ਕਾਨੂੰਨੀ ਹਿਰਾਸਤ ਅਤੇ ਸਥਾਨਕ ਲੋਕਾਂ ਦੇ ਦਮਨ ਦੀਆਂ ਘਟਨਾਵਾਂ ਨੂੰ ਸਾਹਮਣੇ ਲਿਆਂਦਾ ਹੈ।

ਐਮਨੈਸਟੀ ਇੰਟਰਨੈਸ਼ਨਲ ਨੇ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਪਰਿਸ਼ਦ (ਯੂ.ਐਨ.ਐਚ.ਆਰ.ਸੀ.) ਅਤੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਅਪੀਲ ਕੀਤੀ ਹੈ ਕਿ ਉਹ ਪਾਕਿਸਤਾਨ 'ਤੇ ਦਬਾਅ ਪਾਉਣ ਤਾਂ ਜੋ ਪੀ.ਓ.ਕੇ. ਵਿੱਚ ਜ਼ਮੀਨ ਹੜੱਪਣ, ਗੈਰ-ਕਾਨੂੰਨੀ ਹਿਰਾਸਤ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣ ਦੀ ਸੁਤੰਤਰ ਜਾਂਚ ਕਰਵਾਈ ਜਾ ਸਕੇ। 'ਦ ਫਾਰਗੌਟਨ ਕਸ਼ਮੀਰ' ਨਾਂ ਦੀ ਰਿਪੋਰਟ ਵਿੱਚ ਸਪੱਸ਼ਟ ਕਿਹਾ ਗਿਆ ਹੈ ਕਿ ਪਾਕਿਸਤਾਨ ਵਿੱਚ ਮੀਡੀਆ ਦੀ ਸਖਤ ਸੈਂਸਰਸ਼ਿਪ ਅਤੇ ਫੌਜ ਦੇ ਦਬਾਅ ਕਾਰਨ ਪੀ.ਓ.ਕੇ. ਦੀਆਂ ਘਟਨਾਵਾਂ ਦੀ ਆਵਾਜ਼ ਅੰਤਰਰਾਸ਼ਟਰੀ ਮੰਚਾਂ ਤੱਕ ਨਹੀਂ ਪਹੁੰਚਦੀ। ਪੀ.ਓ.ਕੇ. ਵਿੱਚ ਸਥਾਨਕ ਪੱਤਰਕਾਰਾਂ ਨੂੰ ਧਮਕੀਆਂ ਦਿੱਤੀਆਂ ਜਾਂਦੀਆਂ ਹਨ ਅਤੇ ਜੋ ਸੱਚ ਬੋਲਣ ਦੀ ਕੋਸ਼ਿਸ਼ ਕਰਦੇ ਹਨ, ਉਨ੍ਹਾਂ ਨੂੰ ਜਾਂ ਤਾਂ ਜੇਲ੍ਹ ਵਿੱਚ ਸੁੱਟ ਦਿੱਤਾ ਜਾਂਦਾ ਹੈ ਜਾਂ ਉਹ ਗਾਇਬ ਹੋ ਜਾਂਦੇ ਹਨ। 2023 ਦੀ ਇੱਕ ਰਿਪੋਰਟ ਮੁਤਾਬਕ, ਪੀ.ਓ.ਕੇ. ਵਿੱਚ 50 ਤੋਂ ਵੱਧ ਪੱਤਰਕਾਰਾਂ ਨੂੰ ਸਿਰਫ ਸੱਚ ਲਿਖਣ ਦੀ ਸਜ਼ਾ ਵਜੋਂ ਜੇਲ੍ਹ ਵਿੱਚ ਡੱਕਿਆ ਗਿਆ।

**ਭੁੱਖ ਅਤੇ ਬੇਰੁਜ਼ਗਾਰੀ ਦਾ ਸੰਕਟ:** ਵਿਸ਼ਵ ਖੁਰਾਕ ਪ੍ਰੋਗਰਾਮ (ਡਬਲਯੂ.ਐਫ.ਪੀ.) ਦੀ 2025 ਦੀ ਨਿਗਰਾਨੀ ਰਿਪੋਰਟ ਮੁਤਾਬਕ, ਪੀ.ਓ.ਕੇ. ਦੇ ਪੇਂਡੂ ਇਲਾਕਿਆਂ ਵਿੱਚ 30% ਤੋਂ ਵੱਧ ਪਰਿਵਾਰ ਅਜਿਹੇ ਹਨ, ਜਿਨ੍ਹਾਂ ਨੂੰ ਦਿਨ ਵਿੱਚ ਇੱਕ ਵਕਤ ਦਾ ਭੋਜਨ ਵੀ ਨਸੀਬ ਨਹੀਂ ਹੋ ਰਿਹਾ। ਮੁਜ਼ੱਫਰਾਬਾਦ, ਗਿਲੋਟ, ਰਾਵਲਕੋਟ, ਮੀਰਪੁਰ, ਕੋਟਲੀ ਅਤੇ ਹਾਜੀਰਾ ਵਰਗੇ ਖੇਤਰਾਂ ਵਿੱਚ ਸਬਸਿਡੀ ਵਾਲਾ ਆਟਾ, ਜੋ ਪਹਿਲਾਂ ਸਰਕਾਰ ਵੱਲੋਂ ਮੁਹੱਈਆ ਕਰਵਾਇਆ ਜਾਂਦਾ ਸੀ, ਮਹੀਨਿਆਂ ਤੋਂ ਨਹੀਂ ਮਿਲ ਰਿਹਾ। ਜਦੋਂ ਆਟਾ ਮਿਲਦਾ ਵੀ ਹੈ, ਤਾਂ ਇਹ 30-35 ਰੁਪਏ ਪ੍ਰਤੀ ਕਿਲੋ ਦੀ ਬਜਾਏ 100 ਤੋਂ 120 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਵਿਕਦਾ ਹੈ। ਇਸ ਨਾਲ ਗਰੀਬ ਪਰਿਵਾਰਾਂ ਦੀ ਥਾਲੀ ਵਿੱਚੋਂ ਰੋਟੀ ਗਾਇਬ ਹੋ ਗਈ ਹੈ।

ਇਸ ਤੋਂ ਇਲਾਵਾ ਦੁੱਧ, ਦਾਲ, ਸਬਜ਼ੀਆਂ ਅਤੇ ਹੋਰ ਬੁਨਿਆਦੀ ਖੁਰਾਕੀ ਵਸਤਾਂ ਵੀ ਦੁਰਲੱਭ ਹੋ ਚੁੱਕੀਆਂ ਹਨ। ਸਥਾਨਕ ਬਾਜ਼ਾਰਾਂ ਵਿੱਚ ਮਹਿੰਗਾਈ ਦਰ 2024 ਵਿੱਚ 45% ਤੱਕ ਪਹੁੰਚ ਗਈ ਸੀ, ਜਿਸ ਨੇ ਆਮ ਲੋਕਾਂ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ। ਇੰਟਰਨੈਸ਼ਨਲ ਕ੍ਰਾਈਸਿਸ ਗਰੁੱਪ ਦੀ 2024 ਦੀ ਰਿਪੋਰਟ ਮੁਤਾਬਕ ਪੀ.ਓ.ਕੇ. ਵਿੱਚ 60% ਤੋਂ ਵੱਧ ਨੌਜਵਾਨ ਬੇਰੁਜ਼ਗਾਰ ਹਨ ਅਤੇ ਸਥਾਨਕ ਲੋਕਾਂ ਨੂੰ ਮੁੱਢਲੀਆਂ ਨੌਕਰੀਆਂ ਵੀ ਨਹੀਂ ਮਿਲਦੀਆਂ, ਕਿਉਂਕਿ ਜ਼ਿਆਦਾਤਰ ਨੌਕਰੀਆਂ ਪਾਕਿਸਤਾਨ ਦੇ ਹੋਰ ਹਿੱਸਿਆਂ ਤੋਂ ਆਏ ਲੋਕਾਂ ਨੂੰ ਦਿੱਤੀਆਂ ਜਾਂਦੀਆਂ ਹਨ। ਸਪਲਾਈ ਚੇਨ 'ਤੇ ਫੌਜ ਦਾ ਪੂਰਨ ਕੰਟਰੋਲ ਹੋਣ ਕਾਰਨ ਸਥਾਨਕ ਨਾਗਰਿਕਾਂ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਗਿਆ ਹੈ।

**ਬਿਜਲੀ ਸੰਕਟ:** ਨੀਲਮ-ਝੇਲਮ ਜਲ-ਬਿਜਲੀ ਪ੍ਰੋਜੈਕਟ, ਜੋ ਪੀ.ਓ.ਕੇ. ਦੇ ਅੰਦਰ ਸਥਿਤ ਹੈ, ਪਾਕਿਸਤਾਨ ਨੂੰ 970 ਮੈਗਾਵਾਟ ਬਿਜਲੀ ਪ੍ਰਦਾਨ ਕਰਦਾ ਹੈ; ਪਰ ਇਸ ਦੇ ਬਾਵਜੂਦ ਜਿਸ ਜ਼ਮੀਨ ਤੋਂ ਇਹ ਬਿਜਲੀ ਪੈਦਾ ਹੋ ਰਹੀ ਹੈ, ਉਸੇ ਖੇਤਰ ਦੇ ਲੋਕਾਂ ਨੂੰ 14 ਤੋਂ 16 ਘੰਟਿਆਂ ਦੀ ਬਿਜਲੀ ਕਟੌਤੀ ਸਹਿਣੀ ਪੈਂਦੀ ਹੈ। ਕਈ ਵਾਰ ਤਿੰਨ ਤੋਂ ਚਾਰ ਦਿਨ ਤੱਕ ਲਗਾਤਾਰ ਬਿਜਲੀ ਗੁੱਲ ਰਹਿੰਦੀ ਹੈ। 2025 ਦੀ ਇੱਕ ਸਥਾਨਕ ਸਰਵੇਖਣ ਰਿਪੋਰਟ ਮੁਤਾਬਕ, ਪੀ.ਓ.ਕੇ. ਦੇ 70% ਤੋਂ ਵੱਧ ਪਿੰਡਾਂ ਵਿੱਚ ਬਿਜਲੀ ਦੀ ਸਪਲਾਈ ਮਾਮੂਲੀ ਹੈ ਅਤੇ ਸਰਦੀਆਂ ਦੇ ਮਹੀਨਿਆਂ ਵਿੱਚ ਸਥਿਤੀ ਹੋਰ ਵੀ ਖਰਾਬ ਹੋ ਜਾਂਦੀ ਹੈ, ਜਦੋਂ ਬਿਜਲੀ ਕਟੌਤੀ 20 ਘੰਟਿਆਂ ਤੱਕ ਪਹੁੰਚ ਜਾਂਦੀ ਹੈ। ਇਸ ਨਾਲ ਸਥਾਨਕ ਲੋਕਾਂ ਦੀ ਜ਼ਿੰਦਗੀ 'ਤੇ ਬੁਰਾ ਅਸਰ ਪੈਂਦਾ ਹੈ, ਖਾਸਕਰ ਸਿਹਤ ਸੇਵਾਵਾਂ ਅਤੇ ਸਿੱਖਿਆ 'ਤੇ।

**ਜ਼ਮੀਨ ਹੜੱਪਣ ਅਤੇ ਅਨਿਆਂ:** ਐਮਨੈਸਟੀ ਇੰਟਰਨੈਸ਼ਨਲ ਦੀ ਰਿਪੋਰਟ ਮੁਤਾਬਕ, ਪੀ.ਓ.ਕੇ. ਵਿੱਚ ਫੌਜ ਦੇ ਕੰਟਰੋਲ ਕਾਰਨ ਆਮ ਨਾਗਰਿਕਾਂ ਲਈ ਕੋਈ ਨਿਆਂਇਕ ਰਾਹ ਨਹੀਂ ਹੈ। 2022 ਤੋਂ 2025 ਦਰਮਿਆਨ ਲਗਭਗ 600 ਤੋਂ ਵੱਧ ਪਰਿਵਾਰਾਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਤੋਂ ਬੇਦਖਲ ਕੀਤਾ ਗਿਆ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਨੂੰ ਨਾ ਮੁਆਵਜ਼ਾ ਮਿਲਿਆ, ਨਾ ਕਾਨੂੰਨੀ ਮਦਦ। 'ਹਿਊਮਨ ਰਾਈਟਸ ਵਾਚ' ਦੀ 2024 ਦੀ ਰਿਪੋਰਟ ਮੁਤਾਬਕ ਇਨ੍ਹਾਂ ਵਿੱਚੋਂ 80% ਤੋਂ ਵੱਧ ਪਰਿਵਾਰ ਪੇਂਡੂ ਖੇਤਰਾਂ ਦੇ ਸਨ, ਜਿਨ੍ਹਾਂ ਦੀ ਜ਼ਮੀਨ ਨੂੰ ਜਾਂ ਤਾਂ ਸੈਨਿਕ ਉਸਾਰੀਆਂ ਲਈ ਵਰਤਿਆ ਗਿਆ ਜਾਂ ਵਿਕਾਸ ਪ੍ਰੋਜੈਕਟਾਂ ਦੇ ਨਾਂ 'ਤੇ ਹੜੱਪ ਲਿਆ ਗਿਆ।

ਜੋ ਲੋਕ ਆਪਣੇ ਹੱਕਾਂ ਲਈ ਆਵਾਜ਼ ਉਠਾਉਂਦੇ ਹਨ, ਉਨ੍ਹਾਂ ਨੂੰ ਜਾਂ ਤਾਂ 'ਦੇਸ਼ ਵਿਰੋਧੀ' ਦਾ ਟੈਗ ਲਗਾ ਕੇ ਜੇਲ੍ਹ ਵਿੱਚ ਸੁੱਟ ਦਿੱਤਾ ਜਾਂਦਾ ਹੈ ਜਾਂ ਉਹ ਰਹੱਸਮਈ ਹਾਲਤਾਂ ਵਿੱਚ ਗਾਇਬ ਹੋ ਜਾਂਦੇ ਹਨ। 2023-2025 ਦਰਮਿਆਨ, 200 ਤੋਂ ਵੱਧ ਵਿਅਕਤੀਆਂ ਦੇ ਗਾਇਬ ਹੋਣ ਦੀਆਂ ਘਟਨਾਵਾਂ ਸਾਹਮਣੇ ਆਈਆਂ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਨੌਜਵਾਨ ਸਨ। ਇਨ੍ਹਾਂ ਵਿੱਚੋਂ ਕੋਈ ਵੀ ਵਾਪਸ ਨਹੀਂ ਆਇਆ। ਸਥਾਨਕ ਸਮਾਜ ਸੇਵੀ ਸੰਸਥਾਵਾਂ ਮੁਤਾਬਕ ਸਰਕਾਰੀ ਨਿਆਂ ਪ੍ਰਣਾਲੀ ਦੀਆਂ ਕਮੀਆਂ ਦੀ ਵਜ੍ਹਾ ਨਾਲ ਸਥਾਨਕ ਲੋਕ ਆਪਣੀ ਜ਼ਮੀਨ ਅਤੇ ਅਧਿਕਾਰਾਂ ਦੀ ਰਾਖੀ ਲਈ ਨਿਆਂ ਨਹੀਂ ਮੰਗ ਸਕਦੇ।

**ਸਿਹਤ ਸੇਵਾਵਾਂ ਅਤੇ ਸਿੱਖਿਆ ਦੀ ਘਾਟ:** ਪੀ.ਓ.ਕੇ. ਵਿੱਚ ਸਿਹਤ ਸੇਵਾਵਾਂ ਦੀ ਸਥਿਤੀ ਬੇਹੱਦ ਮਾੜੀ ਹੈ। ਹਸਪਤਾਲਾਂ ਵਿੱਚ ਨਾ ਤਾਂ ਲੋੜੀਂਦੇ ਡਾਕਟਰ ਹਨ, ਨਾ ਹੀ ਦਵਾਈਆਂ। ਗੰਭੀਰ ਬਿਮਾਰੀਆਂ ਦੇ ਇਲਾਜ ਲਈ ਲੋਕਾਂ ਨੂੰ ਪਾਕਿਸਤਾਨ ਦੇ ਵੱਡੇ ਸ਼ਹਿਰਾਂ ਵਿੱਚ ਜਾਣਾ ਪੈਂਦਾ ਹੈ, ਜੋ ਆਮ ਲੋਕਾਂ ਲਈ ਲਗਭਗ ਅਸੰਭਵ ਹੈ। 2024 ਦੀ ਇੱਕ ਰਿਪੋਰਟ ਮੁਤਾਬਕ, ਪੀ.ਓ.ਕੇ. ਦੇ 85% ਸਿਹਤ ਕੇਂਦਰਾਂ ਵਿੱਚ ਬੁਨਿਆਦੀ ਸਹੂਲਤਾਂ ਦੀ ਘਾਟ, ਸਕੂਲਾਂ ਵਿੱਚ ਅਧਿਆਪਕਾਂ ਦੀ ਕਮੀ ਅਤੇ ਮੁੱਢਲੀਆਂ ਸਹੂਲਤਾਂ ਦੀ ਘਾਟ ਨੇ ਸਿੱਖਿਆ ਨੂੰ ਵੀ ਪ੍ਰਭਾਵਿਤ ਕੀਤਾ ਹੈ। 2024 ਦੀ ਅੰਤਰਰਾਸ਼ਟਰੀ ਰਿਪੋਰਟ ਮੁਤਾਬਕ ਪੀ.ਓ.ਕੇ. ਵਿੱਚ 70% ਸਕੂਲਾਂ ਵਿੱਚ ਅਧਿਆਪਕਾਂ ਦੀ ਕਮੀ ਹੈ ਅਤੇ 40% ਤੋਂ ਵੱਧ ਬੱਚੇ ਸਕੂਲ ਨਹੀਂ ਜਾ ਸਕਦੇ। ਇਸ ਨਾਲ ਅਨਪੜ੍ਹਤਾ ਦਰ 35% ਤੱਕ ਪਹੁੰਚ ਗਈ ਹੈ।

**ਵਿਦਰੋਹ ਦੀਆਂ ਚੰਗਿਆੜੀਆਂ:** ਪੀ.ਓ.ਕੇ. ਵਿੱਚ ਭੜਕ ਰਿਹਾ ਵਿਦਰੋਹ ਕੋਈ ਸਿਆਸੀ ਸਾਜ਼ਿਸ਼ ਨਹੀਂ, ਸਗੋਂ ਇੱਕ ਕੁਚਲੇ ਹੋਏ, ਭੁੱਖੇ, ਹਨੇਰੇ ਵਿੱਚ ਜੀਅ ਰਹੇ ਅਤੇ ਬੇਬਸ ਸਮਾਜ ਦੀ ਸੁਭਾਵਕ ਪ੍ਰਤੀਕਿਰਿਆ ਹੈ। ਇਹ ਸਥਿਤੀ ਉਸ 'ਅਮਨ' ਦੇ ਨਕਲੀ ਪਰਦੇ ਨੂੰ ਚੀਰ ਚੁੱਕੀ ਹੈ, ਜਿਸ ਨੂੰ ਪਾਕਿਸਤਾਨ ਨੇ ਅੰਤਰਰਾਸ਼ਟਰੀ ਮੰਚਾਂ 'ਤੇ ਓੜ੍ਹਿਆ ਹੋਇਆ ਸੀ। ਹੁਣ ਪੀ.ਓ.ਕੇ. ਦੇ ਲੋਕ ਇਹ ਸਮਝ ਚੁੱਕੇ ਹਨ ਕਿ ਉਹ ਪਾਕਿਸਤਾਨ ਦੇ ਨਾਗਰਿਕ ਨਹੀਂ, ਸਿਰਫ ਸਰੋਤ ਹਨ, ਜਿਨ੍ਹਾਂ ਨੂੰ ਜਦੋਂ ਚਾਹੇ ਖੋਹਿਆ ਜਾ ਸਕਦਾ ਹੈ।

**ਸਥਾਨਕ ਵਿਰੋਧ ਅਤੇ ਸੰਘਰਸ਼:** ਸਥਾਨਕ ਲੋਕ ਸਮੇਂ-ਸਮੇਂ 'ਤੇ ਸਰਕਾਰ ਅਤੇ ਫੌਜ ਦੇ ਵਿਰੁੱਧ ਪ੍ਰਦਰਸ਼ਨ ਕਰਦੇ ਹਨ, ਪਰ ਇਨ੍ਹਾਂ ਪ੍ਰਦਰਸ਼ਨਾਂ ਨੂੰ ਜ਼ਬਰਦਸਤੀ ਦਬਾ ਦਿੱਤਾ ਜਾਂਦਾ ਹੈ। 2024 ਦੀ ਇੱਕ ਰਿਪੋਰਟ ਮੁਤਾਬਕ, ਪੀ.ਓ.ਕੇ. ਵਿੱਚ 90% ਪ੍ਰਦਰਸ਼ਨਕਾਰੀਆਂ ਨੂੰ ਗ੍ਰਿਫਤਾਰੀ ਜਾਂ ਹਿਰਾਸਤ ਦਾ ਸਾਹਮਣਾ ਕਰਨਾ ਪੈਂਦਾ ਹੈ। ਸਥਾਨਕ ਸਮਾਜ ਸੇਵੀ ਸੰਸਥਾਵਾਂ ਦੀਆਂ ਰਿਪੋਰਟਾਂ ਮੁਤਾਬਕ, 2023 ਵਿੱਚ 150 ਤੋਂ ਵੱਧ ਵਿਅਕਤੀਆਂ ਨੂੰ ਰਾਸ਼ਟਰ ਵਿਰੋਧੀ ਦੇ ਟੈਗ ਨਾਲ ਗ੍ਰਿਫਤਾਰ ਕੀਤਾ ਗਿਆ।

**ਅੰਤਰਰਾਸ਼ਟਰੀ ਭਾਈਚਾਰੇ ਦੀ ਜ਼ਿੰਮੇਵਾਰੀ:** ਪੀ.ਓ.ਕੇ. ਦੀ ਸਥਿਤੀ ਨਾ ਸਿਰਫ ਇੱਕ ਮਨੁੱਖੀ ਸੰਕਟ ਹੈ, ਸਗੋਂ ਅੰਤਰਰਾਸ਼ਟਰੀ ਭਾਈਚਾਰੇ ਲਈ ਇੱਕ ਚੁਣੌਤੀ ਵੀ ਹੈ। ਸੁਤੰਤਰ ਜਾਂਚ ਅਤੇ ਅੰਤਰਰਾਸ਼ਟਰੀ ਦਖਲ ਦੀ ਸਖਤ ਲੋੜ ਹੈ। ਪਾਕਿਸਤਾਨ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪੀ.ਓ.ਕੇ. ਦੇ ਲੋਕਾਂ ਦੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਠੋਸ ਕਦਮ ਚੁੱਕੇ।

# ਸੋਚ ਵਿੱਚ ਉਡਾਣ ਭਰਨ ਵਾਲੀਆਂ ਸੋਚਾਂ

ਪ੍ਰਿੰਸੀਪਲ ਵਿਜੈ ਕੁਮਾਰ
ਫੋਨ: +91-9872627136

ਉੱਚੀਆਂ, ਸੱਚੀਆਂ ਅਤੇ ਡੂੰਘੀਆਂ ਸੋਚਾਂ ਰੱਖਣ ਵਾਲੇ ਲੋਕਾਂ ਦੇ ਵਿਚਾਰ ਇਤਿਹਾਸ ਬਣ ਜਾਂਦੇ ਹਨ। ਉਨ੍ਹਾਂ ਦੇ ਵਿਚਾਰ ਪੁਸਤਕਾਂ ਅਤੇ ਦਸਤਾਵੇਜ਼ਾਂ 'ਚ ਸਾਂਭੇ ਜਾਂਦੇ ਹਨ। ਦੁਨੀਆ ਭਰ ਵਿਚ ਉਨ੍ਹਾਂ ਦੇ ਵਿਚਾਰਾਂ ਨੂੰ ਸੁਣਿਆ, ਪੜ੍ਹਿਆ ਤੇ ਅਮਲ 'ਚ ਲਿਆਇਆ ਜਾਂਦਾ ਹੈ। ਉਹ ਆਪਣੇ ਅਨਮੋਲ ਵਿਚਾਰਾਂ ਕਾਰਨ ਆਮ ਤੋਂ ਖਾਸ ਬਣ ਜਾਂਦੇ ਹਨ। ਉਨ੍ਹਾਂ ਦੇ ਮਹਾਨ ਹੋਣ ਦੀਆਂ ਮਿਸਾਲਾਂ ਦੇਣੀਆਂ ਸ਼ੁਰੂ ਹੋ ਜਾਂਦੀਆਂ ਹਨ। ਉਹ ਸਾਰੇ ਦੇਸ਼ਾਂ, ਧਰਮਾਂ, ਜਾਤਾਂ ਅਤੇ ਕਬੀਲਿਆਂ ਦੇ ਸਾਂਝੇ ਹੋ ਜਾਂਦੇ ਹਨ। ਭਾਰਤ ਦੇ ਮਰਹੂਮ ਰਾਸ਼ਟਰਪਤੀ ਡਾਕਟਰ ਏ.ਪੀ.ਜੇ. ਅਬਦੁੱਲ ਕਲਾਮ ਦੇ ਮਹਾਨ ਵਿਚਾਰਾਂ ਤੋਂ ਦੁਨੀਆ ਭਰ ਦੇ ਲੋਕ ਪ੍ਰਭਾਵਿਤ ਹਨ। ਸਿੱਖਿਆ ਸੰਸਥਾਵਾਂ ਦੀਆਂ ਕੰਧਾਂ ਉੱਤੇ, ਸ਼ੋਸ਼ਲ ਮੀਡੀਏ, ਲਾਇਬ੍ਰੇਰੀਆਂ ਅਤੇ ਪੁਸਤਕਾਂ 'ਚ ਉਨ੍ਹਾਂ ਦੇ ਵਿਚਾਰ ਅਕਸਰ ਹੀ ਪੜ੍ਹਨ ਨੂੰ ਮਿਲ ਜਾਂਦੇ ਹਨ। ਇੱਕ ਵਾਰ ਅਮਰੀਕਾ ਦੀ ਯੂਨੀਵਰਸਟੀ 'ਚ ਪੜ੍ਹਦੀ ਵਿਦਿਆਰਥਣ ਸਟੈਫੀ ਵਲੋਂ ਜਦੋਂ ਉਨ੍ਹਾਂ ਨੂੰ ਇਹ ਪ੍ਰਸ਼ਨ ਪੁੱਛਿਆ ਗਿਆ ਕਿ ਤੁਹਾਨੂੰ ਜ਼ਿੰਦਗੀ ਦੀ ਅਸਲ ਖੁਸ਼ੀ ਕਦੋਂ ਹਾਸਲ ਹੋਈ? ਡਾ. ਕਲਾਮ ਦਾ ਜਵਾਬ ਸੀ, "ਬੇਟੀ, ਵਿਕਲਾਂਗ ਬੱਚਿਆਂ ਦੇ ਚੱਲਣ ਲਈ ਉਨ੍ਹਾਂ ਦੇ ਪੈਰਾਂ ਵਿੱਚ 4-5 ਕਿਲੋ ਦੇ ਪਏ ਹੋਏ ਬੂਟ ਉਨ੍ਹਾਂ ਨੂੰ ਚੱਲਣ ਲੱਗਿਆਂ ਬਹੁਤ ਤਕਲੀਫ਼ ਦਿੰਦੇ ਸਨ। ਉਨ੍ਹਾਂ ਨੂੰ ਤਕਲੀਫ਼ ਵਿੱਚ ਵੇਖ ਕੇ ਮੇਰਾ ਮਨ ਬਹੁਤ ਦੁਖੀ ਹੁੰਦਾ ਸੀ। ਮੈਨੂੰ ਉਸ ਦਿਨ ਬਹੁਤ ਖੁਸ਼ੀ ਹੋਈ, ਜਿਸ ਦਿਨ ਉਹ ਮੇਰੇ ਵਲੋਂ ਕੀਤੀ ਗਈ ਖੋਜ ਦੇ ਆਧਾਰ ਉੱਤੇ ਕਾਪਰ ਦੇ ਬਣੇ ਹੋਏ 3-4 ਸੌ ਗ੍ਰਾਮ ਦੇ ਹਲਕੇ ਬੂਟ ਆਪਣੇ ਪੈਰਾਂ ਵਿੱਚ ਪਾ ਕੇ ਬਹੁਤ ਆਰਾਮ ਨਾਲ ਚੱਲਣ ਯੋਗ ਹੋ ਗਏ।

ਇੱਕ ਵਾਰ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਤੁਹਾਨੂੰ ਆਪਣੀ ਜ਼ਿੰਦਗੀ 'ਚ ਸਭ ਤੋਂ ਜ਼ਿਆਦਾ ਦੁੱਖ ਕਦੋਂ ਹੋਇਆ ਸੀ? ਉਨ੍ਹਾਂ ਨੇ ਅੱਗੋਂ ਕਿਹਾ ਕਿ ਮੈਂ ਆਪਣੀ ਜ਼ਿੰਦਗੀ 'ਚ ਸਭ ਤੋਂ ਜ਼ਿਆਦਾ ਦੁਖੀ ਉਦੋਂ ਹੋਣ ਨੂੰ ਮੰਨਦਾ ਹਾਂ, ਜਦੋਂ ਮੇਰੇ ਅੱਬਾ ਅਤੇ ਅੰਮੀ ਦੀ ਉਮਰ 85-90 ਸਾਲ ਦੀ ਹੋਣ ਕਾਰਨ ਉਨ੍ਹਾਂ ਦੀਆਂ ਅੱਖਾਂ ਦੀ ਨਜ਼ਰ ਬਹੁਤ ਘੱਟ ਹੋ ਚੁੱਕੀ ਸੀ। ਉਹ ਰਾਮੇਸ਼ਵਰਮ 'ਚ ਰਹਿੰਦੇ ਸਨ। ਰਾਮੇਸ਼ਵਰਮ 'ਚ ਬਿਜਲੀ ਬਹੁਤ ਜਾਂਦੀ ਸੀ, ਪਰ ਉਹ ਰਾਮੇਸ਼ਵਰਮ ਛੱਡਣ ਲਈ ਤਿਆਰ ਨਹੀਂ ਸਨ। ਨਜ਼ਰ ਘੱਟ ਹੋਣ ਕਾਰਨ ਰਾਤ ਨੂੰ ਹਨੇਰੇ ਵਿੱਚ ਇੱਧਰ-ਉੱਧਰ ਜਾਣ ਨਾਲ ਉਨ੍ਹਾਂ ਦੇ ਸੱਟ ਚੋਟ ਲੱਗ ਜਾਂਦੀ ਸੀ। ਮੈਂ ਉਨ੍ਹਾਂ ਲਈ ਕੁਝ ਨਹੀਂ ਕਰ ਸਕਿਆ, ਜਿਸਦਾ ਮੇਰੇ ਮਨ ਨੂੰ ਅੱਜ ਤੱਕ ਬਹੁਤ ਦੁੱਖ ਹੈ। ਪਰ ਜਦੋਂ ਮੇਰੇ ਵੱਡੇ ਭਰਾ ਦੀ ਉਮਰ ਜ਼ਿਆਦਾ ਹੋਣ ਕਾਰਨ ਅੱਖਾਂ ਦੀ ਨਜ਼ਰ ਘੱਟ ਹੋ ਗਈ, ਉਦੋਂ ਸੋਲਰ ਸਿਸਟਮ ਦੀ ਖੋਜ ਹੋ ਚੁੱਕੀ ਸੀ। ਮੈਂ ਉਨ੍ਹਾਂ ਲਈ ਘਰ 'ਚ ਸੋਲਰ ਸਿਸਟਮ ਲਗਵਾ ਦਿੱਤਾ ਤੇ ਬਿਜਲੀ ਜਾਣ ਦੀ ਸਮੱਸਿਆ ਹੱਲ ਹੋ ਗਈ।



ਡਾਕਟਰ ਏ.ਪੀ.ਜੇ. ਅਬਦੁੱਲ ਕਲਾਮ

ਸੁਧਾ ਕੁਲਕਰਨੀ, ਜੋ ਹੁਣ ਇਨਫੋਸਿਸ ਦੇ ਮਾਲਿਕ ਕ੍ਰਿਸ਼ਨਨ ਮੂਰਤੀ ਦੀ ਪਤਨੀ ਹੈ ਅਤੇ ਇਨਫੋਸਿਸ ਆਈ.ਟੀ. ਕੰਪਨੀ ਦੀ ਚੇਅਰਪਰਸਨ ਹੈ, ਨੇ ਦੱਸਿਆ ਕਿ ਮਾਰਚ 1974 ਦੀ ਗੱਲ ਹੈ ਕਿ ਉਹ ਐਮ.ਟੈਕ ਕਰ ਰਹੀ ਸੀ। ਉਹ ਆਪਣੀ ਜਮਾਤ 'ਚ ਇਕੱਲੀ ਹੀ ਲੜਕੀ ਸੀ। ਇੱਕ ਦਿਨ ਮੈਂ ਆਪਣੇ ਕਾਲਜ ਦੇ ਨੋਟਿਸ ਬੋਰਡ ਉੱਤੇ ਟਾਟਾ ਦੀ ਟੈਲਕੋ ਕੰਪਨੀ ਵੱਲੋਂ ਇੱਕ ਸੂਚਨਾ ਪੜ੍ਹੀ ਕਿ ਕੰਪਨੀ ਨੂੰ ਇੰਜੀਨੀਅਰਾਂ ਦੀ ਲੋੜ ਹੈ। ਤਨਖਾਹ ਪੰਦਰਾਂ ਹਜ਼ਾਰ ਰੁਪਏ ਹੋਵੇਗੀ, ਪਰ ਕੁੜੀਆਂ ਇਸ ਨੌਕਰੀ ਲਈ ਅਰਜੀ ਨਹੀਂ ਭੇਜ ਸਕਦੀਆਂ।

ਮੈਂ ਉਹ ਸੂਚਨਾ ਪੜ੍ਹ ਕੇ ਸੋਚਿਆ ਕਿ ਇਸ ਅਹੁਦੇ ਲਈ ਕੁੜੀਆਂ ਦਾ ਅਰਜੀ ਨਾ ਭੇਜ ਸਕਣਾ ਉਨ੍ਹਾਂ ਨਾਲ ਬੇਇਨਸਾਫ਼ੀ ਹੈ। ਮੈਨੂੰ ਰਤਨ ਟਾਟਾ ਦੇ ਘਰ ਦੇ ਪਤੇ ਦੀ ਜਾਣਕਾਰੀ ਵੀ ਨਹੀਂ ਸੀ, ਇਸਦੇ ਬਾਵਜੂਦ ਮੈਂ ਇੱਕ ਪੋਸਟ ਕਾਰਡ ਉੱਤੇ ਆਪਣੀ ਸ਼ਿਕਾਇਤ ਲਿਖੀ ਕਿ ਭਾਰਤ ਦੀ 50% ਆਬਾਦੀ ਔਰਤਾਂ ਦੀ ਹੈ, ਉਨ੍ਹਾਂ ਨੂੰ ਇਸ ਅਹੁਦੇ ਤੋਂ ਵਾਂਝੇ ਰੱਖਣਾ ਉਨ੍ਹਾਂ ਨਾਲ ਜ਼ਿਆਦਤੀ ਹੈ। ਮੈਂ ਉਸ ਪੋਸਟ ਕਾਰਡ ਉੱਤੇ 'ਰਤਨ ਟਾਟਾ ਬੰਬਈ' ਪਤਾ ਲਿਖ ਕੇ ਉਹ ਪੋਸਟ ਕਾਰਡ ਭੇਜ ਦਿੱਤਾ। ਮੈਂ ਤਾਂ ਸਮਝਦੀ ਸੀ ਕਿ ਮੇਰਾ ਲਿਖਿਆ ਹੋਇਆ ਪੋਸਟ ਕਾਰਡ ਨਹੀਂ ਪਹੁੰਚੇਗਾ, ਪਰ ਇੱਕ ਦਿਨ ਮੈਨੂੰ ਟੈਸਟ ਦੇਣ ਦਾ ਸੱਦਾ ਪੱਤਰ ਆ ਗਿਆ। ਟੈਸਟ ਅਤੇ ਇੰਟਰਵਿਊ ਪਾਸ ਕਰਨ ਤੋਂ ਬਾਅਦ ਮੈਨੂੰ ਨਿਯੁਕਤੀ ਪੱਤਰ ਵੀ ਆ ਗਿਆ। ਮੈਂ ਸਾਰੀ ਗੱਲ ਦੱਸ ਕੇ ਆਪਣੇ ਪਿਤਾ ਜੀ ਨੂੰ ਕਿਹਾ ਕਿ ਮੈਂ ਇਹ ਨੌਕਰੀ ਨਹੀਂ ਕਰਾਂਗੀ, ਕਿਉਂਕਿ ਮੈਨੂੰ ਅਮਰੀਕਾ ਤੋਂ ਸਕਾਲਰਸ਼ਿਪ ਦੇ ਕੇ ਬੁਲਾ ਲਿਆ ਗਿਆ ਹੈ। ਪਿਤਾ ਜੀ ਨੇ ਮੈਨੂੰ ਗੁੱਸੇ ਹੁੰਦੇ ਹੋਏ ਕਿਹਾ ਕਿ ਕਿਸੇ ਵੀ ਬੜੇ ਵਿਅਕਤੀ ਨੂੰ ਪੋਸਟ ਕਾਰਡ ਉੱਤੇ ਨਹੀਂ, ਸਗੋਂ ਲਿਫਾਫੇ ਉੱਤੇ ਪੱਤਰ ਲਿਖਣਾ ਚਾਹੀਦਾ ਹੈ। ਮੈਨੂੰ ਇੱਕ ਡਾਕਟਰ ਹੋਣ ਦੇ ਨਾਤੇ ਕੇਵਲ ਛੇ ਸੌ ਰੁਪਏ ਹੀ ਤਨਖਾਹ ਮਿਲਦੀ ਹੈ, ਪਰ ਕੰਪਨੀ ਤੈਨੂੰ ਪੰਦਰਾਂ ਹਜ਼ਾਰ ਰੁਪਏ ਤਨਖਾਹ ਦੇ ਰਹੀ ਹੈ। ਕੰਪਨੀ ਨੇ ਤੇਰੀ ਗੱਲ ਮੰਨ ਕੇ ਆਪਣੇ ਨਿਯਮ ਤੋੜ ਕੇ ਤੈਨੂੰ ਨੌਕਰੀ ਦਿੱਤੀ ਹੈ, ਤੂੰ ਫੇਰ ਵੀ ਉਸਦੀ ਨੌਕਰੀ ਛੱਡਣ ਦੀ ਗੱਲ ਕਰ ਰਹੀ ਹੈਂ! ਤੇਰੇ ਵੱਲੋਂ ਅਜਿਹਾ ਕਰਨ 'ਤੇ ਹੋ ਸਕਦਾ ਹੈ ਕਿ ਕੰਪਨੀ ਭਵਿੱਖ 'ਚ ਕੁੜੀਆਂ ਨੂੰ ਨੌਕਰੀ ਦੇਣੀ ਬੰਦ ਕਰ ਦੇਵੇ, ਜੋਕਿ ਚੰਗੀ ਗੱਲ ਨਹੀਂ ਹੋਵੇਗੀ। ਸੁਧਾ ਮੂਰਤੀ ਨੇ ਕਿਹਾ ਕਿ ਪਿਤਾ ਜੀ ਦੀਆਂ ਗੱਲਾਂ ਨੇ ਮੈਨੂੰ ਭਵਿੱਖ ਵਿੱਚ ਅਜਿਹਾ ਨਾ ਕਰਨ ਦੀ ਨਸੀਹਤ ਦੇ ਦਿੱਤੀ।

ਸਵਾਮੀ ਵਿਵੇਕਾਨੰਦ ਜਦੋਂ ਅਮਰੀਕਾ ਦੀ ਇੱਕ ਯੂਨੀਵਰਸਿਟੀ ਵਿੱਚ ਗਏ ਤਾਂ ਉਨ੍ਹਾਂ ਨੂੰ ਉਸ ਯੂਨੀਵਰਸਿਟੀ ਦੇ ਇੱਕ ਪ੍ਰੋਫੈਸਰ ਨੇ ਕਿਹਾ, ਵਿਵੇਕਾਨੰਦ ਜੀ ਤੁਸੀਂ ਸਾਧਾਰਣ ਜਿਹੀ ਪੋਸ਼ਾਕ ਕਿਉਂ ਪਾਈ ਹੋਈ ਹੈ? ਤੁਸੀਂ ਸਾਡੇ ਮੁਲਕ ਦੇ ਲੋਕਾਂ ਵਾਂਗ ਸੂਟ-ਬੂਟ ਪਾ ਕੇ ਭੱਦਰ ਪੁਰਸ਼ ਕਿਉਂ ਨਹੀਂ ਬਣ ਜਾਂਦੇ। ਸਵਾਮੀ ਜੀ ਨੇ ਉਸ ਪ੍ਰੋਫੈਸਰ ਨੂੰ ਕਿਹਾ, ਸ੍ਰੀ ਮਾਨ, ਤੁਹਾਨੂੰ ਤੁਹਾਡੀ ਪੋਸ਼ਾਕ ਭੱਦਰ ਪੁਰਸ਼ ਬਣਾਉਂਦੀ ਹੈ, ਪਰ ਸਾਨੂੰ ਸਾਡਾ ਸੱਭਿਆਚਾਰ ਭੱਦਰ ਪੁਰਸ਼ ਬਣਾਉਂਦਾ ਹੈ। ਉਹ ਪ੍ਰੋਫੈਸਰ ਸਵਾਮੀ ਜੀ ਦਾ ਜਵਾਬ ਸੁਣ ਕੇ ਕੁਝ ਨਹੀਂ ਬੋਲ ਸਕਿਆ।

## ਸੈਰ-ਸਪਾਟਾ

ਸੰਤੋਖ ਸਿੰਘ ਮੰਡੇਰ (ਕੈਨੇਡਾ)
ਵੱਟਸਐਪ: 604-505-7000



# ਜਿਮਖਾਨਾ ਕਲੱਬ-ਲਾਹੌਰ



ਸੰਸਾਰ ਵਿੱਚ ਪੰਜਾਬੀਆਂ ਦਾ ਚਰਚਿਤ, ਸੱਭਿਆਚਾਰਕ ਤੇ ਇਤਿਹਾਸਕ ਸ਼ਹਿਰ ਲਾਹੌਰ, ਸਿੱਖ ਦੌਰ ਦੇ ਖਾਲਸਾ ਰਾਜ 'ਸ਼ੇਰੇ ਪੰਜਾਬ-ਮਹਾਰਾਜਾ ਰਣਜੀਤ ਸਿੰਘ' ਦਾ ਸਿੰਘਾਸਨ ਤੇ ਹੁਣ ਪੱਛਮੀ ਪੰਜਾਬ ਜਾਂ ਲਹਿੰਦੇ ਪੰਜਾਬ (ਪਾਕਿਸਤਾਨ) ਦਾ 'ਦਾਰ-ਅਲ-ਖਲਾਫਾ', ਕੈਪੀਟਲ-ਰਾਜਧਾਨੀ ਹੈ। ਪੰਜਾਬੀ ਦੀ ਇੱਕ ਆਮ ਅਖਾਣ ਹੈ, 'ਜਿਹਨੇ ਲਾਹੌਰ ਨ੍ਹੀਂ ਦੇਖਿਆ, ਉਹ ਜੰਮਿਆ ਈ ਨਹੀਂ।' ਲਾਹੌਰ ਵਾਕਿਆ ਹੀ ਗੁਆਂਢੀ ਦੀ ਰੰਨ ਵਰਗਾ ਅਤੇ ਈਰਾਨੀ ਹੂਰ ਵਰਗਾ ਬੜਾ ਹੀ ਖੂਬਸੂਰਤ ਤੇ ਅਨੋਖਾ ਸ਼ਹਿਰ ਹੈ। ਲਾਹੌਰ ਨੂੰ ਲੁੱਟਣ ਵਿੱਚ ਤੁਰਕਾਂ, ਪਠਾਣਾਂ, ਮੁਗਲਾਂ ਤੇ ਅੰਗਰੇਜ਼ਾਂ ਨੇ ਕੋਈ ਘੱਟ ਨਹੀਂ ਕੀਤੀ, ਪਰ ਬਨਾਉਣ ਤੇ ਸੰਵਾਰਨ 'ਚ ਸਿੱਖ ਦਰਬਾਰ ਤੇ ਬਹੁਤਾ ਅੰਗਰੇਜ਼ ਸਰਕਾਰ ਦਾ ਯੋਗਦਾਨ ਰਿਹਾ ਹੈ। ਭਾਰਤ ਵਿੱਚ ਈਸਟ ਇੰਡੀਆ ਕੰਪਨੀ ਨੇ ਪੈਰ ਪਸਾਰੇ ਤੇ ਫਿਰ ਇੰਗਲੈਂਡ ਦੀ ਅੰਗਰੇਜ਼ ਮਹਾਰਾਣੀ ਨੇ ਸੰਨ 1849 ਵਿੱਚ ਲਾਰਡ ਡਲਹੌਜ਼ੀ ਰਾਹੀਂ ਸਿੱਖਾਂ ਤੋਂ ਲਾਹੌਰ ਦਾ ਰਾਜਭਾਗ ਜਬਰਦਸਤੀ ਖੋਹ ਲਿਆ ਤੇ ਪੰਜਾਬ ਦਾ ਲਾਹੌਰ ਸਿੱਖ ਦਰਬਾਰ, ਅੰਗਰੇਜ਼ ਸਰਕਾਰ ਜਾਂ ਬ੍ਰਿਟਿਸ਼ ਅੰਪਾਇਰ ਵਿੱਚ ਸ਼ਾਮਲ ਕਰ ਲਿਆ ਗਿਆ। ਬਾਲਕ ਸਿੱਖ ਮਹਾਰਾਜਾ ਦਲੀਪ ਸਿੰਘ ਨੂੰ ਜਲਾਵਤਨ ਕਰਕੇ, ਅੰਗਰੇਜ਼ਾਂ ਨੇ ਪੰਜਾਬ ਉਪਰ ਲੱਗਭਗ 100 ਸਾਲ ਰਾਜ ਕੀਤਾ। ਅੰਗਰੇਜ਼ਾਂ ਨੇ ਸੰਸਾਰ ਭਰ ਦੇ 56 ਮੁਲਕਾਂ ਵਿੱਚ ਰਾਜ ਕੀਤਾ, ਪਰ ਉਨ੍ਹਾਂ ਨੇ ਕਿਸੇ ਵੀ ਹੋਰ ਮੁਲਕ ਵਿੱਚ ਸਿਧੀ ਦਖਲਅੰਦਾਜ਼ੀ ਨਹੀਂ ਕੀਤੀ। ਸਿਰਫ ਪੰਜਾਬ ਦੇ ਲਾਹੌਰ ਸਿੱਖ ਰਾਜ ਦੇ 'ਮਹਾਰਾਜਾ' ਨੂੰ ਖਤਮ ਕਰਕੇ ਅੰਗਰੇਜ਼ ਸਰਕਾਰ ਦਾ 'ਗਵਰਨਰ ਰਾਜ' ਸਥਾਪਿਤ ਕੀਤਾ। ਅੰਗਰੇਜ਼ ਗਵਰਨਰ ਦੇ ਰਾਜ ਵਿੱਚ ਸਾਰੇ ਪੰਜਾਬ ਅਤੇ ਲਾਹੌਰ ਵਿੱਚ ਅੰਤਾਂ ਦੀ ਤਰੱਕੀ ਹੋਈ।

ਅੰਗਰੇਜ਼ ਹਕੂਮਤ ਜਾਂ 'ਬ੍ਰਿਟਿਸ਼ ਅੰਪਾਇਰ' ਦੀ ਰਾਜਧਾਨੀ, ਭਾਰਤ ਦਾ ਦਿਲ 'ਦਿੱਲੀ', ਬੰਗਾਲ ਦਾ ਕਲਾਤਮਿਕ ਸ਼ਹਿਰ 'ਕਲਕੱਤਾ', ਦੱਖਣੀ ਭਾਰਤ ਦੀ ਬੂੰਦੀ ਵਰਗੀ ਬੰਦਰਗਾਹ 'ਬੰਬਈ' ਅਤੇ ਪੰਜਾਬ ਦੇ ਲਾਲਾਂ ਵਰਗੇ ਸ਼ਹਿਰ 'ਲਾਹੌਰ' ਵਿੱਚ ਅੰਗਰੇਜ਼ਾਂ ਨੇ ਬੇਸ਼ੁਮਾਰ ਨਵੀਆਂ ਇਮਾਰਤਾਂ, ਰੇਲਵੇ ਲਾਈਨਾਂ, ਰੇਲਵੇ ਸਟੇਸ਼ਨ, ਡਾਕਘਰ, ਹਸਪਤਾਲ, ਕਾਲਜ, ਸਕੂਲ, ਯੂਨੀਵਰਸਿਟੀਆਂ, ਘੰਟਾ ਘਰ, ਨਹਿਰਾਂ, ਪੁਲ ਆਦਿ ਬਣਵਾਏ। ਪੰਜਾਬ ਵਿੱਚ ਲਾਹੌਰ ਦੀ ਖੂਬਸੂਰਤੀ ਲਈ ਇਨ੍ਹਾਂ ਨਵੀਆਂ ਬਣੀਆਂ ਇਮਾਰਤਾਂ ਨੇ ਲਾਹੌਰ ਨੂੰ ਚਾਰ ਚੰਨ ਲਾ ਦਿੱਤੇ ਅਤੇ ਲਾਹੌਰ ਏਸ਼ੀਆ ਦਾ ਹੀ ਨਹੀਂ, ਸੰਸਾਰ ਭਰ ਵਿੱਚ ਪੰਜਾਬੀ ਸੱਭਿਆਚਾਰ ਦਾ ਲਾਜਵਾਬ ਕੇਂਦਰ ਬਣ ਗਿਆ, ਜਿਸ ਵਿੱਚ ਪੰਜਾਬੀ ਮੁਸਲਮਾਨ, ਸਿੱਖ, ਹਿੰਦੂ, ਜੈਨ ਤੇ ਹੋਰ ਧਰਮਾਂ ਦੇ ਲੋਕ ਰਲ-ਮਿਲ ਕੇ ਰਹਿੰਦੇ ਸਨ। ਲਾਹੌਰ ਖਾਲਸਾ ਦਰਬਾਰ ਅਤੇ ਸਾਰੇ ਪੰਜਾਬ ਵਿੱਚ ਮੁਸਲਿਮ ਧਰਮ ਨੂੰ ਮੰਨਣ ਵਾਲਿਆਂ ਦੀ ਆਬਾਦੀ ਸਭ ਤੋਂ ਵੱਧ ਸੀ। ਉਰਦੂ, ਪੰਜਾਬੀ, ਫਾਰਸੀ, ਅੰਗਰੇਜ਼ੀ ਆਦਿ ਭਾਸ਼ਾਵਾਂ ਬੋਲੀਆਂ, ਲਿਖੀਆਂ ਤੇ ਪੜ੍ਹਾਈਆਂ ਜਾਂਦੀਆਂ ਸਨ। ਸਿੱਖ ਰਾਜ ਦੌਰਾਨ ਪੰਜਾਬ ਦੇ 90% ਲੋਕ ਪੜ੍ਹੇ-ਲਿਖੇ ਸਨ। ਪੰਜਾਬ ਵਿੱਚ ਮੰਦਿਰ, ਮਸਜਿਦ ਤੇ ਗੁਰਦਵਾਰੇ ਨਾਲ 'ਧਰਮਸ਼ਾਲਾ' ਲਾਜ਼ਮੀ ਹੁੰਦੀ ਸੀ, ਜਿਸ ਵਿੱਚ ਸੰਸਕ੍ਰਿਤ, ਉਰਦੂ/ਫਾਰਸੀ ਤੇ ਗੁਰਮੁਖੀ ਦੀ ਪੜ੍ਹਾਈ ਹਰ ਬੱਚੇ ਲਈ ਲਾਜ਼ਮੀ ਹੁੰਦੀ ਸੀ। ਕਾਇਦਾ-ਏ-ਨੂਰ ਘਰ ਘਰ ਪੜ੍ਹਿਆ ਜਾਂਦਾ ਸੀ।

'ਲਾਹੌਰ ਜਿਮਖਾਨਾ ਕਲੱਬ' ਵੀ ਲਾਹੌਰ ਦੀ ਮਾਲ ਰੋਡ ਉਪਰ ਬਣਿਆ, ਲਾਹੌਰ ਸ਼ਹਿਰ ਦਾ ਇੱਕ ਖੂਬਸੂਰਤ ਇਮਾਰਤਾਂ ਵਾਲਾ ਤੇ ਹਰੇ-ਭਰੇ ਮੈਦਾਨਾਂ ਦਾ ਵਿਸ਼ਾਲ ਸਥਾਨ ਹੈ। ਜਿਮਖਾਨਾ ਕਲੱਬ ਲਾਹੌਰ ਵੀ ਅੰਗਰੇਜ਼ ਦੌਰ ਸਮੇਂ ਸੰਨ 1878 ਵਿੱਚ 'ਲਾਹੌਰ ਮੀਆਂ ਮੀਰ ਇੰਸਟੀਚੀਊਟ' (ਅਦਾਰਾ) ਦੇ ਨਾਂ ਥੱਲੇ ਹਿੰਦੋਸਤਾਨ ਦੇ ਸ਼ਰੀਫਾਂ ਲਈ ਖਿਡਾਰੀ ਕਲੱਬ ਵਜੋਂ ਹੋਂਦ ਵਿੱਚ ਆਇਆ ਸੀ। ਉਸ ਸਮੇਂ ਇਹ ਕਲੱਬ ਮਾਲ ਰੋਡ ਉਪਰ ਹੀ ਗਵਰਨਰ ਹਾਊਸ ਦੇ ਬਿਲਕੁਲ ਸਾਹਮਣੇ ਲਾਰੈਂਸ ਗਾਰਡਨ ਵਿੱਚ ਲਾਰੈਂਸ ਤੇ ਮਿੰਟਗੁਮਰੀ ਹਾਲ ਵਿੱਚ ਹੀ ਸੀ। ਸੰਨ 1906 ਵਿੱਚ ਬ੍ਰਿਟਿਸ਼ ਰਾਜ ਦੌਰਾਨ ਇਸ ਕਲੱਬ ਦਾ ਨਾਂ ਬਦਲ ਕੇ 'ਲਾਹੌਰ ਜਿਮਖਾਨਾ ਕਲੱਬ' ਕਰ ਦਿੱਤਾ ਗਿਆ। ਇਸ ਕਲੱਬ ਵਿੱਚ ਭਾਰਤੀ ਬ੍ਰਿਟਿਸ਼ ਸਾਮਰਾਜ ਸਮੇਂ ਦਾ ਸਭ ਤੋਂ ਪੁਰਾਣਾ ਤੇ ਦੂਜਾ ਵੱਡਾ ਕ੍ਰਿਕਟ ਗਰਾਊਂਡ ਵੀ ਮੌਜੂਦ ਹੈ।

ਜਨਵਰੀ ਸੰਨ 1972 ਵਿੱਚ ਇਹ ਕਲੱਬ ਮਾਲ ਰੋਡ ਦੇ ਸੱਜੇ ਹੱਥ ਅਤੇ ਕੈਨਾਲ ਕਲੱਬ ਰੋਡ-ਲਾਹੌਰ ਦੇ ਖੱਬੇ ਹੱਥ ਦੇ ਖੁੱਲੇ ਮੈਦਾਨਾਂ ਵਿੱਚ ਸਥਾਪਤ ਹੋ ਗਿਆ, ਜੋ 117 ਏਕੜ ਵਿੱਚ ਫੈਲਿਆ ਹੋਇਆ ਹੈ। ਲਾਹੌਰ ਜਿਮਖਾਨਾ ਕਲੱਬ ਵਿੱਚ ਲੋਕ ਖੇਡਾਂ ਦੀਆਂ ਕਾਫੀ ਸੰਸਾਰ ਪੱਧਰ ਦੀਆਂ ਸਹੂਲਤਾਂ ਮੌਜੂਦ ਹਨ, ਜਿਵੇਂ ਕਿ ਗੌਲਫ਼, ਤੈਰਾਕੀ (ਸਵਿਮਿੰਗ), ਕ੍ਰਿਕਟ, ਸੁਕੈਸ਼, ਟੈਨਿਸ, ਯੋਗਾ, ਹੈਲਥ ਕਲੱਬ, ਬਿਲੀਅਰਡਜ ਅਤੇ ਜਿਮਨੇਜੀਅਮ ਸ਼ਾਮਲ ਹਨ। ਲਾਹੌਰ ਜਿਮਖਾਨਾ ਕਲੱਬ ਵਿੱਚ ਕਲੱਬ ਮੈਂਬਰ 'ਕਨਸਰਟਸ', 'ਲੈਕਚਰਜ਼' ਅਤੇ 'ਸੈਮੀਨਾਰ' ਵੀ ਵੱਡੇ ਪੱਧਰ ਉਪਰ ਕਰਵਾ ਸਕਦੇ ਹਨ। ਇੱਕ ਪਰਿਵਾਰਕ ਖੇਡ 'ਤੰਬੋਲਾ' ਹਰ ਹਫ਼ਤੇ ਖੇਡਿਆ ਜਾਂਦਾ ਹੈ। ਹਰ ਵੀਕਐਂਡ-ਐਤਵਾਰ ਨੂੰ ਕਲੱਬ ਮੈਂਬਰਾਂ ਤੇ ਪਰਿਵਾਰਾਂ ਲਈ ਨਵੀਂ ਫਿਲਮ ਦਾ ਇੰਤਜ਼ਾਮ ਹੁੰਦਾ ਹੈ। ਕਲੱਬ ਦੇ ਖੁੱਲੇ ਹਰੇ ਲਾਅਨ ਵਿੱਚ 'ਬੂਫੇ' ਵਾਲਾ ਲਾਹੌਰੀ ਨਾਸ਼ਤਾ, ਹਲਵਾ-ਪੂਰੀ, ਛੋਲੇ-ਭਠੂਰੇ, ਪੰਜਾਬੀ ਲੱਸੀ ਦਾ ਵੱਖਰਾ ਸਵਾਦ ਹੁੰਦਾ ਹੈ।


ਲਾਹੌਰ ਜਿਮਖਾਨਾ ਕਲੱਬ ਵਿੱਚ 'ਓਪਨ-ਏਅਰ ਬਾਰਬੀ-ਕਿਊ' ਦਾ ਬੜਾ ਕਮਾਲ ਦਾ ਇੰਤਜ਼ਾਮ ਵੀ ਹੈ, ਜਿੱਥੇ ਪਰਿਵਾਰਕ ਮੈਂਬਰ ਭਾਂਤ ਭਾਂਤ ਦੇ 'ਗੋਸ਼ਤ' (ਭੁੰਨਿਆ ਮਸਾਲੇਦਾਰ ਮੀਟ) ਦਾ ਸਵਾਦ ਲੈਂਦੇ ਹਨ। ਲਾਹੌਰ ਜਿਮਖਾਨਾ ਕਲੱਬ ਵਿੱਚ ਇੱਕ ਬਹੁਤ ਲਾਜਵਾਬ 'ਥਾਈ ਚਿੰਨ ਤੇ ਟੂਲਿੱਪ ਰੂਮ' ਚਾਈਨੀਜ਼ ਰੈਸਟੋਰੈਂਟ ਵੀ ਹੈ, ਜਿਸ ਵਿੱਚ ਸਵਾਦੀ ਸੂਪ, ਮਸਾਲੇਦਾਰ ਨੂਡਲਜ਼, ਤਰ੍ਹਾਂ-ਤਰ੍ਹਾਂ ਦੀ ਮੱਛੀ, ਉਬਲੀਆਂ ਕਰਾਰੀਆਂ ਸਬਜੀਆਂ ਤੇ ਤਾਜ਼ਾ ਫਰਾਈ ਮੁਰਗਾ ਆਰਾਮ ਨਾਲ ਖਾਧਾ ਜਾ ਸਕਦਾ ਹੈ। ਲਾਹੌਰ ਜਿਮਖਾਨਾ ਕਲੱਬ ਵਿੱਚ ਕਲੱਬ ਮੈਬਰਾਂ ਤੇ ਮਹਿਮਾਨਾਂ ਲਈ 'ਡਰੈਸ ਕੋਡ' ਯਾਨੀ ਪੌਸ਼ਾਕ ਵੱਲ ਸਖਤੀ ਨਾਲ ਧਿਆਨ ਦਿੱਤਾ ਜਾਂਦਾ ਹੈ। ਕੁੜਤਾ ਪਜਾਮਾ, ਟਰੈਕ ਸੂਟ, ਧੋਤੀ ਚਾਦਰ, ਸਪੋਰਟਸ ਸੂਜ ਜਾਂ ਨਿੱਕਰ ਪਹਿਨ ਕੇ ਜਿਮਖਾਨਾ ਕਲੱਬ ਨਹੀਂ ਜਾ ਸਕਦੇ। ਸਲੀਕੇ ਵਾਲੀ ਸਲਵਾਰ ਕਮੀਜ, ਪੈਂਟ ਕਮੀਜ, ਪੈਂਟ ਕੋਟ ਤੇ ਟਾਈ ਨਾਲ ਸਾਰੇ ਪਾਸੇ ਸਲਾਮਾਂ ਹੁੰਦੀਆਂ ਹਨ।

LAHORE GYMKHANA

1947 ਵਿੱਚ ਭਾਰਤ ਦੀ ਵੰਡ ਸਮੇਂ ਪਾਕਿਸਤਾਨ ਬਨਣ ਨਾਲ ਜਿਮਖਾਨਾ ਕਲੱਬ ਲਾਹੌਰ ਦਾ ਪ੍ਰਬੰਧ ਸਥਾਨਕ ਕਲੱਬ ਮੈਂਬਰ ਸ਼ਹਿਰੀਆਂ ਦੇ ਹੱਥਾਂ ਵਿੱਚ ਆ ਗਿਆ, ਜੋ ਹੁਣ 12 ਮੈਂਬਰਾਂ ਦੀ ਚੁਣੀ ਹੋਈ 'ਵਿਧਾਇਕ ਕਮੇਟੀ' ਦੇ ਕਲੱਬ ਮੈਂਬਰ 'ਚੇਅਰਮੈਨ' ਰਾਹੀਂ ਇਸ ਨੂੰ ਚਲਾਉਂਦੇ ਹਨ। ਇਸ ਕਲੱਬ ਚੇਅਰਮੈਨ ਦੀ ਮਿਆਦ ਪਹਿਲਾਂ ਤਿੰਨ ਸਾਲ ਹੁੰਦੀ ਸੀ, ਜੋ ਹੁਣ ਘਟਾ ਕੇ ਇੱਕ ਸਾਲ ਕਰ ਦਿੱਤੀ ਗਈ ਹੈ। ਲਾਹੌਰ ਵਾਲਾ ਜਿਮਖਾਨਾ ਕਲੱਬ, ਕਰਾਚੀ ਜਿਮਖਾਨਾ, ਇਸਲਾਮਾਬਾਦ ਕਲੱਬ ਤੇ ਚਨਾਬ ਕਲੱਬ ਫੈਸਲਾਬਾਦ-ਲਾਇਲਪੁਰ ਨਾਲ ਵੀ ਸਹਿਯੋਗੀ ਹੈ। ਭਾਰਤੀ ਪੰਜਾਬ ਵਿੱਚ ਵੀ ਜਲੰਧਰ ਜਿਮਖਾਨਾ ਕਲੱਬ, ਲੁਧਿਆਣਾ ਜਿਮਖਾਨਾ ਕਲੱਬ ਅਤੇ ਚੰਡੀਗੜ੍ਹ ਗੌਲਫ਼ ਕਲੱਬ ਵੀ ਇਸੇ ਤਰਜ ਵਾਲੇ ਹਨ। ਲਾਹੌਰ ਜਿਮਖਾਨਾ ਕਲੱਬ ਦੇ 'ਗੌਲਫ਼ ਕਲੱਬ' ਦਾ ਨਾਂ ਬੜਾ ਮਸ਼ਹੂਰ ਤੇ ਵੱਕਾਰੀ ਹੈ, ਜਿਸ ਦੇ ਮੈਂਬਰ ਪਾਕਿਸਤਾਨ ਦੇ ਕੌਮੀ ਸਿਆਸੀ ਵਜ਼ੀਰ, ਪਾਕਿਸਤਾਨ ਦੇ ਐਮ.ਐਲ.ਏ., ਮੈਂਬਰ ਪਾਰਲੀਮੈਂਟ, ਐਮ.ਪੀ.ਏ.-ਮੈਂਬਰ ਪੰਜਾਬ ਅਸੈਂਬਲੀ, ਰਾਜਧਾਨੀ ਇਸਲਾਮਾਬਾਦ ਦੀ ਸੁਪਰੀਮ ਕੋਰਟ ਤੇ ਲਾਹੌਰ ਹਾਈ ਕੋਰਟ ਦੇ ਜੌਹਰੀ ਜੱਜ, ਉੱਚ ਕੋਟੀ ਦੇ ਕਾਲੇ ਕੋਟਾਂ ਵਾਲੇ ਫ਼ਨੀਅਰ ਵਕੀਲ, ਆਹਲਾ ਦਰਜੇ ਦੇ ਮੈਡਲਾਂ ਤੇ ਰੁਤਬਿਆਂ ਵਾਲੇ ਫੌਜੀ ਅਫ਼ਸਰ, ਚੰਗੇ-ਚੰਗੇ ਰੋਹਬਦਾਰ ਤੇ ਧੱਕੜ ਪੁਲੀਸ ਆਫੀਸਰ, ਨਾਮੀ ਖੇਡ ਪ੍ਰਬੰਧਕ ਤੇ ਖਿਡਾਰੀ, ਖਾਂਦੇ-ਪੀਂਦੇ ਨਵਾਬਜ਼ਾਦੇ, ਜਾਗੀਰਦਾਰ, ਮਾਲ ਡੰਗਰ ਵਾਲੇ ਡੇਰੇਦਾਰ, ਸ਼ਹਿਰੀ ਕਾਰੋਬਾਰੀ ਵਪਾਰੀ ਤੇ ਪੈਸੇ-ਧੇਲੇ ਵਾਲੇ ਧਨਾਢ ਲੋਕ ਹੀ ਬਣਦੇ ਹਨ।

ਪੰਜਾਬ ਦੀ ਵੰਡ ਤੋਂ ਪਹਿਲਾਂ ਬ੍ਰਿਟਿਸ਼ ਰਾਜ ਸਮੇਂ ਰਾਏਕੋਟ (ਪੰਜਾਬ) ਦੇ ਨਵਾਬ ਤੇ ਹੁਣ ਪਾਕਿਸਤਾਨ ਵਿੱਚ ਕਮਾਲੀਆ (ਪੰਜਾਬ) ਦੇ ਵੱਡੇ ਜਿਮੀਂਦਾਰ, ਮਾਡਲ ਟਾਊਨ ਲਾਹੌਰ ਦੇ ਸ਼ਹਿਰੀ, ਪਾਕਿਸਤਾਨ ਦੇ ਸਾਬਕਾ ਮੈਂਬਰ ਪਾਰਲੀਮੈਂਟ, ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਜਨਾਬ ਇਮਰਾਨ ਖਾਨ ਦੇ ਨਜ਼ਦੀਕੀ, ਦਸਵੇਂ ਗੁਰੂ ਸਾਹਿਬ ਦੇ ਵਰੋਸਾਏ ਗੰਗਾਸਾਗਰ ਦੇ ਸੰਭਾਲਦਾਰ, ਸਰੀ-ਕਨੈਡਾ ਵਾਸੀ ਜਨਾਬ ਰਾਏ ਅਜੀਜ ਉਲਾ ਸਾਹਿਬ ਲਾਹੌਰ ਜਿਮਖਾਨਾ ਕਲੱਬ ਦੇ 47 ਸਾਲ ਪੁਰਾਣੇ ਸੰਨ 1978 ਤੋਂ ਪਹਿਲੇ ਮੈਂਬਰ ਹਨ।

ਲਾਹੌਰ ਜਿਮਖਾਨਾ ਕਲੱਬ ਵਿੱਚ ਸਿਰਫ ਕਲੱਬ ਮੈਂਬਰ ਅਤੇ ਉਨ੍ਹਾਂ ਦੇ ਮਹਿਮਾਨ ਹੀ ਠਹਿਰ ਸਕਦੇ ਹਨ, ਕੋਈ ਆਲਤੂ-ਫਾਲਤੂ ਨਹੀਂ ਵੜ ਸਕਦਾ। ਸੰਨ 1992 ਵਿੱਚ ਕੋਈ 33 ਸਾਲ ਪਹਿਲਾਂ ਮੈਂ ਅਤੇ ਮਰਹੂਮ ਸਰਦਾਰ ਤਰਸੇਮ ਸਿੰਘ ਪੁਰੇਵਾਲ, ਮੁੱਖ ਸੰਪਾਦਕ ਪੰਜਾਬੀ ਅਖਬਾਰ 'ਦੇਸ ਪ੍ਰਦੇਸ' ਸਾਊਥਹਾਲ-ਲੰਡਨ, ਇਸੇ ਜਿਮਖਾਨਾ ਕਲੱਬ ਲਾਹੌਰ ਵਿੱਚ ਜਨਾਬ ਰਾਏ ਅਜੀਜ ਉਲਾ ਦੇ ਮਹਿਮਾਨ ਬਣ ਕੇ 13 ਦਿਨ ਪਹਿਲੀ ਵਾਰ ਠਹਿਰੇ ਸੀ। ਹੁਣ ਅਪਰੈਲ 2025 ਵਿੱਚ, ਲਾਹੌਰ ਪੰਜਾਬ ਸਰਕਾਰ ਦੀ ਵਜੀਰ-ਏ-ਆਲਾ (ਮੁੱਖ ਮੰਤਰੀ) ਮੋਹਤਰਮਾ ਬੀਬਾ ਮਰੀਅਮ ਨਵਾਜ ਸ਼ਰੀਫ ਨੇ ਪੰਜਾਬੀਆਂ ਦੇ ਸਾਂਝੇ ਤਿਉਹਾਰ ਵਿਸਾਖੀ ਮੌਕੇ ਪਾਕਿਸਤਾਨ ਕਬੱਡੀ ਫੈਡਰੇਸ਼ਨ ਦੇ ਸਹਿਯੋਗ ਨਾਲ 'ਸਰਸਬਜ ਬਾਬਾ ਗੁਰੂ ਨਾਨਕ ਇੰਟਰਨੈਸ਼ਨਲ ਕਬੱਡੀ ਕੱਪ-2025' ਵਾਪਡਾ ਸਟੇਡੀਅਮ ਲਾਹੌਰ ਵਿਖੇ ਕਰਵਾਇਆ। ਇਸ ਅੰਤਰਰਾਸ਼ਟਰੀ ਖੇਡ ਸਮਾਗਮ 'ਚ ਪਾਕਿਸਤਾਨ ਦੀ ਨੈਸ਼ਨਲ ਕਬੱਡੀ ਟੀਮ, ਇਸਲਾਮਿਕ ਦੇਸ਼ ਇਰਾਨ ਦੀ ਨੈਸ਼ਨਲ ਕਬੱਡੀ ਟੀਮ ਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਸਾਹਿਬ ਦੇ ਪੂਰਨ ਗੁਰ ਸਿੱਖ ਕਬੱਡੀ ਖਿਡਾਰੀਆਂ ਦੀਆਂ ਟੀਮਾਂ ਨੇ ਭਾਗ ਲਿਆ। ਮੈਂ ਸਰੀ-ਕੈਨੇਡਾ ਤੋਂ ਇਸ ਵਿਸ਼ੇਸ਼ ਖੇਡ ਸਮਾਗਮ ਵਿੱਚ 'ਅੰਤਰਰਾਸ਼ਟਰੀ ਕਬੱਡੀ ਅਬਜ਼ਰਵਰ' ਦੇ ਤੌਰ 'ਤੇ ਉਚੇਚਾ ਸ਼ਾਮਲ ਹੋਇਆ। ਸ਼ਾਹੀ ਸ਼ਹਿਰ 'ਚ ਇਸ ਸਮੇਂ ਫਿਰ ਇੱਕ ਵਾਰ ਜਨਾਬ ਰਾਏ ਅਜੀਜ ਉਲਾ ਸਾਹਿਬ ਦੇ ਮਹਿਮਾਨ ਵਜੋਂ ਜਿਮਖਾਨਾ ਕਲੱਬ ਲਾਹੌਰ ਵਿੱਚ ਠਹਿਰਨ ਦਾ ਸੁਭਾਗ ਪ੍ਰਾਪਤ ਹੋਇਆ।




ਲਾਹੌਰ ਦੀ ਮਾਲ ਰੋਡ, ਜੋ ਲੱਗਭਗ 6 ਕਿਲੋਮੀਟਰ ਲੰਮੀ ਹੈ ਤੇ ਇਸ ਦਾ ਨਵਾਂ ਨਾਮ 'ਸ਼ਾਹਰਾਹ-ਏ-ਕਾਇਦੇ-ਆਜਮ' ਹੈ। ਇਹ ਸੜਕ ਬ੍ਰਿਟਿਸ਼ ਰਾਜ ਦੌਰਾਨ ਨਵੇਂ ਗਵਰਨਰ ਹਾਊਸ ਲਈ ਬਣਾਈ ਗਈ ਸੀ। ਇਹ ਸ਼ਾਹੀ ਸੜਕ ਹਰੇ ਭਰੇ ਪੁਰਾਤਨ ਦਰਖਤਾਂ ਤੇ ਫੁੱਲ ਬੂਟਿਆਂ ਨਾਲ ਸ਼ਿੰਗਾਰੀ ਦੁਨੀਆਂ ਦੀ ਨਿਵੇਕਲੀ ਸੜਕ ਹੈ, ਜਿਸ ਦੇ ਦੋਵਾਂ ਪਾਸੇ ਸਾਰੇ ਪੰਜਾਬ ਤੇ ਲਾਹੌਰ ਦਾ ਵੱਡਾ ਕਾਰੋਬਾਰ ਵੱਸਦਾ ਹੈ। ਦਾਤਾ ਦਰਬਾਰ ਤੋਂ ਗੌਰਮਿੰਟ ਕਾਲਜ ਲਾਹੌਰ, ਓਵਲ ਪਾਰਕ, ਭੰਗੀਆਂ ਦੀ ਤੋਪ, ਯੂਨੀਵਰਸਿਟੀ ਆਫ ਪੰਜਾਬ, ਲਾਹੌਰ ਮਿਊਜ਼ੀਅਮ, ਪੰਜਾਬ ਸਿਵਲ ਸਕੱਤਰੇਤ, ਟੌਲਿੰਟਨ ਮਾਰਕੀਟ, ਪੁਰਾਣੀ ਅਨਾਰਕਲੀ ਬਾਜ਼ਾਰ ਚੌਕ, ਅਨਾਰਕਲੀ ਫੂਡ ਸਟਰੀਟ, ਅਨਾਰਕਲੀ ਪੁਲੀਸ ਸਟੇਸ਼ਨ, ਨਾਭਾ ਰੋਡ, ਜੈਨ ਮੰਦਿਰ, ਜਰਨਲ ਪੋਸਟ ਆਫਿਸ-ਜੀ.ਪੀ.ਓ., ਮੈਕਲੀਊਡ ਰੋਡ, ਜੀ.ਪੀ.ਓ.-ਔਰਿੰਜ ਲਾਈਨ ਮੈਟਰੋ ਸਟੇਸ਼ਨ, ਸਟੇਟ ਬੈਂਕ ਆਫ ਪਾਕਿਸਤਾਨ, ਹਾਲ ਰੋਡ ਮਾਰਕੀਟ, ਚਮਨ ਆਈਸ ਕਰੀਮ, ਪੈਨਾਰੋਮਾ ਸ਼ਾਪਿੰਗ ਸੈਂਟਰ, ਬਾਵਾ ਡੀਗਾ ਸਿੰਘ ਬਿਲਡਿੰਗ, ਦਿਆਲ ਸਿੰਘ ਮੈਨਸੈਨ, ਗੰਗਾ ਰਾਮ ਟਰਸਟ ਬਿਲਡਿੰਗ, ਰੀਗਲ ਸਿਨੇਮਾ, ਟੈਂਪਲ ਰੋਡ, ਪੰਜਾਬ ਉਲੰਪਿਕ ਹਾਊਸ, ਡਾਕਟਰ ਅਮੋਲਕ ਦਾਸ ਰੋਡ, ਮੁਜੰਗ ਚੌਕ, ਲਾਰੈਂਸ ਰੋਡ, ਫੀਰੋਜਸੰਨ ਬੁੱਕਸ, ਅੱਲ ਫਤਿਹ ਥੀਏਟਰ, ਐਚ.ਕੇ.ਬੀ. ਸੰਨਜ਼-ਹਾਜੀ ਕਰੀਮ ਬੱਖ਼ਸ਼ ਸਟੋਰ, ਮਲਕਾ ਦਾ ਬੁੱਤ, ਪੰਜਾਬ ਅਸੈਂਬਲੀ ਹਾਲ, ਕਿਊਨਜ਼ ਰੋਡ, ਪੰਜਾਬ ਵਜੀਰੇਆਲਾ (ਮੁੱਖ ਮੰਤਰੀ) ਦਫਤਰ, ਲਾਲਾ ਮੇਲਾ ਰਾਮ ਸਟਰੀਟ, ਸਟੇਟ ਗੈਸਟ ਹਾਊਸ, ਚਾਰਿੰਗ ਕਰੌਸ, ਵਾਪਡਾ ਹਾਊਸ, ਅੱਲ ਹਮਰਾ ਆਰਟ ਕੌਂਸਲ, ਲਾਹੌਰ ਪ੍ਰੈਸ ਕਲੱਬ-ਸ਼ਿਮਲਾ ਪਹਾੜੀ, ਕਾਇਦੇ ਆਜ਼ਮ ਲਾਇਬ੍ਰੇਰੀ, ਰੇਸ ਕੋਰਸ ਰੋਡ, ਰੇਸ ਕੋਰਸ ਗਾਰਡਨਜ਼-ਪੰਜਾਬ ਹ੍ਰੌਟੀਕਲਚਰ ਅਥਾਰਟੀ (ਪੀ.ਐਚ.ਏ.), ਫਲੈਟੀਜ ਹੋਟਲ, ਲਾਹੌਰ ਚਿੜੀਆ ਘਰ, ਲਾਰੈਂਸ ਗਾਰਡਨ (ਬਾਗੇ-ਜਿਨਾਹ), ਗੋਰ-ਗਵਰਨਮੈਂਟ ਆਫੀਸਰ ਰੈਜ਼ੀਡੈਂਟ, ਅਵਾਰੀ ਹੋਟਲ, ਪਰਲ ਕਾਨਟੀਨੈਂਟਲ (ਪੀ.ਸੀ.) ਹੋਟਲ, ਡੇਵਿਸ ਰੋਡ ਉਪਰ 'ਦਾ ਜੰਗ' ਅਖਬਾਰ, ਗਵਰਨਰ ਹਾਊਸ, ਐਚੀਸੰਨ ਕਾਲਜ, ਕੈਨਾਲ ਕਲੱਬ ਰੋਡ, ਮਸਜਿਦ, ਲਾਹੌਰ ਜਿਮਖਾਨਾ ਤੋਂ ਫੋਰਟਿਸ ਸਟੇਡੀਅਮ ਹੁੰਦੀ ਹੋਈ ਲਾਹੌਰ ਦੀ ਆਲੀਸ਼ਾਨ ਬਸਤੀ 'ਡੀਫੈਂਸ ਕਾਲੋਨੀ' ਵਿੱਚ ਜਾ ਮਿਲਦੀ ਹੈ।

ਲਾਹੌਰ ਜਿਮਖਾਨਾ ਕਲੱਬ ਦਾ ਗੌਲਫ਼ ਕਲੱਬ 'ਬੱਰੇ-ਸਗੀਰ, ਏਸ਼ੀਆ ਮਹਾਂਦੀਪ ਵਿੱਚ ਬੜਾ ਮਸ਼ਹੂਰ ਹੈ। 18 ਗੌਲਫ਼ ਹੋਲ ਵਾਲਾ ਇਹ ਕਲੱਬ 85 ਏਕੜ ਵਿੱਚ ਫੈਲਿਆ ਹੋਇਆ ਹੈ, ਜਿੱਥੇ ਗੌਲਫ਼ ਦੇ ਸਰਦੇ-ਪੁਜਦੇ ਗੌਲਫਰਾਂ ਤੇ ਉਨ੍ਹਾਂ ਦੇ ਕਾਰਿੰਦਿਆਂ ਦੀ ਹਰ ਵਕਤ ਭਰਮਾਰ ਰਹਿੰਦੀ ਹੈ। ਲਾਹੌਰ ਜਿਮਖਾਨਾ ਵਿੱਚ ਮਹਿਮਾਨਾਂ ਦੇ ਠਹਿਰਣ ਲਈ 90 ਦੇ ਕਰੀਬ ਆਲੀਸ਼ਾਨ ਕਮਰੇ ਹਨ, ਜੋ 5 ਸਟਾਰ ਹੋਟਲਾਂ ਦੇ ਮੁਕਾਬਲੇ ਵਾਲੇ ਹਨ। ਸਵੇਰ ਦਾ ਨਾਸ਼ਤਾ, ਦੁਪਹਿਰ ਦਾ ਖਾਣਾ ਤੇ ਰਾਤਰੀ ਭੋਜਨ ਬੜਾ ਮਜ਼ੇਦਾਰ ਹੁੰਦਾ ਹੈ। ਲਾਹੌਰ ਜਿਮਖਾਨਾ ਕਲੱਬ ਵਿੱਚ 'ਪਟਿਆਲਾ ਪੈਗ' ਦਾ ਕੋਈ ਥਾਂ ਨਹੀਂ ਅਤੇ ਨਾ ਹੀ ਕੋਈ ਨਾਂ ਲੈਂਦਾ ਹੈ। 'ਬਾਵਰਚੀਖਾਨੇ' ਕਲੱਬ ਦੇ ਕਿਚਨ ਦੀ ਹਾਂਡੀ ਵਿੱਚ ਕੱਦੂ ਤੋਂ ਕੱਟੇ ਤੱਕ ਸਭ ਕੁਝ ਪੱਕਦਾ ਤੇ ਖਾਧਾ ਜਾਂਦਾ ਹੈ। ਲਾਹੌਰ ਗੌਲਫ਼ ਕਲੱਬ ਵਿੱਚ ਇੱਕ ਦਿਨ ਠਹਿਰਨ ਦਾ 'ਰੂਮ ਚਾਰਜ' ਵੱਡੇ ਹੋਟਲਾਂ ਪੀ.ਸੀ., ਅਵਾਰੀ, ਡੀ ਗੇਟ, ਫਲੈਟੀਜ਼, ਅੰਬੈਸਡਰ ਆਦਿ ਦੇ ਮੁਕਾਬਲੇ ਬਹੁਤ ਵਾਜਿਬ ਹੈ। ਲਾਹੌਰ ਜਿਮਖਾਨਾ ਕਲੱਬ ਦੀ ਮਹਿਮਾਨ ਨਵਾਜ਼ੀ ਦਾ ਕੋਈ ਮੁਕਾਬਲਾ ਹੀ ਨਹੀਂ, ਇਹ ਰਹਿ ਕੇ ਹੀ ਪਤਾ ਚਲਦਾ ਹੈ। ਪੰਜਾਬ ਦੇ ਪਿੰਡ ਵਿੱਚ ਸਰਦਾਰਾਂ-ਜੈਲਦਾਰਾਂ ਦੇ ਵਿਆਹ ਤੇ ਰਾਵਲਪਿੰਡੀ-ਪਾਕਿਸਤਾਨ ਵਿੱਚ ਰਾਜਾ ਸੂਜਾਹ ਦੀ ਕੋਠੀ ਤੇ ਧਮਿਆਲ ਵਾਲੇ ਰਾਜਿਆਂ ਦੇ ਘਰਾਂ ਵਾਂਗ ਰੌਣਕਾਂ ਹਰ ਵਕਤ ਲੱਗੀਆਂ ਹੀ ਰਹਿੰਦੀਆਂ ਹਨ। 200 ਤੋਂ 250 ਚੜ੍ਹਦੀਆਂ ਤੋਂ ਚੜ੍ਹਦੀਆਂ ਕਾਰਾਂ ਹਰ ਵਕਤ ਪਾਰਕਿੰਗ ਵਿੱਚ ਖੜ੍ਹੀਆਂ ਹੂੰਦੀਆਂ ਹਨ। ਹਲਕਾ-ਫੁਲਕਾ ਖਾਣ ਲਈ ਕੈਫੇ-9 ਹੈ। ਛੋਟੀ-ਮੋਟੀ ਖਰੀਦਦਾਰੀ ਲਈ 'ਸ਼ੌਪੀ' ਵੀ ਹੈ, ਜਿੱਥੇ ਕੋਕ, ਪੈਪਸੀ, ਬਰਗਰ, ਸਮੋਸਾ, ਬਿਸਕਿਟ, ਪੇਸਟ, ਬੁਰਛ ਤੇ ਹੋਰ ਨਿੱਕ-ਸੁੱਕ ਸਭ ਮਿਲ ਜਾਂਦਾ ਹੈ। ਜਿਮਖਾਨਾ ਕਲੱਬ ਲਾਹੌਰ ਦੇ 'ਕੈਫੇ-9' ਵਿੱਚ ਨਨਕਾਣਾ ਸਾਹਿਬ ਵਾਲੇ ਜਨਾਬ ਸ਼ਹਿਜਾਦ ਖਾਲਿਦ ਖਾਨ-ਰਾਣਾ ਮੂਨ ਸਾਹਿਬ ਤੇ ਉਨ੍ਹਾਂ ਦੇ ਨਜਦੀਕੀ ਰਿਸ਼ਤੇਦਾਰ ਪੰਜਾਬ ਪੁਲੀਸ ਦੇ ਅਫਸਰਾਂ, ਜਨਾਬ ਮੂਯਾਜ ਸਾਹਿਬ-ਐਸ.ਪੀ. ਸਪੈਸ਼ਲ ਬਰਾਂਚ ਲਾਹੌਰ ਤੇ ਜਨਾਬ ਸ਼ਹਿਜਾਦ ਅਕਬਰ-ਡੀ.ਆਈ.ਜੀ., ਕਿਊਟਾ-ਬਲੋਚਿਸਤਾਨ ਨਾਲ ਲਾਹੌਰ ਦੀ ਗਰਮੀਆਂ ਵਾਲੀ ਇੱਕ ਸ਼ਾਮ ਗੌਲਫ ਕਲੱਬ ਦੇ ਬਾਹਰ ਖੁੱਲੇ ਹਵਾਦਾਰ ਵਿਹੜੇ ਵਿੱਚ ਯਾਦਗਾਰੀ ਹੋ ਗਈ।

ਜਿਮਖਾਨਾ ਲਾਹੌਰ ਦੀ ਮੈਂਬਰਸ਼ਿਪ ਫੀਸ ਬੜੀ ਮਹਿੰਗੀ ਹੈ ਅਤੇ 15 ਤੋਂ 20 ਸਾਲ ਦਾ ਇੰਤਜ਼ਾਰ ਵੀ ਕਰਨਾ ਪੈ ਸਕਦਾ ਹੈ। ਜਿਮਖਾਨਾ ਕਲੱਬ ਲਾਹੌਰ ਵਿੱਚ ਇੱਕ ਰਾਤ ਠਹਿਰਣ ਲਈ 58 ਅਮਰੀਕੀ ਡਾਲਰ ਜਾਂ 18 ਹਜ਼ਾਰ ਪਾਕਿਸਤਾਨੀ ਰੁਪਏ ਵਸੂਲ ਲਏ ਜਾਂਦੇ ਹਨ, ਪਰ ਹੈਰਾਨੀ ਦੀ ਗੱਲ ਹੈ ਕਿ ਪਿਛਲੇ 111 ਸਾਲਾਂ ਤੋਂ ਲਾਹੌਰ ਜਿਮਖਾਨਾ ਕਲੱਬ ਪੰਜਾਬ ਸਰਕਾਰ ਨੂੰ ਸਿਰਫ 417 ਰੁਪਏ ਪ੍ਰਤੀ ਮਹੀਨਾ ਹੀ ਕਰਾਏ ਵਜੋਂ ਦਿੰਦਾ ਹੈ। ਇਸ ਨਾਮੀ ਕਲੱਬ ਦੇ ਮਾਲਕ ਤਿੰਨ ਇਨਸਾਨ ਹਨ, ਜਿਨ੍ਹਾਂ ਵਿੱਚ ਜੋਤਨ, ਕਰਮ ਅਤੇ ਸੂਨੈਨਾ ਸੇਠੀ ਦਾ ਨਾਂ ਬੋਲਦਾ ਹੈ। ਲਾਹੌਰ ਜਿਮਖਾਨਾ ਕਲੱਬ ਦੇ 5400 ਦੇ ਕਰੀਬ ਪੱਕੇ ਮੈਂਬਰ ਹਨ। ਇਨ੍ਹਾਂ ਵਿੱਚ ਸਾਬਕਾ ਪ੍ਰਧਾਨ ਮੰਤਰੀ ਜਨਾਬ ਇਮਰਾਨ ਖਾਨ, ਮੌਜੂਦਾ ਪ੍ਰਧਾਨ ਮੰਤਰੀ ਜਨਾਬ ਸ਼ਹਿਬਾਜ਼ ਸ਼ਰੀਫ ਤੇ ਹੋਰ ਬਹੁਤ ਅਸਰ ਰਸੂਖ ਵਾਲੇ ਪਾਕਿਸਤਾਨੀ ਸ਼ਹਿਰੀ 'ਜਿਮਖਾਨਾ ਕਲੱਬ ਲਾਹੌਰ' ਦੇ ਸਥਾਈ ਮੈਂਬਰ ਹਨ। ਹਰ ਸਾਲ ਵੱਖੋ ਵੱਖ ਧੜਿਆਂ ਵਿੱਚ ਡਟ ਕੇ ਮੁਕਾਬਲਾ ਹੁੰਦਾ ਹੈ। ਡਾਕਟਰ ਅਲੀ ਰਜਾਕ ਅਤੇ ਮਿਸਬਾ-ਉਰ-ਰਹਿਮਾਨ ਦਾ ਧੜਾ ਲਾਹੌਰ ਜਿਮਖਾਨਾ ਕਲੱਬ ਉਪਰ ਮੌਜੂਦਾ ਕਾਬਜ ਹੈ। ਇਸੇ ਗਰੁੱਪ ਦੇ ਜਨਾਬ ਸਲਮਾਨ ਸਦੀਕੀ 12 ਮੈਂਬਰੀ ਕਮੇਟੀ ਦੇ ਚੇਅਰਮੈਨ ਚੁਣੇ ਗਏ ਹਨ, ਜੋ ਸਿਰਫ ਇੱਕ ਸਾਲ ਹੀ ਇਸ ਵੱਕਾਰੀ ਕੁਰਸੀ ਉਪਰ ਬੈਠਣ ਦੇ ਹੱਕਦਾਰ ਹਨ। ਅਗਲੇ ਸਾਲ ਫਿਰ ਦੋ ਗਰੁੱਪਾਂ ਵਿੱਚ ਚੇਅਰਮੈਨ ਤੇ 12 ਮੈਂਬਰੀ ਕਮੇਟੀ ਲਈ ਚੋਣ ਦਾ ਬਿਗਲ ਵੱਜੇਗਾ।

# ਲੋਕ ਅਖਾਣਾਂ ਵਰਗੀ ਕਾਮੇਡੀ ਕਰਨ ਵਾਲਾ ਜਸਵਿੰਦਰ ਭੱਲਾ

**ਸ਼ਰਧਾਂਜਲੀ**

ਨਵਦੀਪ ਸਿੰਘ ਗਿੱਲ
ਫੋਨ: +91-9780036216



ਉਘੇ ਕਾਮੇਡੀਅਨ ਤੇ ਫਿਲਮ ਅਦਾਕਾਰ ਜਸਵਿੰਦਰ ਭੱਲਾ 65 ਵਰ੍ਹਿਆਂ ਦੇ ਉਮਰੇ ਕੁਝ ਸਮਾਂ ਬਿਮਾਰੀ ਨਾਲ ਜੂਝਣ ਤੋਂ ਬਾਅਦ ਸਦੀਵੀ ਵਿਛੋੜਾ ਦੇ ਜਾਣ ਨਾਲ ਪੰਜਾਬੀ ਕਾਮੇਡੀ ਖੇਤਰ ਦਾ ਉਚ ਦੁਮਾਲੜਾ ਬੁਰਜ ਢਹਿ ਗਿਆ। ਸਾਰੀਆਂ ਦੁਨੀਆਂ ਨੂੰ ਹਸਾਉਣ ਵਾਲਾ ਕਲਾਕਾਰ ਜਾਂਦਾ ਹੋਇਆ ਸਭ ਸਨੇਹੀਆਂ ਤੇ ਪ੍ਰਸ਼ੰਸਕਾਂ ਨੂੰ ਰੁਆ ਗਿਆ। ਜਸਵਿੰਦਰ ਭੱਲਾ ਨੂੰ ਇਹ ਹਾਸਲ ਹੈ ਕਿ ਜਿਸ ਦੌਰ ਵਿੱਚ ਕਾਮੇਡੀਅਨਾਂ ਨੂੰ ਜਗ੍ਹਾਂ ਭਰਨ ਵਾਲਾ (ਫਿੱਲਰ) ਸਮਝਿਆ ਜਾਂਦਾ ਸੀ, ਉਦੋਂ ਉਨ੍ਹਾਂ ਪ੍ਰਮੁੱਖ ਪੇਸ਼ਕਾਰ (ਪਿੱਲਰ) ਵਜੋਂ ਆਪਣੀ ਸਫਲਤਾ ਦੇ ਝੰਡੇ ਗੱਡੇ। ਜਸਪਾਲ ਭੱਟੀ ਹੁਰਾਂ ਜਿੱਥੇ 'ਫਲਾਪ ਸ਼ੋਅ' ਰਾਹੀਂ ਕਾਮੇਡੀ ਖੇਤਰ ਵਿੱਚ ਪਛਾਣ ਬਣਾਈ, ਉਥੇ ਜਸਵਿੰਦਰ ਭੱਲਾ ਤੇ ਬਾਲ ਮੁਕੰਦ ਸ਼ਰਮਾ ਦੀ ਜੋੜੀ ਤੋਂ ਬਾਅਦ ਪੰਜਾਬ ਵਿੱਚ ਸਟੈਂਡ ਅੱਪ ਕਾਮੇਡੀ ਪ੍ਰਮੁੱਖ ਤੌਰ ਉਤੇ ਉਭਰ ਕੇ ਸਾਹਮਣੇ ਆਈ, ਜਿਸ ਤੋਂ ਬਾਅਦ ਭਗਵੰਤ ਮਾਨ, ਗੁਰਪ੍ਰੀਤ ਘੁੱਗੀ, ਭਜਨਾ ਅਮਲੀ, ਰਾਣਾ ਰਣਬੀਰ ਆਦਿ ਕਾਮੇਡੀਅਨਾਂ ਨੇ ਵੱਡੀ ਛਾਪ ਛੱਡੀ। ਅਜੋਕੇ ਦੌਰ ਵਿੱਚ ਬੀਨੂੰ ਢਿੱਲੋਂ, ਕਰਮਜੀਤ ਅਨਮੋਲ ਜਿਹੇ ਵੱਡੇ ਅਦਾਕਾਰਾਂ ਦੀ ਕਾਮੇਡੀ ਬਿਨਾ ਹਰ ਪੰਜਾਬੀ ਫਿਲਮ ਅਧੂਰੀ ਹੈ।

ਜਸਵਿੰਦਰ ਭੱਲਾ ਨੇ ਉਸ ਦੌਰ ਵਿੱਚ ਪੈਰ ਧਰਿਆ, ਜਦੋਂ ਪੰਜਾਬ ਕਾਲੇ ਦੌਰ ਵਿੱਚੋਂ ਗੁਜ਼ਰ ਰਿਹਾ ਸੀ। ਲੋਕਾਂ ਦੇ ਚਿਹਰਿਆਂ ਉਤੇ ਨਿਰਾਸ਼ਾ ਛਾਈ ਹੋਈ ਸੀ ਅਤੇ ਹਾਸੇ ਕਿਧਰੇ ਉੱਡ-ਪੁੱਡ ਗਏ ਸਨ। ਸਹੀ ਮਾਅਨਿਆਂ ਵਿੱਚ ਉਨ੍ਹਾਂ ਪੰਜਾਬੀਆਂ ਨੂੰ ਮੁੜ ਹਸਾਉਣਾ ਸਿਖਾਇਆ। ਅਰਥ ਭਰਪੂਰ ਅਤੇ ਸਮਾਜਿਕ ਚੋਟਾਂ ਵਾਲੇ ਵਿਅੰਗਾਂ ਵਾਲੀ ਕਾਮੇਡੀ ਮੁੱਖ ਧਾਰਾ ਵਿੱਚ ਗਿਣੀ ਜਾਣ ਲੱਗੀ ਅਤੇ ਪੰਜਾਬ ਦੇ ਸੱਭਿਆਚਾਰਕ ਮੇਲਿਆਂ ਵਿੱਚ ਗਾਇਕਾਂ ਵਾਂਗ ਕਾਮੇਡੀ ਕਲਾਕਾਰਾਂ ਨੂੰ ਘੰਟਿਆਂ ਬੱਧੀ ਪੇਸ਼ਕਾਰੀ ਲਈ ਬੁਲਾਇਆ ਜਾਂਦਾ। ਕਈ ਵਾਰ ਤਾਂ ਕਾਮੇਡੀ ਕਲਾਕਾਰ ਮੁੱਖ ਗਾਇਕ ਉਪਰ ਵੀ ਭਾਰੂ ਪੈ ਜਾਂਦੇ।

ਜਸਵਿੰਦਰ ਭੱਲਾ ਦਾ ਜਨਮ 4 ਮਈ 1960 ਲੁਧਿਆਣਾ ਸ਼ਹਿਰ ਦੀ ਬੁੱਕਲ ਵਿਚ ਵਸੇ ਕਸਬਾ ਦੋਰਾਹਾ ਵਿਖੇ ਅਧਿਆਪਕ ਪਰਿਵਾਰ ਵਿੱਚ ਹੋਇਆ ਸੀ। ਪਿੰਡ ਦੇ ਸਕੂਲ ਤੋਂ ਮੁੱਢਲੀ ਸਿੱਖਿਆ ਹਾਸਲ ਕਰਨ ਤੋਂ ਬਾਅਦ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਬੀ.ਐਸਸੀ. ਅਤੇ ਐਮ.ਐਸਸੀ. ਦੀ ਡਿਗਰੀ ਹਾਸਲ ਕੀਤੀ। ਮੇਰਠ ਦੇ ਚੌਧਰੀ ਚਰਨ ਸਿੰਘ ਪੋਸਟ ਗਰੈਜੂਏਟ ਕਾਲਜ ਤੋਂ ਡਾਕਟਰੇਟ ਕਰਨ ਤੋਂ ਬਾਅਦ ਉਹ ਡਾ. ਜਸਵਿੰਦਰ ਭੱਲਾ ਬਣ ਗਏ। ਪੇਸ਼ੇ ਵਜੋਂ 1989 ਵਿੱਚ ਅਧਿਆਪਕ ਵਜੋਂ ਸੇਵਾ ਸ਼ੁਰੂ ਕਰਨ ਵਾਲੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ 'ਚੋਂ 31 ਮਈ 2020 ਨੂੰ ਸੇਵਾ ਮੁਕਤ ਹੋਏ। ਅਧਿਆਪਕ ਹੋਣ ਦੇ ਬਾਵਜੂਦ ਉਨ੍ਹਾਂ ਦੀ ਪਛਾਣ ਕੁੱਲਵਕਤੀ ਕਾਮੇਡੀਅਨ ਵਜੋਂ ਬਣੀ। ਉਨ੍ਹਾਂ ਦੇ ਪਰਿਵਾਰ ਵਿੱਚ ਉਨ੍ਹਾਂ ਦੇ ਬੇਟੇ ਪੁਖਰਾਜ ਭੱਲਾ ਨੇ ਅਦਾਕਾਰੀ ਦੀ ਵਿਰਾਸਤ ਸੰਭਾਲੀ ਹੈ।

ਜਸਵਿੰਦਰ ਭੱਲਾ ਨੇ ਪਹਿਲੀ ਵਾਰ 1975 ਵਿੱਚ ਆਲ ਇੰਡੀਆ ਰੇਡੀਓ ਉਪਰ ਪੇਸ਼ਕਾਰੀ ਕੀਤੀ ਸੀ। ਅੱਸੀਵਿਆਂ ਦੇ ਅਖੀਰ ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕਿਸਾਨ ਮੇਲੇ ਵਿੱਚ ਜਸਵਿੰਦਰ ਭੱਲਾ ਤੇ ਬਾਲ ਮੁਕੰਦ ਸ਼ਰਮਾ ਨੇ ਭੰਡਾਂ ਦੀ ਪੇਸ਼ਕਾਰੀ ਨਾਲ ਅਜਿਹਾ ਪ੍ਰਦਰਸ਼ਨ ਕੀਤਾ ਕਿ ਉਨ੍ਹਾਂ ਦੀ ਜੋੜੀ ਨੇ ਮੇਲਾ ਹੀ ਲੁੱਟ ਲਿਆ। ਉਸ ਵੇਲੇ ਪ੍ਰੋ. ਗੁਰਭਜਨ ਗਿੱਲ ਨੇ ਉਨ੍ਹਾਂ ਦੀ ਜੋੜੀ ਨੂੰ 'ਖੁਰਦੇ ਸੱਭਿਆਚਾਰ ਦੇ ਰਾਖੇ' ਨਾਂ ਦਿੱਤਾ। ਉਸ ਤੋਂ ਬਾਅਦ ਇਸ ਜੋੜੀ ਨੇ ਆਪਣੀ ਪਹਿਲੀ ਕਾਮੇਡੀ ਕੈਸੇਟ 1988 ਵਿੱਚ 'ਛਣਕਾਟਾ 88' ਕੱਢੀ, ਜੋ ਸੁਪਰ ਡੁਪਰ ਹਿੱਟ ਰਹੀ। ਜਸਵਿੰਦਰ ਭੱਲਾ ਨੇ ਛਣਕਾਟਾ ਨਾਂ ਰੱਖਣ ਬਾਰੇ ਕਈ ਵਰ੍ਹੇ ਪਹਿਲਾਂ ਜ਼ੀ ਟੀ.ਵੀ. ਦੇ ਸ਼ੋਅ 'ਇੱਕ ਖਾਸ ਮੁਲਾਕਾਤ' ਵਿੱਚ ਖੁਦ ਖੁਲਾਸਾ



ਕਰਦਿਆਂ ਕਿਹਾ ਸੀ ਕਿ ਪਹਿਲੀ ਕੈਸੇਟ ਦਾ ਨਾਮ ਰੱਖਣ ਲਈ ਜਦੋਂ ਉਹ ਸੋਚ ਵਿਚਾਰ ਕਰ ਰਹੇ ਸਨ ਤਾਂ ਉਸ ਵੇਲੇ ਉਨ੍ਹਾਂ ਦੇ ਅਧਿਆਪਕ ਪ੍ਰੋ. ਕੇਸ਼ਵ ਰਾਮ ਸ਼ਰਮਾ ਨੇ ਕਿਹਾ ਸੀ ਕਿ ਕਾਲਜ ਦਾ ਸਾਲਾਨਾ ਸਮਾਗਮ 'ਛਣਕਾਟਾ' ਬਹੁਤ ਮਕਬੂਲ ਹੈ, ਇਸੇ ਲਈ ਕੈਸੇਟ ਦਾ ਨਾਮ ਛਣਕਾਟਾ ਰੱਖ ਲਓ। ਇਸ ਤੋਂ ਬਾਅਦ ਛਣਕਾਟੇ ਨਾਲ ਸਾਲ ਦਾ ਨਾਮ ਜੁੜ ਕੇ ਹਰ ਸਾਲ ਛਣਕਾਟਾ ਆਉਣ ਲੱਗਾ। ਭੱਲੇ-ਬਾਲੇ ਦੀ ਜੋੜੀ ਦਰਸ਼ਕਾਂ ਦੀਆਂ ਅੱਖਾਂ ਉਤੇ ਅਜਿਹੀ ਚੜ੍ਹੀ ਕਿ ਫੇਰ ਉਨ੍ਹਾਂ ਦਹਾਕਿਆਂ ਬੱਧੀ ਪੰਜਾਬੀਆਂ ਦੇ ਦਿਲਾਂ ਉਤੇ ਰਾਜ ਕੀਤਾ। 'ਛਣਕਾਟਾ' ਇੱਕ ਬਰਾਂਡ ਹੀ ਬਣ ਗਿਆ ਸੀ, ਜਿਸ ਦੀ ਹਰ ਸਾਲ ਸਰੋਤੇ ਉਡੀਕ ਕਰਿਆ ਕਰਦੇ ਸਨ। ਕੈਸੇਟਾਂ ਹੱਥੋਂ-ਹੱਥ ਵਿਕਣ ਲੱਗੀਆ। ਛਣਕਾਟੇ ਦੀ ਮਕਬੂਲੀਅਤ ਨੂੰ ਦੇਖਦਿਆਂ ਨੱਬੇਵਿਆਂ ਦੇ ਅੱਧ ਵਿੱਚ ਉਨ੍ਹਾਂ ਦੀ ਜੋੜੀ ਨੇ ਇੱਕ ਸਾਲ ਵਿੱਚ ਦੋ-ਦੋ ਛਣਕਾਟੇ ਕੱਢਣੇ ਸ਼ੁਰੂ ਕਰਨੇ, ਜਿਨ੍ਹਾਂ ਵਿੱਚੋਂ ਇਕ ਦਾ ਨਾਮ ਸਾਢੇ ਛਣਕਾਟਾ ਰੱਖਿਆ ਜਾਣ ਲੱਗਾ ਜਿਵੇਂ ਕਿ 'ਛਣਕਾਟਾ 97-1/2'

ਚਲੰਤ ਮਾਮਲਿਆਂ ਉਤੇ ਕਰਾਰੀ ਚੋਟ ਛਣਕਾਟੇ ਦੀ ਜਿੰਦਜਾਨ ਹੁੰਦੀ ਸੀ। ਕਈ ਵਾਰ ਦੂਹਰੇ ਅਰਥਾਂ ਵਾਲੀ ਕਾਮੇਡੀ ਕਾਰਨ ਆਲੋਚਨਾ ਦਾ ਵੀ ਸਾਹਮਣਾ ਕਰਨਾ ਪੈਂਦਾ, ਪਰ ਸਮਾਜਿਕ ਅਲਾਮਤਾਂ ਉਤੇ ਤਿੱਖੇ ਵਿਅੰਗ ਛਣਕਾਟੇ ਦਾ ਹਾਸਲ ਹੁੰਦੇ ਸਨ। ਭਰੂਣ ਹੱਤਿਆ ਦੀ ਸਮਾਜਿਕ ਅਲਾਮਤ ਖਿਲਾਫ ਜਸਵਿੰਦਰ ਭੱਲਾ ਨੇ ਬਹੁਤ ਪਹਿਲਾਂ ਹੀ 'ਮਾਸੀ ਨੂੰ ਤਰਸਣਗੇ' ਰਾਹੀਂ ਚੋਟ ਕੀਤੀ ਸੀ। ਜਸਵਿੰਦਰ ਭੱਲਾ ਦੀ ਕਾਮੇਡੀ ਵਿੱਚ ਪੰਜਾਬੀ ਸੱਭਿਆਚਾਰ ਦਾ ਚਿਹਰਾ-ਮੋਹਰਾ ਝਲਕਦਾ ਸੀ। ਠੇਠ ਤੇ ਮੁਹਾਵਰੇਦਾਰੀ ਸ਼ਬਦਾਵਲੀ ਤੋਂ ਇਲਾਵਾ ਪੰਜਾਬੀ ਵਿਰਸੇ ਤੇ ਸੱਭਿਆਚਾਰ ਦੀਆਂ ਅਮੀਰ ਬਾਤਾਂ ਰਾਹੀਂ ਉਹ ਵੱਡੀ ਤੋਂ ਵੱਡੀ ਗੱਲ ਵਿਅੰਗ ਰਾਹੀਂ ਥੋੜ੍ਹੇਂ ਸ਼ਬਦਾਂ ਵਿੱਚ ਕਹਿਣ ਦੀ ਸਮਰੱਥਾ ਰੱਖਦਾ ਸੀ। ਜਸਵਿੰਦਰ ਭੱਲਾ ਆਪਣੇ ਨਾਲ ਹੋਈ ਕਿਸੇ ਲਾਹ-ਪਾਹ ਨੂੰ ਕਾਮੇਡੀ ਵਿੱਚ ਸ਼ਾਮਲ ਕਰ ਲੈਂਦਾ ਸੀ। ਵੱਡੇ ਕਾਮੇਡੀਅਨ (ਵਿਅੰਗਕਾਰ) ਦੀ ਇਹੋ ਨਿਸ਼ਾਨੀ ਹੁੰਦੀ ਹੈ। ਛਣਕਾਟਿਆਂ ਦੀ ਸਕਰਿਪਟ ਵਿੱਚ ਲੁਧਿਆਣਾ ਕੇਂਦਰ ਬਿੰਦੂ ਹੁੰਦਾ ਸੀ। ਇਸੇ ਲਈ ਛਣਕਾਟੇ ਵਿੱਚ ਭਾਰਤ ਨਗਰ, ਆਰਤੀ ਚੌਕ,



ਜਸਪਾਲ ਭੱਟੀ ਅਤੇ ਜਸਵਿੰਦਰ ਭੱਲਾ

ਭਾਈ ਬਾਲਾ ਚੌਕ, ਚੌੜਾ ਬਾਜ਼ਾਰ, ਘੁਮਾਰ ਮੰਡੀ, ਆਦਿ ਅਕਸਰ ਸੁਣਨ ਨੂੰ ਮਿਲਦੇ।

ਜਸਵਿੰਦਰ ਭੱਲੇ ਦੀ ਕਾਮੇਡੀ ਦੇ ਪਾਤਰ ਆਮ ਜ਼ਿੰਦਗੀ ਵਿੱਚੋਂ ਹੁੰਦੇ ਸਨ। ਸਾਥੀ ਕਲਾਕਾਰਾਂ ਉੱਪਰ ਅਕਸਰ ਵਿਅੰਗ ਸੁਣਨ ਨੂੰ ਮਿਲਦਾ, ਜਿਨ੍ਹਾਂ ਵਿੱਚ ਹੰਸ ਰਾਜ ਹੰਸ, ਸੁਰਿੰਦਰ ਛਿੰਦਾ ਆਦਿ ਪ੍ਰਮੁੱਖ ਹੁੰਦੇ। ਸਿਆਸਤਦਾਨਾਂ ਸਮੇਤ ਹਰ ਵਰਗ ਉੱਪਰ ਵਿਅੰਗ ਆਮ ਗੱਲ ਸੀ। ਛਣਕਾਟੇ ਵਿੱਚ ਪੰਜਾਬੀ ਮੇਲਿਆਂ ਦੇ ਬਾਦਸ਼ਾਹ ਜਗਦੇਵ ਸਿੰਘ ਜੱਸੋਵਾਲ ਤੇ ਸ਼੍ਰੋਮਣੀ ਪੰਜਾਬੀ ਕਵੀ ਗੁਰਭਜਨ ਗਿੱਲ ਜਿਹੀਆਂ ਸ਼ਖਸੀਅਤਾਂ ਦੀ ਵੀ ਆਪਣੇ ਅੰਦਾਜ਼ 'ਚ ਹਾਜ਼ਰੀ ਲਗਾ ਦੇਣੀ। ਛਣਕਾਟਾ 90 ਵਿੱਚ 'ਜੱਟਾਂ ਦੇ ਪੰਜ ਖੱਖੇ', ਛਣਕਾਟਾ 95 ਵਿੱਚ 'ਪ੍ਰਸਿੰਨੀਏ ਖਾ ਕੇਲਾ' ਬਹੁਤ ਮਕਬੂਲ ਹੋਇਆ। ਬਠਿੰਡੇ ਵਾਲਿਆਂ ਦੇ ਕੇਲਾ ਖਾਣ ਦੀ ਆਦਤ ਉਪਰ ਭੱਲੇ ਦੇ ਵਿਅੰਗ ਲੋਕ ਅਖਾਣ ਹੀ ਬਣ ਗਿਆ। ਸਮੇਂ ਦੇ ਬਦਲਾਅ ਨਾਲ ਛਣਕਾਟੇ ਦਾ ਫਿਲਮਾਂਕਣ ਹੋਣ ਲੱਗਾ ਤਾਂ ਭੱਲੇ ਤੇ ਬਾਲੇ ਦੀ ਜੋੜੀ ਨਾਲ ਨੀਲੂ ਅਤੇ ਗਾਇਕ ਸੁਖਵਿੰਦਰ ਸੁੱਖੀ ਵੀ ਜੁੜ ਗਏ। ਫੇਰ ਛਣਕਾਟੇ ਦੇ ਨਾਲ ਨਵੇਂ ਟਾਈਟਲ ਆਉਣ ਲੱਗੇ ਜਿਵੇਂ 'ਜੜ 'ਤੇ ਕੋਕੇ', 'ਚਾਚਾ ਸੁਧਰ ਗਿਆ' ਆਦਿ।

ਜਸਵਿੰਦਰ ਭੱਲਾ ਨੇ ਕੈਸੇਟ ਕਲਚਰ ਤੇ ਸਟੈਂਡ ਅੱਪ ਕਾਮੇਡੀ ਵਿੱਚ ਪੱਕੇ ਪੈਰੀਂ ਹੋਣ ਤੋਂ ਬਾਅਦ 1998 ਵਿੱਚ ਫਿਲਮੀ ਜੀਵਨ ਵਿੱਚ ਪੈਰਾ ਧਰਿਆ, ਜਦੋਂ ਉਨ੍ਹਾਂ ਆਪਣੀ ਫਿਲਮ 'ਦੁੱਲਾ ਭੱਟੀ' ਕੀਤੀ। ਉਸ ਤੋਂ ਬਾਅਦ ਜਸਪਾਲ ਭੱਟੀ ਦੀ ਫਿਲਮ 'ਮਾਹੌਲ ਠੀਕ ਹੈ' ਵਿੱਚ ਇੰਸਪੈਕਟਰ ਦਾ ਯਾਦਗਾਰੀ ਰੋਲ ਕੀਤਾ। ਉਨ੍ਹਾਂ ਆਪਣੇ ਕਰੀਅਰ ਵਿੱਚ 70 ਤੋਂ ਵੱਧ ਫਿਲਮਾਂ ਕੀਤੀਆਂ, ਜਿਨ੍ਹਾਂ ਵਿੱਚ ਕਈ ਯਾਦਗਾਰੀ ਰੋਲ ਕੀਤੇ। ਉਨ੍ਹਾਂ ਦੀਆਂ ਹਿੱਟ ਫਿਲਮਾਂ ਵਿੱਚ 'ਕੈਰੀ ਆਨ ਜੱਟਾ', 'ਜੱਟ ਐਂਡ ਜੂਲੀਅਟ', 'ਮੇਲ ਕਰਾਦੇ ਰੱਬਾ', 'ਜੀਹਨੇ ਮੇਰਾ ਦਿਲ ਲੁੱਟਿਆ', 'ਡੈਡੀ ਕੂਲ ਮੁੰਡੇ ਫੂਲ', 'ਪਾਵਰ ਕੱਟ' ਆਦਿ ਸ਼ਾਮਲ ਹਨ। ਜਸਵਿੰਦਰ ਭੱਲਾ ਦੇ ਫਿਲਮਾਂ ਦੇ ਡਾਇਲਾਗ ਵੀ ਅਖਾਣਾਂ-ਮੁਹਾਵਰਿਆਂ ਵਾਂਗ ਮਕਬੂਲ ਹੋਏ, ਜੋ ਕਿ ਹਰ ਇੱਕ ਜ਼ੁਬਾਨ ਉਪਰ ਚੜ੍ਹ ਜਾਂਦੇ ਸਨ। ਇਸ ਤੋਂ ਇਲਾਵਾ ਜਸਵਿੰਦਰ ਭੱਲਾ ਦਾ ਅੰਦਾਜ਼-ਏ-ਬਿਆਂ ਬਹੁਤ ਕਮਾਲ ਸੀ। ਜਸਵਿੰਦਰ ਭੱਲਾ ਇਕੱਲਾ ਕੈਸੇਟ ਜਾਂ ਫਿਲਮ ਵਿੱਚ ਹੀ ਆਪਣੇ ਕਾਮੇਡੀ ਨਾਲ ਨਹੀਂ ਜਾਣਿਆ ਜਾਂਦਾ ਸੀ, ਸਗੋਂ ਆਪਣੀ ਰੁਟੀਨ ਜ਼ਿੰਦਗੀ ਵਿੱਚ ਵੀ ਗੱਲਬਾਤ ਤੇ ਮੋਬਾਈਲ ਉਤੇ ਜਵਾਬੀ ਮੈਸੇਜ ਲਿਖਦਿਆਂ ਸਹਿ-ਸੁਭਾਅ ਹੀ ਕਾਮੇਡੀ ਝਲਕਦੀ ਸੀ।

ਜਸਵਿੰਦਰ ਭੱਲਾ ਦੇ ਫਿਲਮਾਂ ਦੇ ਮਕਬੂਲ ਹੋਏ ਡਾਇਲਾਗਾਂ ਵਿੱਚ 'ਜੀਜਾ ਜੀ' ਟੈਲੀਫਿਲਮ ਵਿੱਚ 'ਜੁੱਤੀ ਤੰਗ ਤੇ ਜਵਾਈ ਨੰਗ ਸਾਰੀ ਉਮਰ ਮੱਤ ਮਾਰ ਲੈਂਦੇ ਨੇ', 'ਕੈਰੀ ਆਨ ਜੱਟਾ' ਵਿੱਚ 'ਐਡਵੋਕੇਟ ਢਿੱਲੋਂ ਨੇ ਕਾਲਾ ਕੋਟ ਐਵੇਂ ਨੀ ਪਾਇਆ' ਤੇ 'ਗੰਦੀ ਔਲਾਦ, ਨਾ ਮਜ਼ਾ ਨਾ ਸਵਾਦ', 'ਜੱਟ ਐਂਡ ਜੂਲੀਅਟ' ਵਿੱਚ 'ਜੇ ਚੰਡੀਗੜ੍ਹ ਢਹਿਜੂ ਤਾਂ ਪਿੰਡ ਜੋਗਾ ਰਹਿਜੂ, ਜੇ ਪਿੰਡ ਢਹਿਜੂ...', 'ਮਾਹੌਲ ਠੀਕ ਹੈ' ਫਿਲਮ ਵਿੱਚ 'ਮੈਂ ਤਾਂ ਪਾ ਦੂੰ ਪੜ੍ਹਨੇ', 'ਚੱਕ ਦੇ ਫੱਟੇ' ਵਿੱਚ 'ਮੈਂ ਤਾਂ ਭੰਨਦੂ ਬੁੱਲਾਂ ਨਾਲ ਅਖਰੋਟ' ਆਦਿ ਸ਼ਾਮਲ ਸਨ। ਇਸ ਤੋਂ ਇਲਾਵਾ ਹੋਰ ਵੀ ਕਈ ਡਾਇਲਾਗ ਮਕਬੂਲ ਹੋਏ, ਜਿਨ੍ਹਾਂ ਵਿੱਚ 'ਸਹੇਲੀ ਤੇ ਹਵੇਲੀ ਐਵੇਂ ਹੀ ਨੀ ਬਣਦੀ', 'ਗੰਦੀ ਸੋਚ ਤੇ ਪੈਰ ਦੀ ਮੋਚ, ਬੰਦੇ ਨੂੰ ਅੱਗੇ ਨੀ ਵਧਣ ਦਿੰਦੇ' ਆਦਿ ਸ਼ਾਮਲ ਹਨ। ਜਸਵਿੰਦਰ ਭੱਲਾ ਦੇ ਡਾਇਲਾਗਾਂ ਵਾਂਗ ਉਸ ਦੇ ਨਿਭਾਏ ਕਿਰਦਾਰ ਵੀ ਅਮਿੱਟ ਛਾਪ ਛੱਡ ਗਏ, ਜਿਵੇਂ ਕਿ ਚਾਚਾ ਚਤਰਾ ਅਤੇ ਐਨ.ਆਰ.ਆਈ. ਨੌਜਵਾਨ ਭਾਨਾ। ਭਾਨੇ ਦਾ ਪ੍ਰਚੱਲਿਤ ਡਾਇਲਾਗ 'ਭਾਨਾ ਯਾ... ਯਾ...' ਬਹੁਤ ਹਿੱਟ ਹੋਇਆ। ਡਾ. ਭੱਲਾ ਨੂੰ ਰਹਿੰਦੀ ਦੁਨੀਆਂ ਤੱਕ ਛਣਕਾਟੇ ਵਾਲੇ ਚਾਚੇ ਚਤਰੇ ਦੇ ਨਾਂ ਨਾਲ ਜਾਣਦੀ ਰਹੇਗੀ। ਉਨ੍ਹਾਂ ਇੱਕ ਟੀ.ਵੀ. ਸ਼ੋਅ ਵੀ ਕੀਤਾ, ਜਿਸ ਦਾ ਨਾਂ 'ਹਾਸਿਆਂ ਦਾ ਹੱਲਾ ਜਸਵਿੰਦਰ ਭੱਲਾ' ਰੱਖਿਆ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਜਿਨ੍ਹਾਂ ਜਸਵਿੰਦਰ ਭੱਲਾ ਵਾਂਗ ਕਾਮੇਡੀ ਖੇਤਰ ਵਿੱਚ ਆਪਣੀ ਖਾਸ ਵਿਅੰਗਕਾਰੀ ਨਾਲ ਛਾਪ ਛੱਡੀ, ਨੇ ਜਸਵਿੰਦਰ ਭੱਲਾ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਉਨ੍ਹਾਂ ਦਾ ਅਚਾਨਕ ਤੁਰ ਜਾਣਾ ਬਹੁਤ ਦੁਖਦਾਇਕ ਹੈ। ਬੀਨੂੰ ਢਿੱਲੋਂ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਕਿ ਅੱਜ ਇੱਕ ਵਾਰ ਫੇਰ ਉਸ ਦੇ ਸਿਰ ਤੋਂ ਬਾਪ ਦਾ ਸਾਇਆ ਉੱਠ ਗਿਆ। ਡਾ. ਨਿਰਮਲ ਜੌੜਾ ਨੇ ਇੱਕ ਅਧਿਆਪਕ ਵਜੋਂ ਯਾਦ ਕਰਦਿਆਂ ਪੁਰਾਣੀ ਯਾਦ ਸਾਂਝ ਕੀਤੀ। ਬਾਲ ਮੁਕੰਦ ਸ਼ਰਮਾ ਤੇ ਗੁਰਪ੍ਰੀਤ ਘੁੱਗੀ ਨੇ ਇਸ ਵਿਛੋੜੇ ਨੂੰ ਅਕਹਿ ਤੇ ਅਸਹਿ ਦੱਸਦਿਆਂ ਅਣਹੋਣੀ ਦੱਸਿਆ। ਪ੍ਰੋ. ਗੁਰਭਜਨ ਗਿੱਲ ਦਾ ਜਸਵਿੰਦਰ ਭੱਲਾ ਨੂੰ ਆਪਣੇ ਪੁੱਤਰਾਂ ਵਰਗਾ ਛੋਟਾ ਵੀਰ ਆਖਦਿਆਂ ਗੱਚ ਹੀ ਭਰ ਆਇਆ।

# ਭਾਰਤ ਦੀ ਅਸਲੀ ਆਜ਼ਾਦੀ ਲਈ ਜਾਰੀ ਸੰਘਰਸ਼

**ਸੁਨੇਹਾ**

ਡਾ. ਰਛਪਾਲ ਸਿੰਘ ਬਾਜਵਾ
ਫੋਨ: 630-303-8330



ਅਸੀਂ ਖੁਸ਼ੀ-ਖੁਸ਼ੀ ਭਾਰਤ ਦਾ ਆਜ਼ਾਦੀ ਦਿਵਸ ਮਨਾਉਂਦੇ ਹਾਂ। 1947 ਵਿੱਚ ਲਗਭਗ ਹਜ਼ਾਰ ਸਾਲਾਂ ਦੀ ਗ਼ੁਲਾਮੀ ਅਤੇ ਦਬਾਅ ਤੋਂ ਬਾਅਦ ਮਿਲੀ ਜਾਂ ਸਾਡੀ ਕਠਿਨ ਮਿਹਨਤ ਨਾਲ ਪ੍ਰਾਪਤ ਕੀਤੀ ਆਜ਼ਾਦੀ ਅਨੇਕਾਂ ਕ੍ਰਾਂਤੀਕਾਰੀਆਂ, ਸ਼ਹੀਦਾਂ ਅਤੇ ਅਣਸੁਣੇ ਨਾਇਕਾਂ, ਜਿਨ੍ਹਾਂ ਨੇ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ, ਨੇ ਸਾਨੂੰ ਬਰਾਬਰ ਦੀ ਆਜ਼ਾਦੀ ਲੈ ਕੇ ਦਿੱਤੀ। 77-78 ਸਾਲਾਂ ਦਾ ਆਜ਼ਾਦ, ਖੁਦਮੁਖਤਿਆਰ ਅਤੇ ਲੋਕਤੰਤਰਕ ਗਣਰਾਜ ਪੂਰਾ ਕਰਦੇ ਹੋਏ ਅਸੀਂ ਮਾਣ ਨਾਲ ਵਿਗਿਆਨ, ਤਕਨਾਲੋਜੀ, ਖੇਤੀਬਾੜੀ, ਉਦਯੋਗ ਅਤੇ ਗਲੋਬਲ ਰਾਜਨੀਤੀ ਵਿੱਚ ਕੀਤੀਆਂ ਅਪਾਰ ਪ੍ਰਾਪਤੀਆਂ ਨੂੰ ਯਾਦ ਕਰ ਸਕਦੇ ਹਾਂ; ਪਰ ਜਸ਼ਨ ਦੇ ਵਿਚਕਾਰ ਇਹ ਸੱਚਾਈ ਵੀ ਨਾਲ ਸੋਚਣੀ ਲੋੜੀਂਦੀ ਹੈ ਕਿ ਆਜ਼ਾਦੀ ਦਾ ਅਸਲ ਅਰਥ ਕੀ ਹੈ? ਕੀ ਭਾਰਤ ਦਾ ਹਰ ਨਾਗਰਿਕ ਉਸ ਆਜ਼ਾਦੀ ਦਾ ਬਰਾਬਰ ਅਨੰਦ ਮਾਣ ਸਕਿਆ ਹੈ?

ਅਫ਼ਸੋਸ! ਸਾਡੀ ਗ਼ੁਲਾਮੀ ਅਤੇ ਕਾਲੋਨੀਅਲ ਹਕੂਮਤ ਦੀ ਵਿਰਾਸਤ ਅੱਜ ਵੀ ਭਾਰਤੀ ਸਮਾਜ ਦੇ ਕਈ ਹਿੱਸਿਆਂ ਨੂੰ ਪੀੜਦੀ ਹੈ। ਅੱਜ ਵੀ ਸਮਾਜਕ ਅਸਮਾਨਤਾ, ਆਰਥਿਕ ਸ਼ੋਸ਼ਣ ਅਤੇ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਸਾਡੇ ਦੇਸ਼ ਨੂੰ ਸ਼ਰਮਸਾਰ ਕਰ ਰਹੀਆਂ ਹਨ। ਭਾਵੇਂ ਰਾਜਨੀਤਕ ਤਾਕਤ ਹੁਣ ਭਾਰਤੀਆਂ ਦੇ ਹੱਥਾਂ ਵਿੱਚ ਹੈ, ਪਰ ਲੋਕਾਂ ਦੀ ਦੌਲਤ ਦੀ ਲੁੱਟ ਅਜੇ ਵੀ ਜਾਰੀ ਹੈ- ਹੁਣ ਵਿਦੇਸ਼ੀ ਸ਼ਾਸਕਾਂ ਵੱਲੋਂ ਨਹੀਂ, ਬਲਕਿ ਸਾਡੇ ਆਪਣੇ ਹੀ ਲੋਕਾਂ ਵੱਲੋਂ। ਸਭ ਤੋਂ ਵੱਧ ਪੀੜ੍ਹਤ ਸਾਡੇ ਗਰੀਬ ਅਤੇ ਪੱਛੜੇ ਸਮੁਦਾਏ ਹਨ।

ਘਰੇਲੂ ਗ਼ੁਲਾਮੀ, ਜਾਤੀ ਆਧਾਰਿਤ ਜ਼ੁਲਮ, ਜ਼ਬਰਦਸਤੀ ਅਤੇ ਬੰਧੂਆ ਮਜ਼ਦੂਰੀ- ਜੋ ਪੂਰਵ-ਕਾਲੋਨੀਅਲ ਅਤੇ ਕਾਲੋਨੀਅਲ ਦੌਰ ਵਿੱਚ ਮੌਜੂਦ ਸੀ, ਦੁਖਦਾਇਕ ਗੱਲ ਹੈ ਕਿ ਅੱਜ ਵੀ ਭਾਰਤ ਵਿੱਚ ਕਿਤੇ ਕਿਤੇ



ਮੌਜੂਦ ਹੈ। ਦੇਸ਼ ਦੇ ਕਈ ਹਿੱਸਿਆਂ ਵਿੱਚ ਗਰੀਬੀ, ਜਾਤ-ਪਾਤ ਆਧਾਰਿਤ ਭੇਦਭਾਵ ਅਤੇ ਕਰਜ਼ ਦੀ ਬੇੜੀ ਪੀੜ੍ਹੀ-ਦਰ-ਪੀੜ੍ਹੀ ਚਲਦੀ ਆ ਰਹੀ ਹੈ। ਮਨੁੱਖੀ ਤਸਕਰੀ ਅਜੇ ਵੀ ਇੱਕ ਕਾਲਾ ਫਲਦਾ-ਫੁਲਦਾ ਕਾਰੋਬਾਰ ਹੈ। ਬੱਚਿਆਂ ਦੀ ਮਜ਼ਦੂਰੀ ਅਜੇ ਵੀ ਵਿਆਪਕ ਹੈ। ਇਹ ਪ੍ਰਥਾਵਾਂ ਸਾਡੇ ਸਾਥੀ ਨਾਗਰਿਕਾਂ, ਖ਼ਾਸ ਕਰਕੇ ਦਲਿਤਾਂ, ਆਦਿਵਾਸੀਆਂ, ਔਰਤਾਂ ਅਤੇ ਬੱਚਿਆਂ ਤੋਂ ਉਨ੍ਹਾਂ ਦੀ ਇੱਜ਼ਤ, ਆਜ਼ਾਦੀ, ਸਿੱਖਿਆ ਅਤੇ ਆਰਥਿਕ ਮੌਕੇ ਖੋਹ ਰਹੀਆਂ ਹਨ।

ਇਸਦਾ ਪ੍ਰਭਾਵ ਸਖ਼ਤ ਹੈ। ਬੇਸ਼ੁਮਾਰ ਭਾਰਤੀ ਗਰੀਬੀ ਦੇ ਅਜਿਹੇ ਚੱਕਰਾਂ ਵਿੱਚ ਫਸੇ ਹੋਏ ਹਨ, ਜਿਨ੍ਹਾਂ ਨਾਲ ਉਨ੍ਹਾਂ ਦੀ ਉਨਤੀ ਰੁਕ ਜਾਂਦੀ ਹੈ ਅਤੇ ਉਨ੍ਹਾਂ ਨੂੰ ਮੂਲ ਅਧਿਕਾਰਾਂ ਤੋਂ ਵਾਂਝਾ ਕਰ ਦਿੱਤਾ ਜਾਂਦਾ ਹੈ। ਪੱਛੜੇ ਲੋਕਾਂ ਦਾ ਸ਼ੋਸ਼ਣ ਆਜ਼ਾਦੀ ਦੀ ਅਸਲ ਰੂਹ ਅਤੇ ਸਾਡੇ ਮਹਾਨ ਆਜ਼ਾਦੀ ਸੈਲਾਨੀਆਂ ਦੇ ਸੁਪਨਿਆਂ ਨੂੰ ਚੂਰ ਚੂਰ ਕਰਦਾ ਹੈ।

ਭਾਰਤ ਨੇ ਬੰਧੂਆ ਮਜ਼ਦੂਰੀ, ਮਨੁੱਖੀ ਤਸਕਰੀ ਅਤੇ ਬੱਚਿਆਂ ਦੇ ਸ਼ੋਸ਼ਣ ਨੂੰ ਖ਼ਤਮ ਕਰਨ ਲਈ ਕਈ ਕਾਨੂੰਨ ਅਤੇ ਸੰਵਿਧਾਨਕ ਸੁਰੱਖਿਆ ਪ੍ਰਬੰਧ ਕੀਤੇ ਹਨ, ਪਰ ਕੇਵਲ ਕਾਨੂੰਨ ਕਾਫ਼ੀ ਨਹੀਂ। ਸਾਡੇ ਲੋਕਤੰਤਰ ਦੀ ਸਫਲਤਾ ਸਿਰਫ਼ ਆਰਥਿਕ ਵਾਧੇ ਜਾਂ ਗਲੋਬਲ ਰੈਂਕਿੰਗ ਨਾਲ ਨਹੀਂ ਮਾਪੀ ਜਾ ਸਕਦੀ, ਸਗੋਂ ਇਸ ਗੱਲ ਨਾਲ ਕਿ ਅਸੀਂ ਆਪਣੇ ਸਭ ਤੋਂ ਕਮਜ਼ੋਰ ਅਤੇ ਗਰੀਬ ਲੋਕਾਂ ਨਾਲ ਕਿਵੇਂ ਵਤੀਰਾ ਕਰਦੇ ਹਾਂ!

ਜਦੋਂ ਅਸੀਂ ਤਿਰੰਗਾ ਲਹਿਰਾਉਂਦੇ ਹਾਂ ਤਾਂ ਆਓ ਇਹ ਵੀ ਕਸਮ ਖਾਈਏ ਕਿ ਅਸੀਂ ਅਜਿਹਾ ਭਾਰਤ ਬਣਾਵਾਂਗੇ, ਜਿੱਥੇ ਹਰ ਨਾਗਰਿਕ- ਭਾਵੇਂ ਉਹ ਕਿਸੇ ਵੀ ਜਾਤ, ਧਰਮ, ਲਿੰਗ ਜਾਂ ਆਰਥਿਕ ਪਿਛੋਕੜ ਨਾਲ ਸਬੰਧਿਤ ਹੋਵੇ, ਆਜ਼ਾਦੀ, ਸਮਾਨਤਾ, ਇਨਸਾਫ਼ ਅਤੇ ਇੱਜ਼ਤ ਦਾ ਅਸਲ ਅਨੰਦ ਮਾਣ ਸਕੇ। ਸਮਾਂ ਆ ਗਿਆ ਹੈ ਕਿ ਅਸੀਂ ਆਧੁਨਿਕ ਗ਼ੁਲਾਮੀ ਦੇ ਰੂਪਾਂ ਦੇ ਵਿਰੁੱਧ ਉਸੇ ਜੋਸ਼ ਨਾਲ ਲੜਾਈ ਲੜੀਏ, ਜਿਵੇਂ ਅਸੀਂ ਕਾਲੋਨੀਅਲ ਸ਼ਾਸਨ ਦੇ ਖ਼ਿਲਾਫ਼ ਲੜੇ ਸਾਂ। ਸਿਰਫ਼ ਫਿਰ ਹੀ ਅਸੀਂ ਮਾਣ ਨਾਲ ਕਹਿ ਸਕਾਂਗੇ ਕਿ ਭਾਰਤ ਅਸਲ ਮਾਇਨੇ ਵਿੱਚ ਆਜ਼ਾਦ ਹੈ। ਇੱਕ ਹੋਰ ਗੱਲ ਕਿ ਉਚ ਜਾਤੀ ਦੇ ਲੋਕ ਵੀ ਗਰੀਬੀ ਵਿੱਚ ਧੱਕੇ ਗਏ ਹਨ, ਉਨ੍ਹਾਂ ਲਈ ਸਰਕਾਰ ਦਾ ਬਹੁਤਾ ਧਿਆਨ ਨਹੀਂ। ਆਜ਼ਾਦੀ ਦਿਵਸ ਸਿਰਫ਼ ਵਿਖਾਵੇ ਦਾ ਜਸ਼ਨ ਹੀ ਨਾ ਰਹੇ, ਸਗੋਂ ਇਹ ਵਾਅਦਾ ਵੀ ਹੋਵੇ ਕਿ ਆਜ਼ਾਦੀ ਦੀ ਰੌਸ਼ਨੀ ਸਾਡੇ ਹਰ ਨਾਗਰਿਕ ਉਤੇ ਬਰਾਬਰ ਚਮਕੇ।

## ਵੇਖਦੇ ਵੇਖਦੇ...

**ਕੱਚੀਆਂ ਗਲੀਆਂ, ਕੱਚੇ ਘਰ ਸੀ, ਠੰਢੇ ਸੀ ਪਰਛਾਵੇਂ।**
**ਦਗਾਬਾਜ ਤੇ ਫੁਕਰੇ ਬੰਦੇ, ਬੇਈਮਾਨ ਸੀ ਟਾਵੇਂ ਟਾਵੇਂ।**
**ਬੈਠਕ ਤੇ ਦਰਵਾਜ਼ਾ ਪਾ ਲਏ, ਹੋ ਗਈ ਬੱਲੇ ਬੱਲੇ।**
**ਲੱਗੇ ਪਾਉਣ ਚੁਬਾਰੇ ਸੀ ਜਦ, ਨੀਅਤਾਂ ਆ ਗਈਆਂ ਥੱਲੇ।**
**ਪੜ੍ਹ ਕਿਤਾਬਾਂ ਹੋ ਗਏ ਲੋਕੀਂ ਗਿਆਨੀ ਤੇ ਵਿਗਿਆਨੀ।**
**ਪਤਾ ਨਹੀਂ ਕਿਵੇਂ ਅੰਦਰ ਵੜ ਗਏ, ਲਾਲਚ ਅਤੇ ਸ਼ੈਤਾਨੀ।**
**ਰਿਸ਼ਵਤਖ਼ੋਰੀ ਹੱਡ ਕੁੱਤੇ ਦਾ ਅਕਸਰ ਲੋਕੀ ਕਹਿੰਦੇ ਸੀ।**
**ਸਬਰ, ਸਾਦਗੀ, ਰੱਬ ਦਾ ਭਾਣਾ, ਮੰਨਣ ਵਾਲੇ ਰਹਿੰਦੇ ਸੀ।**

---

**ਮੁੱਕੀ ਜੰਗ ਤਲਵਾਰ ਦੀ, ਬਦਲ ਗਏ ਹਥਿਆਰ।**
**ਮੀਲ ਹਜ਼ਾਰਾਂ ਦੂਰ ਤੋਂ, ਹੁਣ ਦੁਸ਼ਮਣ ਕਰਦਾ ਵਾਰ।**
**ਰਾਜੇ ਕਰਨ ਵਪਾਰ ਜੇ, ਜਨਤਾ ਕਰਨ ਮਲੰਗ।**
**ਗਿਰਗਿਟ ਵਾਂਗੂੰ ਬਦਲਦੇ, ਚਿਹਰਿਆਂ ਉਤੇ ਰੰਗ।**
**ਮੋਨ ਧਾਰ ਲਏ ਸਾਧੂਆਂ, ਬੁਜ਼ਦਿਲ ਹੋ ਗਏ ਚੁੱਪ।**
**ਸੂਰਜ ਢਕ ਲਿਆ ਸਕਤਿਆਂ, ਹੋਇਆ ਹਨੇਰਾ ਘੁੱਪ।**

*-ਡਾ. ਕੇਵਲ ਅਰੋੜਾ*

# ਸੇਵਾ-ਸੂਰਮਗਤੀ ਦਾ ਸਿਖ਼ਰ: ਭਗਤ ਪੂਰਨ ਸਿੰਘ

ਸ਼ਰਧਾ ਹਿੱਤ



**ਡਾ. ਰੂਪ ਸਿੰਘ**
**ਫੋਨ:+91-9814637979**

*ਜੀਅਹੁ ਨਿਰਮਲ ਬਾਹਰਹੁ ਨਿਰਮਲ, ਸੇਵਾ-ਸੂਰਮਗਤੀ ਦੇ ਸਿਖ਼ਰ, ਫੱਕਰ ਦਰਵੇਸ਼ ਸ਼ਖਸੀਅਤ ਭਗਤ ਪੂਰਨ ਸਿੰਘ ਬਾਰੇ ਜੇ ਲਿਖਣਾ ਅਸੰਭਵ ਨਹੀਂ ਤਾਂ ਮੁਸ਼ਕਲ ਜ਼ਰੂਰ ਹੈ। ਭਗਤ ਜੀ ਨੇ ਆਪਣਾ ਆਪਾ ਦੁਖੀ ਮਾਨਵਤਾ ਨੂੰ ਸਮਰਪਿਤ ਕਰ ਦਿੱਤਾ ਸੀ, ਅਜਿਹੀ ਅਵਸਥਾ ਨੂੰ ਪਹੁੰਚਿਆ ਹੋਇਆ ਵਿਅਕਤੀ ਹੀ ਉਨ੍ਹਾਂ ਦੀ ਰਹੱਸਮਈ ਜੀਵਨ-ਕਹਾਣੀ ਨੂੰ ਵਿਅਕਤ ਕਰ ਸਕਦਾ ਹੈ। ਖ਼ੈਰ! ਅਜਿਹੀਆਂ ਮਹਾਨ ਸ਼ਖਸੀਅਤਾਂ ਨੂੰ ਯਾਦ ਕਰਦੇ ਰਹਿਣ ਦਾ ਸਾਡਾ ਮਨੋਰਥ ਉਨ੍ਹਾਂ ਦੀਆਂ ਘਾਲਣਾਵਾਂ ਨੂੰ ਚੇਤਿਆਂ ਵਿੱਚ ਵਸਾ ਕੇ ਸਜਦਾ ਕਰਨਾ ਤਾਂ ਹੈ ਹੀ, ਸਗੋਂ ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਆਪ ਚੱਲਣ ਅਤੇ ਨਵੀਂ ਪੀੜ੍ਹੀ ਨੂੰ ਪ੍ਰੇਰਿਤ ਕਰਨਾ ਵੀ ਹੈ। ਹਾਲਾਂਕਿ ਭਗਤ ਜੀ ਦੇ ਜੀਵਨ ਬਾਰੇ ਬੜਾ ਕੁਝ ਲਿਖਿਆ-ਪੜ੍ਹਿਆ ਜਾ ਚੁਕਾ ਹੈ, ਪਰ ਇਸ ਲੇਖ ਵਿੱਚ ਉਨ੍ਹਾਂ ਦੇ ਜੀਵਨ ਦੀਆਂ ਕੁਝ ਇੱਕ ਘਟਨਾਵਾਂ ਨੂੰ ਯਾਦ ਕਰਨ ਦਾ ਯਤਨ ਕੀਤਾ ਗਿਆ ਹੈ।*

*-ਪ੍ਰਬੰਧਕੀ ਸੰਪਾਦਕ*



4 ਜੂਨ 1904 ਈ: ਨੂੰ ਪਿੰਡ ਰਾਜੇਵਾਲ, ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ ਦੇ ਇੱਕ ਹਿੰਦੂ ਪਰਿਵਾਰ ਪਿਤਾ ਛਿੱਬੂ ਮੱਲ ਤੇ ਮਾਤਾ ਮਹਿਤਾਬ ਕੌਰ ਦੇ ਘਰ ਪੈਦਾ ਹੋਏ 'ਰਾਮ ਜੀ ਦਾਸ' ਅੰਮ੍ਰਿਤ ਦੀ ਦਾਤ ਪ੍ਰਾਪਤ ਕਰ, ਪੂਰਨ ਸਿੰਘ ਬਣ ਗਏ। ਇਨ੍ਹਾਂ ਨੂੰ ਸਿੱਖੀ ਸੇਵਾ-ਸਿਮਰਨ ਦੀ ਚਿਣਗ ਬਚਪਨ ਵਿੱਚ ਹੀ ਆਪਣੀ ਮਾਂ ਤੋਂ ਪ੍ਰਾਪਤ ਹੋਈ, ਜਿਨ੍ਹਾਂ ਦਾ ਨਿਤਕਰਮ ਪਿਆਸੇ ਰਾਹਗੀਰਾਂ, ਬੇਜ਼ੁਬਾਨ ਅਵਾਰਾ ਜਾਨਵਰਾਂ ਲਈ ਖੂਹੀ ਤੋਂ ਪਾਣੀ ਕੱਢ ਕੇ ਪਿਆਸ ਬਝਾਉਣਾ ਸੀ। ਆਪਣੀ ਮਾਂ ਬਾਰੇ ਭਗਤ ਜੀ ਲਿਖਦੇ ਹਨ, "ਮੇਰੀ ਮਾਂ ਇੱਕ ਕਲਾਕਾਰ ਸੀ, ਜਿਸਨੇ ਮੇਰੀ ਸ਼ਖਸ਼ੀਅਤ ਨੂੰ ਬੜੇ ਪਿਆਰ ਵਸ ਘੜਿਆ। ਉਸਨੇ ਆਪਣਾ ਸਮੁੱਚਾ ਪਿਆਰ ਅਤੇ ਰੀਝਾਂ ਮੇਰੇ ਉਤੇ ਕੁਰਬਾਨ ਕਰ ਦਿੱਤੀਆਂ। ਉਹ ਕੜਕਦੀ ਧੁੱਪ ਵਿੱਚ ਪਸ਼ੂਆਂ ਦੇ ਚੌਣੇ ਨੂੰ ਪਾਣੀ ਪਿਆਉਣ ਲੱਗ ਜਾਂਦੀ। ਹੱਥੀ ਡੂੰਘੀ ਖੂਹੀ ਵਿੱਚੋਂ ਪਾਣੀ ਖਿੱਚਦੀ, ਰਾਹਗੀਰਾਂ ਤੇ ਪਸ਼ੂਆਂ ਨੂੰ ਪਿਆਉਂਦੀ।"

ਦਸਵੀਂ ਜਮਾਤ ਤੀਕ ਦੀ ਪੜ੍ਹਾਈ ਲੁਧਿਆਣਾ ਜਿਲ੍ਹੇ ਦੇ ਕਸਬਾ ਖੰਨਾ ਵਿੱਚੋਂ ਪ੍ਰਾਪਤ ਕੀਤੀ। ਦਸਵੀਂ ਵਿੱਚੋਂ ਫੇਲ੍ਹ ਤਾਂ ਹੋ ਗਏ, ਪਰ ਇਨ੍ਹਾਂ ਨੂੰ ਪੜ੍ਹਨ ਦੀ ਲਗਨ ਲੱਗ ਗਈ ਜੋ ਆਖਰੀ ਸਾਹਾਂ ਤੀਕ ਬਰਕਰਾਰ ਰਹੀ। ਸ਼ਾਹੂਕਾਰ ਘਰਾਣੇ ਤੋਂ ਕੰਗਾਲ ਹੋਣ ਕਾਰਨ ਇਨ੍ਹਾਂ ਦੀ ਮਾਤਾ ਨੂੰ ਭਾਂਡੇ ਮਾਂਜਣ ਦੀ ਨੌਕਰੀ ਪਹਿਲਾਂ ਮਿੰਟਗੁਮਰੀ ਤੇ ਫਿਰ ਲਾਹੌਰ ਕਿਸੇ ਸ਼ਾਹੂਕਾਰ ਦੇ ਘਰ ਕਰਨੀ ਪਈ। ਆਪਣੇ ਪਿੰਡ ਤੋਂ ਮਿੰਟਗੁਮਰੀ ਤੇ ਲਾਹੌਰ ਜਾਂਦੇ ਇੱਕ ਵਾਰ ਰਾਮ ਜੀ ਦਾਸ ਨੂੰ ਰਾਤ ਕੱਟਣ ਵਾਸਤੇ ਸ਼ਿਵਮੰਦਰ ਲੁਧਿਆਣਾ ਤੇ ਇੱਕ ਪਿੰਡ ਦੇ ਗੁਰਦੁਆਰੇ ਵਿੱਚ ਰੁਕਣਾ ਪਿਆ। ਅਰਾਮ ਕੀਤਾ, ਪ੍ਰਸ਼ਾਦ-ਪਾਣੀ ਛਕਿਆ, ਸੇਵਾ-ਸਿਮਰਨ ਦੇ ਸਿਧਾਂਤ ਤੇ ਅਮਲ ਨੂੰ ਨੇੜਿਓ ਤੱਕਿਆ ਅਤੇ ਅੰਤਰ ਨੂੰ ਸਮਝਿਆ। ਉਸ ਨੇ ਗੁਰਦੁਆਰੇ ਵਿੱਚ ਸਰਬੱਤ ਦੇ ਭਲੇ ਲਈ ਹੁੰਦੀ ਅਰਦਾਸ ਨੂੰ ਸੁਣਿਆ, ਖੁਦ ਅਨੁਭਵ ਕੀਤਾ ਤੇ ਮਾਣਿਆ। ਕੋਈ ਮੇਰ-ਤੇਰ ਨਹੀਂ, ਸਾਰੇ ਸਭ ਥਾਂ ਬਰਾਬਰ। ਮਨ ਹੀ ਮਨ ਉਸਨੇ ਪਿੱਤਰੀ ਧਰਮ ਦੀ ਥਾਂ ਸਰਬ-ਸਾਂਝੇ ਧਰਮ ਨੂੰ ਅਪਣਾਉਣ ਦਾ ਮਨ ਬਣਾ ਲਿਆ। 1923 ਈ. ਵਿੱਚ ਖਾਲਸਾ ਹਾਈ ਸਕੂਲ ਲਾਹੌਰ ਵਿੱਚ ਦਾਖਲ ਹੋ ਗਏ। ਸਕੂਲ ਦੀ ਪੜ੍ਹਾਈ ਸਮੇਂ ਅਕਸਰ ਪੂਰਨ ਸਿੰਘ, ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੇ ਦਰਸ਼ਨ-ਦੀਦਰ ਕਰਨ ਜਾਂਦੇ। ਗ੍ਰੰਥੀ ਸਿੰਘ ਦੀ ਰਸ ਭਿੰਨੀ ਆਵਾਜ਼ ਵਿੱਚ ਸਰਬ ਹਿਤਕਾਰੀ-ਕਲਿਆਣਕਾਰੀ, ਅਲਾਹੀ ਗੁਰਬਾਣੀ ਦਾ ਪਾਠ ਸੁਣਦਿਆਂ ਅਕਸਰ ਉਹ ਮਸਤ, ਮੰਤਰ-ਮੁੰਗਧ ਹੋ ਜਾਂਦੇ। ਇੱਕ ਦਿਨ ਉਸਨੇ ਆਪਣੀ ਮਾਤਾ ਨਾਲ ਗ੍ਰੰਥੀ ਸਿੰਘ ਨੂੰ ਮਿਲ ਕੇ 'ਅੰਮ੍ਰਿਤ ਛਕਣ' ਦੀ ਇੱਛਾ ਜ਼ਾਹਰ ਕੀਤੀ। ਗ੍ਰੰਥੀ ਸਿੰਘ ਨੇ ਬੜੇ ਪਿਆਰ ਨਾਲ ਸਮਝਾਇਆ ਕਿ 'ਸਿੱਖ ਧਰਮ ਹੋਰਸ ਸਭ ਕੁਝ ਤੋਂ ਪਹਿਲਾ ਜੀਵਨ-ਜਾਂਚ ਹੈ, ਜਿਸਨੂੰ ਤੁਸੀਂ ਪਹਿਲਾ ਅਪਣਾਉਣ ਲਈ ਯਤਨਸ਼ੀਲ ਹੋਵੋ, ਫਿਰ ਅੰਮ੍ਰਿਤ ਛੱਕ ਲੈਣਾ।' ਇਹ ਗ੍ਰੰਥੀ ਸਿੰਘ ਸਨ ਗਿਆਨੀ ਅੱਛਰ ਸਿੰਘ, ਜੋ ਗੁਰੂ ਬਖਸ਼ਿਸ਼ ਸਦਕਾ ਬਾਅਦ ਵਿੱਚ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੀ ਬਣੇ।

ਇਹ ਗੱਲ 1932 ਦੀ ਹੈ, ਜਦ ਪੂਰਨ ਸਿੰਘ ਆਪਣੇ ਜੀਵਨ-ਆਦਰਸ਼ ਦੀ ਪ੍ਰਾਪਤੀ ਸਬੰਧੀ ਗੁਰਦੁਆਰਾ ਸਾਹਿਬ ਦੇ ਮਹੰਤ ਗੋਪਾਲ ਸਿੰਘ ਨੂੰ ਨਾਲ ਲੈ ਕੇ ਗੁਰਦੁਆਰਾ ਸਾਹਿਬ ਦੇ ਸਥਾਨਕ ਪ੍ਰਬੰਧਕਾਂ ਪਾਸ ਗਿਆ ਤੇ ਉਨ੍ਹਾਂ ਨੇ ਕਿਹਾ ਕਿ ਇਹ ਨੌਜੁਆਨ ਆਪਣਾ ਜੀਵਨ ਬੇ-ਸਹਾਰਾ, ਪਾਗਲਾਂ, ਲੂਲ੍ਹਿਆਂ-ਲੰਗੜਿਆਂ, ਪਿੰਗਲਿਆਂ ਦੀ ਸੇਵਾ ਲਈ ਸਮਰਪਿਤ ਕਰਨਾ ਚਾਹੁੰਦਾ ਹੈ। ਪ੍ਰਬੰਧਕਾਂ ਦੇ ਇਹ ਪੁੱਛਣ 'ਤੇ ਕਿ ਇਹ ਵਿਚਾਰ ਤੁਹਾਡੇ ਮਨ ਵਿੱਚ ਕਿਵੇਂ ਆਇਆ? ਪੂਰਨ ਸਿੰਘ ਨੇ ਕਿਹਾ, "ਉਹ ਇੱਕ ਹਿੰਦੂ ਪਰਿਵਾਰ ਵਿੱਚੋਂ ਹਨ, ਮੇਰੀ ਮਾਤਾ ਜੀ ਧਾਰਮਿਕ ਬਿਰਤੀ ਰੱਖਦੇ ਹੋਏ ਹਮੇਸ਼ਾ ਰਾਹਗੀਰਾਂ, ਲੋੜਵੰਦਾਂ ਦੀ ਜਲ-ਪਾਣੀ ਨਾਲ ਸੇਵਾ ਕਰਿਆ ਕਰਦੀ ਹੈ ਅਤੇ ਰੋਜ਼ਾਨਾ ਜਪੁਜੀ ਸਾਹਿਬ ਦਾ ਪਾਠ ਨੇਮ ਨਾਲ ਕਰਦੀ ਹੈ, ਜਿਸ 'ਤੇ ਮੈਂ ਵੀ ਕਾਲਜ ਦੀ ਪੜ੍ਹਾਈ ਕਰਨ ਦੀ ਥਾਂ 'ਇਹ ਪੜ੍ਹਾਈ' ਕਰਨ ਦਾ ਮਨ ਬਣਾ ਲਿਆ। ਮੈਂ ਆਪਣਾ ਜੀਵਨ ਲੋੜਵੰਦ ਦੁਖੀਆਂ ਦੀ ਮਦਦ ਕਰਨ ਲਈ ਸਮਰਪਣ ਕਰਨਾ ਚਾਹੁੰਦਾ ਹਾਂ। ਇਸ ਆਦਰਸ਼ ਦੀ ਪ੍ਰਾਪਤੀ ਲਈ ਮੈਂ ਆਪਾ ਤਿਆਗ, ਗੁਰਦੁਆਰਾ ਸਾਹਿਬ ਠਹਿਰ ਸੇਵਾ, ਸਿਮਰਨ, ਪਰਉਪਕਾਰ ਦੀ ਸਿਖਿਆ ਲੈਣੀ ਚਾਹੁੰਦਾ ਹਾਂ।" ਇਹ ਉੱਚ ਵਿਚਾਰ ਸੁਣਦਿਆਂ ਹੀ ਪ੍ਰਬੰਧਕਾਂ ਨੇ ਪੂਰਨ ਸਿੰਘ ਦੇ ਖਾਣ-ਪੀਣ ਤੇ ਰਹਿਣ-ਸਹਿਣ ਦਾ ਪ੍ਰਬੰਧ ਕਰ ਦਿੱਤਾ। ਥੋੜ੍ਹੇ ਸਮੇਂ ਬਾਅਦ ਹੀ ਰਾਮ ਜੀ ਦਾਸ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਸਿੰਘ ਸੱਜ ਗਏ ਤੇ ਨਾਂ ਪੂਰਨ ਸਿੰਘ ਰਖਵਾ, ਪੂਰਨ ਹੋ ਗਏ। ਇਨ੍ਹਾਂ ਦੀ ਭੈ-ਭਾਵਨੀ, ਨਿਤਾ ਪ੍ਰਤੀ ਦੀ ਜੀਵਨ ਜਾਚ ਨੂੰ ਤੱਕ ਗਿਆਨੀ ਕਰਤਾਰ ਸਿੰਘ ਨੇ 'ਭਗਤ' ਤਖੱਲਸ ਦਿੱਤਾ, ਜਿਸ ਸਦਕਾ, ਭਗਤ ਪੂਰਨ ਸਿੰਘ ਦੇ ਨਾਂ ਨਾਲ ਜਗਤ ਪ੍ਰਸਿੱਧ ਹੋਏ। ਸੰਸਾਰਿਕ ਸਕੂਲੀ ਸਿਖਿਆ 'ਚ ਤਾਂ ਉਹ ਸਫਲ ਨਾ ਹੋ ਸਕੇ ਪਰ ਸਿੱਖੀ ਸਮਝ, ਸੂਝ-ਸਿਆਣਪ ਸਦਕਾ ਸੇਵਾ-ਸਿਮਰਨ 'ਚ ਸਫਲਤਾ ਪ੍ਰਾਪਤ ਕਰ ਇਹ ਸਾਬਤ ਕਰ ਦਿੱਤਾ ਕਿ 'ਸੰਸਕਾਰੀ ਸਮਝ ਤੇ ਸੰਸਾਰਿਕ-ਸਿਖਿਆ' ਅਲੱਗ ਹੈ।

ਇਹ ਅਰੰਭ ਸੀ ਉਸ ਆਦਰਸ਼ ਦਾ, ਜਿਸ ਦੀ ਪ੍ਰਾਪਤੀ ਲਈ ਪੂਰਨ ਸਿੰਘ ਘਰੋਂ ਤੁਰਿਆ ਸੀ। ਉਹ ਲਿਖਦੇ ਹਨ, "ਬਚਪਨ ਵਿੱਚ ਜਦ ਮੈਂ ਆਪਣੀ ਮਾਂ ਨਾਲ ਪਿੰਡ ਦੀਆਂ ਗਲੀਆਂ ਵਿੱਚੋਂ ਲੰਘਦੇ ਤਾਂ ਮੇਰੀ ਮਾਂ ਰਸਤੇ ਵਿੱਚੋਂ ਠੀਕਰਾਂ, ਰੋੜੇ, ਪੱਥਰ, ਕਿਲ-ਕਾਂਟੇ ਆਦਿ ਚੁਕਦੀ ਤਾਂ ਕਿ ਰਾਹਗੀਰਾਂ ਨੂੰ ਤਕਲੀਫ ਨਾ ਹੋਵੇ। ਮੇਰੀ ਮਾਂ ਮੈਨੂੰ ਪੰਛੀਆਂ ਨੂੰ ਦਾਣਾ ਪਾਉਣ ਲਈ ਦਿੰਦੀ।" ਅਸਲ ਵਿੱਚ ਰਾਮ ਜੀ ਦਾਸ ਦਾ ਬਚਪਨ ਸ਼ਾਹੂਕਾਰ ਪਰਿਵਾਰ ਹੋਣ ਕਾਰਨ ਸੁਖ-ਸਹੂਲਤਾਂ ਸਦਕਾ ਬਹੁਤ ਸੁਖੀ ਸੀ, ਪਰ ਬਾਅਦ ਵਿੱਚ ਆਰਥਿਕ ਮੰਦਹਾਲੀ ਆਉਣ ਕਾਰਨ ਗੁਰਬਤ ਦੀਆਂ ਦੁਸ਼ਵਾਰੀਆਂ ਦਾ ਸਾਹਮਣਾ ਕਰਦਿਆਂ ਇਨ੍ਹਾਂ ਦੀ ਮਾਂ ਨੂੰ ਲੋਕਾਂ ਦੇ ਘਰਾਂ ਵਿੱਚ ਨੌਕਰੀ ਕਰਨ ਲਈ ਮਜਬੂਰ ਹੋਣਾ ਪਿਆ। ਗੁਰੂ ਅਰਜਨ ਦੇਵ ਜੀ ਸ਼ਹੀਦੀ ਅਸਥਾਨ, ਗੁਰਦੁਆਰਾ ਡੇਹਰਾ ਸਾਹਿਬ ਵਿਖੇ ਜਲ-ਪਾਣੀ, ਲੰਗਰ, ਸਫਾਈ, ਬਰਤਨਾਂ ਆਦਿ ਦੀ ਨਿਤ-ਪ੍ਰਤੀ ਸੇਵਾ ਕਰ, ਪੂਰਨ ਸਿੰਘ ਬਜ਼ਾਰ ਵਿੱਚ ਘੁੰਮਣ ਨਿਕਲ ਤੁਰਦਾ। ਮੁੱਖ ਨਿਸ਼ਾਨਾ ਸੜਕਾਂ ਤੋਂ ਸ਼ੀਸ਼ੇ-ਪੱਥਰ, ਰੋੜੇ, ਕਿਲ-ਕਾਂਟੇ ਆਦਿ ਲਾਂਭੇ ਕਰਨਾ ਸੀ ਤਾਂ ਕਿ ਰਾਹੀਆਂ ਨੂੰ ਕਿਸੇ ਕਿਸਮ ਦਾ ਕਸ਼ਟ ਨਾ ਪਹੁੰਚੇ। ਫਿਰ ਦਿਆਲ ਸਿੰਘ ਲਾਇਬਰੇਰੀ ਬੈਠ ਉੱਚ ਖਿਆਲਾਂ ਨੂੰ ਪੜ੍ਹਨਾ-ਲਿਖਣਾ ਤੇ ਪ੍ਰਚਾਰ ਹਿਤ ਵੰਡਣਾ, ਪੂਰਨ ਸਿੰਘ ਦਾ ਨਿਤ ਦਾ ਕਰਮ ਸੀ। ਕੁਝ ਅਲਪ ਬੁੱਧੀ ਵਾਲੇ ਪਾਗਲ ਵੀ ਕਹਿੰਦੇ। ਉਨ੍ਹਾਂ ਨੂੰ ਕੀ ਪਤਾ ਸੀ ਕਿ ਇਸ ਨੇ ਤਾਂ 'ਸੇਵਾ ਦੇ ਸਿੱਖ ਸੰਕਲਪ' ਦੇ ਨਵੇਂ ਕੀਰਤੀਮਾਨ ਸਥਾਪਤ ਕਰ, ਸਿੱਖੀ ਦੀ ਸਦੀਵੀ ਖੁਸ਼ਬੋਈ ਨੂੰ ਵਿਸ਼ਵ ਭਰ ਵਿੱਚ ਅਤੁਟ ਵੰਡਣਾ ਹੈ। 1934 ਵਿੱਚ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੀ ਦਰਸ਼ਨੀ ਡਿਊੜੀ 'ਤੇ ਕੋਈ ਨਿਰਦਈ ਦਿਲ ਚਾਰ ਕੁ ਸਾਲ ਦਾ ਇੱਕ ਪਿੰਗਲਾ ਤੇ ਗੂੰਗਾ ਬੱਚਾ ਛੱਡ ਗਿਆ। ਉਹ ਬੱਚਾ ਮੁਕੰਮਲ ਰੂਪ ਵਿੱਚ ਅਪਾਹਜ ਸੀ, ਜੋ ਆਪਣੀ ਕੋਈ ਕਿਰਿਆ ਨਹੀਂ ਸੀ ਕਰ ਸਕਦਾ। ਭਗਤ ਜੀ ਹਰ ਪਲ ਉਸ ਬੇਵੱਸ ਪਿੰਗਲੇ ਬੱਚੇ ਦੀ ਦੇਖ-ਭਾਲ ਵਿੱਚ ਗੁਜਾਰਦੇ। ਉਸ ਨੂੰ ਓੜਕਾਂ ਦਾ ਪਿਆਰ ਕਰਨ ਕਰਕੇ ਉਸ ਦਾ ਨਾਂ 'ਪਿਆਰਾ ਸਿੰਘ' ਪ੍ਰਚਲਿਤ ਹੋ ਗਿਆ। ਭਗਤ ਜੀ ਲਾਹੌਰ ਵਿੱਚ ਲੱਗਭਗ 14 ਸਾਲ ਉਸ ਬੱਚੇ ਦੀ ਸੇਵਾ-ਸੰਭਾਲ ਕਰਦੇ ਰਹੇ ਅਤੇ 1947 ਵਿੱਚ ਦੇਸ਼ ਪੰਜਾਬ-ਵੰਡ ਸਮੇਂ 'ਪਿੰਗਲੇ' ਨੂੰ ਵਿਰਾਸਤੀ ਪੂੰਜੀ ਵਜੋਂ ਨਾਲ ਲੈ ਅੰਮ੍ਰਿਤਸਰ ਆ ਗਏ। ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਸ਼ਰਨਾਰਥੀ ਕੈਂਪ ਲੱਗਾ ਹੋਇਆ ਸੀ, ਜਿੱਥੇ ਭਗਤ ਜੀ ਨੇ ਤਨ-ਮਨ ਨਾਲ ਲੋੜਵੰਦਾਂ ਦੀ ਸੇਵਾ ਕੀਤੀ।

ਭਗਤ ਜੀ ਦਾ ਇਸ ਪਿੰਗਲੇ-ਲੂਲ੍ਹੇ ਬੱਚੇ ਨਾਲ ਕਿਤਨਾ ਪਿਆਰ ਸੀ, ਉਨ੍ਹਾਂ ਦੀ ਜ਼ੁਬਾਨੀ, "ਜਿਗਰ ਦਾ ਟੁਕੜਾ ਲੂਲ੍ਹਾ ਬੱਚਾ ਮੇਰੀ ਜ਼ਿੰਦਗੀ ਦਾ ਸਭ ਤੋਂ ਵੱਡਾ ਸਹਾਰਾ ਰਿਹਾ ਹੈ, ਉਹ ਜੇ ਮੈਨੂੰ ਨਾ ਮਿਲਦਾ ਤਾਂ ਮੈਂ ਉਹ ਕੁਝ ਨਾ ਕਰ ਸਕਦਾ, ਜੋ ਮੈਂ ਪਿੰਗਲਵਾੜੇ ਦੇ ਰੂਪ ਵਿੱਚ ਕੀਤਾ ਹੈ।" ਇਹ ਪਿੰਗਲਾ, ਪਿਆਰਾ ਸਿੰਘ ਹੀ ਭਗਤ ਪੂਰਨ ਸਿੰਘ ਦੀ ਪਹਿਲੀ ਪੂੰਜੀ ਸੀ, ਜਿਸ ਦੀ ਅਣਥਕ ਸੇਵਾ-ਸੰਭਾਲ ਸਦਕਾ ਪਿੰਗਲਵਾੜਾ ਸੰਸਥਾ ਦੀ ਸਿਰਜਣਾ ਹੋਈ, ਇਸ ਦੀ ਭਗਤ ਜੀ ਅੰਤਮ ਸੁਆਸਾਂ ਤਕ ਆਪਣੀ ਹੱਥੀਂ ਸੇਵਾ-ਸੰਭਾਲ ਕਰਦੇ ਰਹੇ।

ਸ਼ਰਨਾਰਥੀ ਕੈਂਪ ਖਤਮ ਹੋ ਜਾਣ 'ਤੇ ਭਗਤ ਪੂਰਨ ਸਿੰਘ ਨੇ ਰੇਲਵੇ ਸਟੇਸ਼ਨ 'ਤੇ ਕੁਝ ਸਮੇਂ ਲਈ ਨਿਵਾਸ ਕੀਤਾ ਤੇ ਫਿਰ ਕੁਝ ਸਮਾਂ ਬੋਹੜ ਦੇ ਦਰਖੱਤਾਂ ਦੀ ਛਾਂ (ਛੱਤ) ਹੇਠ ਗੁਜ਼ਾਰਿਆ। ਸਹਿਜੇ-ਸਹਿਜੇ ਭਗਤ ਪੂਰਨ ਸਿੰਘ ਦੇ ਪਰਿਵਾਰਕ ਮੈਂਬਰਾਂ ਦੀ ਗਿਣਤੀ ਵਧਦੀ ਗਈ, ਜਿਸ ਲਈ ਕਿਸੇ ਪੱਕੇ ਟਿਕਾਣੇ ਦੀ ਜ਼ਰੂਰਤ ਸੀ, ਜਿੱਥੇ ਟਿਕ ਕਿ ਇਨ੍ਹਾਂ ਲਵਾਰਸਾਂ-ਅਪਾਹਜਾਂ ਦੀ ਸੇਵਾ-ਸੰਭਾਲ ਤੇ ਇਲਾਜ ਦਾ ਪ੍ਰਬੰਧ ਹੋ ਸਕੇ। ਇਸ ਸਮੇਂ ਇਨ੍ਹਾਂ ਦਾ ਨਿਵਾਸ ਇੱਕ ਬੰਦ ਪਏ ਸਿਨੇਮੇ, ਇੰਦਰ-ਪੈਲਸ ਦੀ ਇਮਾਰਤ ਵਿੱਚ ਸੀ। ਕੁਦਰਤ ਦੇ ਰੰਗ ਦੇਖੋ, ਉਸ ਸਿਨੇਮੇ ਦੀ ਬੋਲੀ 35000 ਰੁਪਏ 'ਚ ਹੋ ਗਈ। ਭਗਤ ਜੀ ਪਾਸ, ਜਮ੍ਹਾਂ-ਪੂੰਜੀ ਤਾਂ ਕੋਈ ਹੈ ਨਹੀਂ ਸੀ, ਜਿਸ ਨਾਲ ਇਮਾਰਤ ਖਰੀਦੀ ਜਾਂਦੀ। ਸਹਿਯੋਗ ਵੱਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਮੀਟਿੰਗ ਚੱਲ ਰਹੀ ਸੀ, ਭਗਤ ਜੀ ਨੇ ਕਮੇਟੀ ਮੈਂਬਰਾਂ ਨੂੰ ਸਾਰੀ ਸਥਿਤੀ ਤੋਂ ਜਾਣੂ ਕਰਵਾਇਆ। ਸ਼੍ਰੋਮਣੀ ਕਮੇਟੀ ਨੇ ਸ੍ਰੀ ਦਰਬਾਰ ਸਾਹਿਬ ਦੇ ਖਜ਼ਾਨੇ ਵਿੱਚੋਂ ਇਹ ਮਾਇਆ ਦੇਣ ਦਾ ਬਹੁ-ਪਰਉਪਕਾਰੀ ਫ਼ੈਸਲਾ ਕਰ ਦਿੱਤਾ, ਜਿਸ ਨਾਲ ਪਿੰਗਲਵਾੜੇ ਦੀ ਵਿਸ਼ਾਲ ਇਮਾਰਤ ਦਾ ਅਰੰਭ ਹੋਇਆ।


ਪਿੰਗਲਵਾੜੇ ਪਰਿਵਾਰ ਦੇ ਮੈਂਬਰਾਂ ਦੀ ਗਿਣਤੀ ਰੋਜ਼ਾਨਾ ਵਧਦੀ ਗਈ, ਜਿਸ ਨਾਲ ਰੋਜ਼ਮਰਾ ਦੇ ਖਰਚੇ ਵੀ ਵਧਣੇ ਸੁਭਾਵਿਕ ਸਨ। ਸਿੱਖ ਸੰਗਤਾਂ ਵਿੱਚ ਇਸ ਬਹੁ-ਪਰਉਪਕਾਰੀ ਸੰਸਥਾ ਦੇ ਪ੍ਰਚਾਰ ਦੀ ਬਹੁਤ ਜਰੂਰਤ ਸੀ। ਇਸ ਕਾਰਜ ਲਈ ਭਗਤ ਪੂਰਨ ਸਿੰਘ ਜੀ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪੰਥ ਰਤਨ ਮਾਸਟਰ ਤਾਰਾ ਸਿੰਘ ਨੂੰ ਮਿਲੇ ਤਾਂ ਕਿ ਸਰਬੱਤ ਦੇ ਭਲੇ ਲਈ ਕੁਝ ਸਾਰਥਕ ਯਤਨ ਕੀਤੇ ਜਾ ਸਕਣ। ਵਿਚਾਰ ਚਰਚਾ ਤੋਂ ਬਾਅਦ ਸਾਰੇ ਵੱਡੇ ਇਤਿਹਾਸਕ ਗੁਰਦੁਆਰਿਆਂ ਵਿੱਚ ਪਿੰਗਲਵਾੜੇ ਲਈ ਦਾਨ ਪਾਤਰ (ਗੋਲਕਾਂ) ਲਗਾਏ ਗਏ। ਇਸ ਨਾਲ ਪਿੰਗਲਵਾੜੇ ਦੀ ਆਮਦਨ ਵਿੱਚ ਚੋਖਾ ਵਾਧਾ ਹੋਇਆ, ਜੋ ਨਿਰੰਤਰ ਜਾਰੀ ਹੈ। ਪਿੰਗਲਵਾੜੇ ਨੂੰ ਦੇਸ਼-ਵਿਦੇਸ਼ ਤੋਂ ਕਾਫੀ ਸਹਾਇਤਾ ਮਿਲਦੀ ਸੀ, ਪਰ ਜੂਨ 1984 'ਚ ਵਾਪਰੇ ਤੀਜੇ ਘੱਲੂਘਾਰੇ ਤੋਂ ਬਾਅਦ ਭਾਰਤ ਸਰਕਾਰ ਨੇ ਪਿੰਗਲਵਾੜੇ ਨੂੰ ਵਿਦੇਸ਼ੀ ਸ਼ਰਧਾਲੂਆਂ ਤੋਂ ਮਿਲਦੀ ਸਹਾਇਤਾ 'ਤੇ ਪਾਬੰਦੀ ਲਗਾ ਦਿੱਤੀ। ਉਦੋਂ ਕੇਂਦਰ ਦੀ ਕਾਂਗਰਸ ਸਰਕਾਰ ਨੇ ਪਿੰਗਲਵਾੜੇ ਵੱਲੋਂ ਪ੍ਰਕਾਸ਼ਿਤ ਹੁੰਦੇ ਮੈਗਜ਼ੀਨ 'ਜੀਵਨ ਲਹਿਰ' ਦੀ ਪ੍ਰਕਾਸ਼ਨਾ ਵੀ ਬੰਦ ਕਰਵਾ ਦਿੱਤੀ।

ਸੇਵਾ ਦੇ ਸਿੱਖ ਸੰਕਲਪ ਨੂੰ ਅਮਲੀ ਰੂਪ 'ਚ ਪ੍ਰਗਟ ਕਰਦਿਆਂ ਭਗਤ ਪੂਰਨ ਸਿੰਘ ਨੇ ਪਿੰਗਲਵਾੜਾ ਸੰਸਥਾ ਨੂੰ ਸਰਵ-ਹਿਤਕਾਰੀ, ਪਰਉਪਕਾਰੀ, ਸਰਬ-ਸਾਂਝੀ ਸੰਸਥਾ ਵਜੋਂ ਵਿਕਸਤ ਕੀਤਾ। ਸੇਵਾ ਬਾਰੇ ਬੋਲਣਾ-ਲਿਖਣਾ ਬਹੁਤ ਸੁਖੈਨ ਹੈ, ਪਰ ਸੇਵਾ ਕਰਨੀ ਬਹੁਤ ਬਿਖਮ ਤੇ ਕਠਿਨ ਹੈ। ਨਿਸ਼ਕਾਮ ਸੇਵਾ ਨੂੰ ਅਮਲੀ ਰੂਪ 'ਚ ਜਿਵੇਂ ਭਗਤ ਪੂਰਨ ਸਿੰਘ ਨੇ ਕੀਤਾ, ਉਹ ਸੇਵਾ ਦਾ ਸਿਖਰ ਹੈ। ਅਸੀਂ ਹਸਪਤਾਲਾਂ, ਕੋਹੜੀ ਘਰਾਂ ਤੇ ਪਿੰਗਲਵਾੜਿਆਂ 'ਚ ਪ੍ਰਵੇਸ਼ ਕਰਨ ਸਮੇਂ ਮੂੰਹ ਢਕ ਲੈਂਦੇ ਹਾਂ। ਇਨ੍ਹਾਂ ਥਾਵਾਂ ਦੀ ਹਬਕ ਨੂੰ ਸਹਾਰ ਨਹੀਂ ਸਕਦੇ, ਨਾ ਹੀ ਜਖ਼ਮੀ-ਕੁਰਲਾਉਂਦੇ ਮਰੀਜ਼ਾਂ ਦੀ ਦਰਦਮਈ ਕੁਰਲਾਹਟ ਸੁਣ ਸਕਦੇ ਹਾਂ, ਪਰ ਧੰਨ ਸਨ ਭਗਤ ਜੀ ਤੇ ਧੰਨ ਸੀ ਉਨ੍ਹਾਂ ਦਾ ਜੀਵਨ ਅਮਲ!

1989 ਵਿੱਚ ਜਦ ਮੈਨੂੰ ਸ਼੍ਰੋਮਣੀ ਕਮੇਟੀ ਵਿੱਚ ਗੁਰਮਤਿ ਪ੍ਰਕਾਸ਼ ਦੇ ਸੰਪਾਦਕ ਵਜੋ ਸੇਵਾ ਕਰਨ ਦਾ ਮੌਕਾ ਮਿਲਿਆ ਤਾਂ ਭਗਤ ਜੀ ਦੇ ਸ਼ਾਖਸ਼ਾਤ ਦਰਸ਼ਨ ਕਰਨ ਦਾ ਅਕਸਰ ਸੁਭਾਗ ਪ੍ਰਾਪਤ ਹੋ ਜਾਂਦਾ। ਉਹ ਸਾਈਕਲ ਰੇੜੀ 'ਤੇ 'ਪਿਆਰਾ ਸਿੰਘ' ਨੂੰ ਬਿਠਾ ਲੈ ਆਉਂਦੇ। ਜੋੜਾ ਘਰ ਦੇ ਸਾਹਮਣੇ ਜ਼ਮੀਨ 'ਤੇ ਢੋਹ ਲਾਈ ਬੈਠੇ ਜਾਂ ਤਾਂ ਸ਼ਰਧਾਲੂਆਂ, ਪ੍ਰੇਮੀਆਂ ਨਾਲ ਵਿਚਾਰ-ਚਰਚਾ ਕਰਦੇ ਹੁੰਦੇ ਜਾਂ ਫਿਰ ਕੁਝ ਪੜ੍ਹ-ਲਿਖ ਰਹੇ ਹੁੰਦੇ। ਉਨ੍ਹਾਂ ਦਾ ਸਧਾਰਨ ਖੱਦਰ ਦਾ ਚੋਲਾ, ਖੱਦਰ ਦੀ ਸਿਧੀ ਦਸਤਾਰ 'ਅਸਧਾਰਣ ਸਿੱਖ ਸ਼ਖਸੀਅਤ' ਦੀ ਸ਼ਾਹਦੀ ਭਰਦੀ। ਦਰਖਤਾਂ ਦੀ ਅਣਚਾਹੀ ਕਟਾਈ, ਹਵਾ-ਪਾਣੀ ਦੇ ਪਲੀਤ ਹੋਣ ਤੇ ਧਰਤੀ ਮਾਂ 'ਤੇ ਹਰ ਤਰ੍ਹਾਂ ਵਧ ਰਹੇ ਪ੍ਰਦੂਸ਼ਨ ਤੋਂ ਉਹ ਸਿੱਖ ਚਿੰਤਕ ਵਜੋ ਡਾਹਢੇ ਚਿੰਤਤ ਸਨ। ਉਨ੍ਹਾਂ ਨੇ ਸੰਸਾਰ ਵਿੱਚ ਵਿਚਰਦਿਆਂ ਬਹੁਤ ਸਧਾਰਨ, ਸਾਦ-ਮੁਰਾਦਾ ਜੀਵਨ ਜੀਵਿਆ ਪਰ ਸਮਾਜ ਸੇਵਾ ਦੇ ਖੇਤਰ ਵਿੱਚ ਅਸਧਾਰਣ ਕੀਰਤੀਮਾਨ ਸਥਾਪਤ ਕੀਤੇ। ਹਰ ਸਮੇਂ ਸਮਾਜ ਸੇਵਾ ਤੇ ਕੁਦਰਤ ਨਾਲ ਪਿਆਰ ਅਤੇ ਨਸ਼ੇ, ਨਕਲ, ਨੰਗੇਜ਼ ਤੋਂ ਬਚਣ ਲਈ ਜਾਗ੍ਰਤਿ ਕਰਦੇ, ਸਿੱਖੀ ਦੀ ਖੁਸ਼ਬੋਈ ਬਖੇਰਦੇ ਰਹੇ। ਉਹ ਉਚ ਕੋਟੀ ਦੇ ਵਿਦਵਾਨ-ਲਿਖਾਰੀ ਵੀ ਸਨ। ਅਤਿ ਸੂਖਮ ਵਿਚਾਰਾਂ ਨੂੰ ਲੋਕ-ਭਾਸ਼ਾ ਵਿੱਚ ਲਿਖ ਆਮ ਲੋਕਾਂ ਤਕ ਪਹੁੰਚਾਉਣਾ ਭਗਤ ਜੀ ਵੱਲੋਂ ਕੀਤਾ ਜਾਂਦਾ ਪਰਉਪਕਾਰ ਦਾ ਦੂਸਰਾ ਵੱਡਾ ਕਾਰਜ ਸੀ। ਪੰਜਾਬੀ, ਹਿੰਦੀ, ਅੰਗਰੇਜ਼ੀ ਆਦਿ ਭਾਸ਼ਾਵਾਂ ਵਿੱਚ ਅਣਗਿਣਤ ਟ੍ਰੈਕਟ,

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ








ਪਿੰਗਲਵਾੜਾ ਸੰਸਥਾ ਦਾ ਲੋਗੋ ਅਤੇ (ਸੱਜੇ) ਡਾ. ਇੰਦਰਜੀਤ ਕੌਰ

**ਦੁੱਖੜੇ ਬਟਵਾਰੇ ਦੇ**

# ਦੋ ਭਰਾਵਾਂ ਦੀ ਕਹਾਣੀ

**ਸਾਂਵਲ ਧਾਮੀ**
**ਫੋਨ:+91-9781843444**



***1947 ਦੇ ਦੁਖੜਿਆਂ ਦੀ ਵਾਰਤਾ ਬਹੁਤ ਲੰਮੀ ਹੈ। ਸੰਤਾ.ਲੀ 'ਚ ਕਰੋੜਾਂ ਲੋਕਾਂ ਨੇ ਹਿਜਰਤ ਕੀਤੀ। ਹਜ਼ਾਰਾਂ ਅਜਿਹੇ ਵੀ ਸਨ, ਜਿਨ੍ਹਾਂ ਨੂੰ ਆਪਣਿਆਂ ਕੋ.ਲ ਪਹੁੰਚਣ ਲਈ ਕਈ ਦਿਨ, ਮਹੀਨੇ ਤੇ ਸਾਲ ਲੱਗ ਗਏ; ਤੇ ਕੁਝ ਅਜਿਹੇ ਵੀ ਸਨ, ਜੋ ਆਪਣਾ ਜੱਦੀ ਪਿੰਡ ਛੱਡ ਨਾ ਸਕੇ। ਦੋ ਭਰਾਵਾਂ ਦੀ ਇਸ ਕਹਾਣੀ ਵਿੱਚ ਇੱਕ ਦਾ ਹਾਲ ਇਹੋ ਜਿਹਾ ਹੀ ਸੀ, ਤੇ ਉਸ ਦੇ ਇਹ ਬੋਲ ਬੜੇ ਜਜ਼ਬਾਤੀ ਤੇ ਮਿੱਟੀ ਨਾਲ ਜੁੜੇ ਹੋਣ ਦੀ ਸ਼ਾਹਦੀ ਭਰਦੇ ਹਨ, "ਮੇਰੀ ਕੀ ਭੁੱਲ ਜੇ ਚਵਿੰਡਾ ਮੇਰੇ ਕੋ.ਲੋਂ ਨਹੀਂ ਛੱਡ ਹੋਇਆ? ਉਹਦੇ ਸਿਰ ਤੋਂ 'ਬੜਾ ਕੁਝ' ਵਾਰਿਆ ਏ ਮੈਂ। ਜੰਮਣ-ਭੋਂਅ ਨਾ.ਲ ਪਿਆਰ ਦੀ ਡਾਹਢੀ ਕੀਮਤ ਤਾਰੀ ਏ ਮੈਂ।" ਖ਼ੈਰ! ਸੰਤਾਲੀ ਦੇ ਬਟਵਾਰੇ ਨਾਲ ਜੁੜੀਆਂ ਅਜਿਹੀਆਂ ਹੀ ਅਭੁੱਲ, ਅਸਹਿ-ਅਕਹਿ ਗੱਲਾਂ ਕੁਝ ਇਸ ਲਹਿਜ਼ੇ ਦੀਆਂ ਹਨ ਕਿ ਪੜ੍ਹ ਕੇ ਦਿਲ ਵਲੂੰਧਰਿਆ ਜਾਂਦਾ ਹੈ...।***

ਸਿਆਲਕੋਟ ਦੀ ਤਹਿਸੀਲ ਪਸਰੂਰ ਤੋਂ ਚਾਰ ਕੁ ਕਿਲੋਮੀਟਰ ਦੂਰ ਹੈ, ਪਿੰਡ ਚਵਿੰਡਾ। ਬਾਈ ਪੱਤੀਆਂ ਤੇ ਅੱਠ ਲੰਬੜਦਾਰਾਂ ਵਾ.ਲੇ ਇਸ ਪਿੰਡ ਨੂੰ ਚਵਿੰਡਾ ਬਾਜਵਾ ਵੀ ਕਿਹਾ ਜਾਂਦਾ ਸੀ। ਇਸ ਪਿੰਡ ਦਾ ਜ਼ੈਲਦਾਰ ਅਬਦੁੱਲ ਖਾਨ ਵੀ ਬਾਜਵਾ ਸੀ।

ਇਸ ਪਿੰਡ ਦੀ ਮਾਛੂਆੜੇ ਪੱਤੀ ਦੇ ਲਹਿਣਾ ਸਿੰਘ ਦੇ ਪੰਜ ਪੁੱਤਰ ਸਨ। ਸਭ ਨਾ.ਲੋਂ ਵੱਡਾ ਬਾਵਾ ਸਿੰਘ 'ਚੌਧਰਪੁਣੇ' ਵਿੱਚ ਰਹਿੰਦਾ ਸੀ ਤੇ ਮੁਸਲਮਾਨਾਂ ਬਾਜਵਿਆਂ ਨਾ.ਲ ਉਹਦੀਆਂ ਗੂੜ੍ਹੀਆਂ ਸਾਂਝਾਂ ਸਨ। ਛੋਟਾ ਲਾਭ ਸਿੰਘ ਸੰਨ ਉੱਨਤਾ.ਲੀ 'ਚ ਦੂਜੀ ਆਲਮੀ ਜੰਗ ਦੌਰਾਨ ਬਰਮਾ 'ਚ ਮਾਰਿਆ ਗਿਆ ਸੀ। ਉਸ ਨਾ.ਲੋਂ ਛੋਟਾ ਸੰਪੂਰਨ ਸਿੰਘ ਬਿਮਾਰ ਹੋ ਕੇ ਦੁਨੀਆਂ ਤੋਂ ਤੁਰ ਗਿਆ ਸੀ। ਚੌਥੇ ਨੰਬਰ ਵਾ.ਲਾ ਦਲੀਪ ਸਿੰਘ ਫਸਟ ਸਿੱਖ ਪਲਟਨ ਵਿੱਚ ਸੀ ਤੇ ਅਠਤਾ.ਲੀ ਦੇ ਕਬਾਇਲੀ ਹਮਲੇ ਦੌਰਾਨ ਬਾਰਾਮੂਲਾ 'ਚ ਸ਼ਹੀਦ ਹੋ ਗਿਆ ਸੀ।

ਸਭ ਨਾ.ਲੋਂ ਛੋਟਾ ਹਜ਼ੂਰਾ ਸਿੰਘ ਸੌ ਸਾਲ ਦੇ ਨੇੜੇ-ਤੇੜੇ ਹੈ ਤੇ ਜਲੰਧਰ ਦੇ ਇੱਟਾਂਬੱਧੀ ਪਿੰਡ 'ਚ ਰਹਿ ਰਿਹਾ ਏ। ਚਵਿੰਡੇ ਨੂੰ ਯਾਦ ਕਰਦਿਆਂ ਉਹ ਆਖਦਾ ਹੈ, "ਖੂਹਾਂ ਦੀ ਖੇਤੀ ਸੀ। ਬੇਰੀ ਵਾ.ਲਾ, ਮੋਟਿਆਂ ਵਾਲਾ, ਤੂਤਾਂ ਵਾ.ਲਾ ਤੇ ਅੰਬਾਂ ਵਾ.ਲਾ; ਬੜੇ ਖੂਹ ਸਨ ਓਥੇ। ਨੇੜਲੇ ਪਿੰਡ ਸਨ-ਭੀਲੋਕੀ, ਰਾਵਾਂ, ਬੁੱਟਰ, ਬੱਠੇ, ਜੱਜੇ, ਮੂੰਡੇਕੀ ਬੇਰੀਆਂ, ਚੁਬਾਰਾ, ਗਿੱਲ ਤੇ ਮੱਤੇਵਾਲ। ਫਿਲੌਰ ਥਾਣਾ ਹੁੰਦਾ ਸੀ ਸਾਡਾ। ਮੇਰੇ ਨਾਨਕੇ ਜੱਜੇ ਪਿੰਡ 'ਚ ਸਨ ਤੇ ਭੂਆ ਧਮਥਲ।

ਓਥੇ ਬਾਜ਼ਾਰ ਸੀ, ਹਸਪਤਾਲ ਵੀ ਸੀ। ਇੱਕ ਮੁਹੱਲਾ ਕਸ਼ਮੀਰੀਆਂ ਦਾ ਸੀ। ਓਥੇ ਹਾੜ੍ਹ ਮਹੀਨੇ ਛਿੰਜ ਪੈਂਦੀ। ਗੂੰਗਾ ਪਹਿਲਵਾਨ ਵੀ ਆਉਂਦਾ ਹੁੰਦਾ ਸੀ।

ਮੈਂ ਕੌਡੀ ਦਾ ਚੰਗਾ ਖਿਡਾਰੀ ਸਾਂ। ਮੁਹੰਮਦ ਦੀਨ, ਕਸ਼ਮੀਰਾ, ਅਲੀ ਮੁਹੰਮਦ, ਕੁੰਦਨ ਸਿੰਘ ਤੇ ਫ਼ਿਰੋਜ਼ ਮੇਰੇ ਨਾ.ਲ ਖੇਡਦੇ ਹੁੰਦੇ ਸਨ। ਅਸੀਂ ਠਰੋਅ, ਫਿਲੌਰ, ਬੱਢਿਆਣੇ ਤੇ ਕਾਲੂਵਾਹਰ ਦੇ ਮੇਲਿਆਂ 'ਚ ਖੇਡਣ ਜਾਂਦੇ।

ਸੰਤਾ.ਲੀ ਦੀ ਛੇ ਜੂਨ ਨੂੰ ਮੈਂ ਫੌਜ 'ਚ ਭਰਤੀ ਹੋ ਗਿਆ ਸਾਂ। ਸੰਤਾ.ਲੀ 'ਚ ਸਾਨੂੰ ਗੱਡੀਆਂ ਮਿਲ ਗਈਆਂ। ਉਸ 'ਚ ਇੱਕ ਡਾਕਟਰ, ਇੱਕ ਅਫ਼ਸਰ, ਇੱਕ ਜੇ.ਸੀ.ਓ. ਤੇ ਗਾਰਦ ਹੁੰਦੀ ਸੀ। ਅਸੀਂ ਗੁੱਜਰਾਂਵਾ.ਲਾ, ਸ਼ੇਖ਼ੂਪੁਰਾ ਤੇ ਸਿਆਲਕੋਟ ਦੇ ਪਿੰਡਾਂ 'ਚੋਂ ਰਹਿ ਗਏ ਬੰਦਿਆਂ ਨੂੰ ਕੱਢ ਕੇ ਲਿਆਉਂਦੇ ਹੁੰਦੇ ਸਾਂ।

ਬੱਢਿਆਣੇ ਪਿੰਡ ਦੇ ਲਹਿੰਦੇ ਪਾਸੇ ਬਾਗ਼ ਵਿਚਲੇ ਚੁਬਾਰੇ 'ਚੋਂ ਅਸੀਂ ਇੱਕ ਕੁੜੀ ਕੱਢ ਕੇ ਲਿਆਂਦੀ ਸੀ। ਉਹਦੀ ਲੱਤ 'ਚ ਗੋ.ਲੀ ਲੱਗੀ ਹੋਈ ਸੀ। ਉਂਝ ਸਾਨੂੰ ਬਹੁਤੇ ਬਜ਼ੁਰਗ ਹੀ ਮਿ.ਲਦੇ ਸਨ। ਮੂੰਡੇਕੀ ਬੇਰੀਆਂ 'ਚ ਇੱਕ ਬਜ਼ੁਰਗ ਜੋੜਾ ਸੀ। ਬੰਦਾ ਕਹਿਣ ਲੱਗਾ- ਅਸੀਂ ਇੱਥੇ ਜੰਮੇ ਆਂ ਤਾਂ ਇੱਥੇ ਈ ਮਰਨੈਂ। ਅਸੀਂ ਵਿਲ੍ਹਕਦਿਆਂ ਨੂੰ ਚੁੱਕ ਕੇ ਗੱਡੀ 'ਚ ਚੜ੍ਹਾਇਆ ਸੀ।

ਇੱਕ ਦਿਨ ਨਾ.ਲ ਦੇ ਫੌਜੀਆਂ ਨੇ ਮੈਨੂੰ ਦੱਸਿਆ ਕਿ ਚਵਿੰਡੇ 'ਚ ਬਹੁਤ ਕਤਲੇਆਮ ਹੋਇਆ ਏ। ਮਾਰਨ ਵਾ.ਲੇ ਆਪਣੇ ਹੀ ਪਿੰਡ ਦੇ ਕਸ਼ਮੀਰੀ ਸਨ। ਰਾਵਾਂ ਤੇ ਬੁੱਟਰਾਂ ਪਿੰਡ ਦੇ ਮੁਸਲਮਾਨਾਂ ਨੇ ਹਿੰਦੂ-ਸਿੱਖਾਂ ਦੀ ਬਹੁਤ ਮਦਦ ਕੀਤੀ ਸੀ। ਮੈਨੂੰ ਬਾਵਾ ਸਿੰਘ ਦਾ ਫ਼ਿਕਰ ਲੱਗ ਗਿਆ। ਉਹ ਵਿਆਹਿਆ-ਵਰ੍ਹਿਆ ਸੀ। ਚਾਰ ਪੁੱਤਰ ਸਨ ਉਹਦੇ- ਬਲਕਾਰ ਸਿੰਘ, ਪ੍ਰੀਤਮ ਸਿੰਘ, ਅਮਰੀਕ ਸਿੰਘ ਤੇ ਛੋਟੇ ਦਾ ਨਾਂ ਮੈਨੂੰ ਹੁਣ ਯਾਦ ਨਹੀਂ।



**1947-48 ਵਿੱਚ ਅੰਮ੍ਰਿਤਸਰ ਦੇ ਇੱਕ ਰਾਹਤ ਕੈਂਪ ਵਿੱਚ ਸਿੱਖ ਸ਼ਰਨਾਰਥੀ। ਵੰਡ ਕਾਰਨ ਵੱਡੀ ਗਿਣਤੀ ਲੋਕ ਉਜਾੜ ਦਿੱਤੇ ਗਏ ਸਨ।**

ਮੈਂ ਗੱਡੀ ਲੈ ਕੇ ਪਿੰਡ ਗਿਆ। ਉਹ ਸਾਨੂੰ ਬਾਹਰ ਹੀ ਮਿਲ ਗਿਆ। ਓਥੇ ਕਾਫ਼ੀ ਲੋਕ ਇਕੱਠੇ ਹੋ ਗਏ। ਮੇਰੇ ਦੋਸਤ ਫ਼ਿਰੋਜ਼ ਨੇ ਵੀ ਉਸਨੂੰ ਕਿਹਾ ਸੀ ਕਿ ਤੂੰ ਚਲਾ ਜਾਹ। ਮੈਂ ਬਾਹੋਂ ਫੜ ਕੇ ਉਸਨੂੰ ਟਰੱਕ ਵੱਲ ਤੋਰਿਆ ਵੀ। ਉਹਨੇ ਨਾਂਹ ਕਰ ਦਿੱਤੀ। ਜੇ ਨਾ.ਲ ਮੁਸਲਮਾਨ ਅਫ਼ਸਰ ਤੇ ਗਾਰਦ ਨਾ ਹੁੰਦੀ ਤਾਂ ਮੈਂ ਉਹਨੂੰ ਗੋ.ਲੀ ਮਾਰ ਦੇਣੀ ਸੀ!

ਸਾਡੀ ਮਾਂ ਤਾਂ ਸਾਡੀ ਬਹੁਤ ਪਹਿਲਾਂ ਦੀ ਮਰ ਗਈ ਸੀ। 'ਕੱਲਾ-ਕਾਰਾ ਬਾਪ ਪਤਾ ਨਹੀਂ ਕਿਵੇਂ ਰੁ.ਲ-ਖੁ.ਲ ਕੇ ਇੱਧਰ ਆਇਆ! ਗੁਰਦਾਸਪੁਰ ਤੋਂ ਲਹਿੰਦੇ ਵੱਲ, ਹਯਾਤ ਨਗਰ ਪਿੰਡ 'ਚ ਇੱਕ ਕੋਠਾ ਮਿਲ ਗਿਆ ਸੀ ਉਹਨੂੰ। ਕੁਝ ਦਿਨਾਂ ਬਾਅਦ ਉਹ ਆਪਣੀ ਧੀ ਕੋ.ਲ ਕਾਦੀਆਂ ਚਲਾ ਗਿਆ ਸੀ। ਮੈਂ ਇਕੱਲਾ ਰਹਿ ਗਿਆ। ਬੜੇ ਮਾੜੇ ਦਿਨ ਕੱਟੇ ਮੈਂ। ਜਦੋਂ ਛੁੱਟੀ ਆਉਂਦਾ ਤਾਂ ਪੰਜ-ਛੇ ਕਿਲੋਮੀਟਰ ਤੁਰ ਕੇ, ਗੁਰਦਾਸਪੁਰ ਦੇ ਕਿਸੇ ਢਾਬੇ ਤੋਂ ਰੋਟੀ ਖਾਣ ਜਾਂਦਾ ਹੁੰਦਾ ਸਾਂ। ਸਾਰੀ ਵਾਟ ਘਰ ਦੀਆਂ ਰੌਣਕਾਂ ਨੂੰ ਯਾਦ ਕਰਦੇ ਜਾਣਾ।

ਇੱਕ ਵਾਰ ਮੇਰੇ ਮਾਮੇ ਦਾ ਪੁੱਤ ਮੈਨੂੰ ਮਿਲਣ ਗਿਆ ਤਾਂ ਉਹ ਮੈਨੂੰ ਇੱਥੇ ਲੈ ਆਇਆ। ਇੱਥੇ ਮੈਂ ਜ਼ਮੀਨ ਵੀ ਖਰੀਦ ਲਈ। ਚਵਿੰਡੇ ਵਾ.ਲਾ ਰਕਬਾ ਤਾਂ ਸਾਨੂੰ ਮਿਲਣਾ ਨਹੀਂ ਸੀ। ਉਹ ਓਧਰ ਬਾਵਾ ਸਿੰਘ ਦੇ ਨਾਂ ਚੜ੍ਹ ਗਿਆ ਸੀ। ਦਰਅਸਲ ਬਾਵਾ ਸਿੰਘ ਸਾਡੇ ਨਾ.ਲ ਪਿਆਰ ਨਹੀਂ ਸੀ ਕਰਦਾ!" ਹਜ਼ੂਰਾ ਸਿੰਘ ਨਿਰਾਸ਼ਾ 'ਚ ਸਿਰ ਮਾਰਦਿਆਂ ਚੁੱਪ ਹੋ ਗਿਆ ਸੀ।

"ਮੁੜ ਕਦੇ ਨਹੀਂ ਮਿਲਿਆ ਉਹ ਤੁਹਾਨੂੰ?" ਮੈਂ ਸਵਾਲ ਕੀਤਾ।

"ਸੰਨ ਬਵੰਜਾ 'ਚ ਹਯਾਤ ਨਗਰ ਆਇਆ ਸੀ ਉਹ। ਗੁਰਚਰਨ ਸਿੰਘ ਸਰਪੰਚ ਨਾ.ਲ ਪਿਆਰ ਸੀ ਉਹਦਾ। ਸਰਪੰਚ ਨੇ ਮੈਨੂੰ ਸੱਦਣ ਲਈ ਇੱਥੇ ਬੰਦਾ ਭੇਜਿਆ। ਮੈਂ ਨਾਂਹ ਕਰ ਦਿੱਤੀ। ਗੁੱਸਾ ਇਹ ਸੀ ਕਿ ਜੇ ਉਹ ਓਥੇ ਆ ਗਿਆ ਤਾਂ ਇੱਥੇ ਕਿਉਂ ਨਹੀਂ ਆ ਸਕਦਾ!

ਸਾਰੀ ਰਾਤ ਸੋਚਾਂ 'ਚ ਗੁਜ਼ਰ ਗਈ। ਅਗਲੀ ਸਵੇਰ ਮੈਂ ਮਨ ਮਾਰ ਕੇ ਤੁਰ ਪਿਆ। ਕੋਈ ਇੱਕ ਵਜੇ ਪਹੁੰਚਿਆ ਹੋਵਾਂਗਾ ਓਥੇ। ਉਹ ਤਾਂ ਪਛਾਣਿਆ ਨਹੀਂ ਸੀ ਜਾ ਰਿਹਾ। ਮੁਸਲਮਾਨ ਹੋ ਗਿਆ ਸੀ। ਉਂਝ ਜੱਫੀ ਪਾ ਕੇ ਮਿਲਿਆ ਸੀ। ਭੁੱਬਾਂ ਮਾਰ ਕੇ ਰੋਇਆ ਵੀ। ਦਿਲ ਤਾਂ ਮੇਰਾ ਵੀ ਡੋਲਦਾ ਸੀ, ਪਰ ਮੈਂ ਉਹਦੇ ਮੂਹਰੇ ਇੱਕ ਵੀ ਹੰਝੂ ਨਹੀਂ ਸੀ ਡੁੱਲਣ ਦਿੱਤਾ।

ਅਸੀਂ ਦੋ ਕੁ ਘੰਟੇ ਗੱਲਾਂ ਕਰਦੇ ਰਹੇ। ਉਹ ਗੱਲ-ਗੱਲ 'ਤੇ ਵਿਲ੍ਹਕਣ ਲੱਗ ਜਾਂਦਾ ਸੀ।

ਮੈਂ ਵਾਪਸ ਆਉਣ ਲਈ ਤਿਆਰੀ ਕੀਤੀ ਤਾਂ ਉਹ ਤਰਲੇ ਜਿਹੇ ਕਰਨ ਲੱਗਾ ਪਿਆ- ਹਜ਼ੂਰਾ ਸਿਆਂ, ਮੈਨੂੰ ਪਤਾ ਤੂੰ ਮੈਨੂੰ ਨਫ਼ਰਤ ਕਰਦੈ। ਮੇਰੀ ਕੀ ਭੁੱਲ ਜੇ ਚਵਿੰਡਾ ਮੇਰੇ ਕੋ.ਲੋਂ ਨਹੀਂ ਛੱਡ ਹੋਇਆ? ਉਹਦੇ ਸਿਰ ਤੋਂ 'ਬੜਾ ਕੁਝ' ਵਾਰਿਆ ਏ ਮੈਂ। ਜੰਮਣ-ਭੋਂਅ ਨਾ.ਲ ਪਿਆਰ ਦੀ ਡਾਹਢੀ ਕੀਮਤ ਤਾਰੀ ਏ ਮੈਂ। ਬਿਨਾ ਸ਼ੱਕ ਬਹੁਤ ਭੁੱਲਾਂ ਕੀਤੀਆਂ ਨੇ ਮੈਂ। ਮੈਂ ਤੇਰੇ ਕੋ.ਲੋਂ ਮਾਫ਼ੀ ਮੰਗਣ ਲਈ ਹੀ ਇੱਧਰ ਆਇਆਂ। ਮੈਨੂੰ ਮਾਫ਼ ਕਰਦੇ। ਮੇਰੇ ਦਿਲ 'ਚ ਬਹੁਤ ਗੱਲਾਂ ਨੇ ਭਰਾਵਾਂ। ਉਹ ਗੱਲਾਂ ਜੋ ਮੈਂ ਦੁਨੀਆਂ 'ਚੋਂ ਸਿਰਫ਼ ਮਾਂ-ਜਾਏ ਭਰਾ ਨਾ.ਲ ਹੀ ਕਰ ਸਕਦਾਂ। ਰੱਬ ਦਾ ਵਾਸਤਾ, ਅੱਜ ਦੀ ਰਾਤ ਮੇਰੇ ਕੋ.ਲ ਰਹਿ ਲੈ। ਅਸੀਂ ਰੱਜ ਕੇ ਗੱਲਾਂ ਕਰਾਂਗੇ। ਮੇਰਾ ਮਨ ਹੌ.ਲਾ ਹੋ ਜਾਊ।

ਇੱਕ ਵਾਰ ਤਾਂ ਦਿਲ 'ਚੋਂ ਉਬਾਲ ਜਿਹਾ ਉੱਠਿਆ ਕਿ ਉਸਨੂੰ ਮਾਫ਼ ਕਰ ਦੇਵਾਂ, ਪਰ ਮੈਨੂੰ ਉਹ ਦਿਨ ਯਾਦ ਆ ਗਿਆ। ਛਾਉਣੀ 'ਚ ਅਰਜ਼ ਕਰਕੇ ਮੈਂ ਗੱਡੀ ਮੰਜ਼ੂਰ ਕਰਵਾਈ ਸੀ। ਨਾ.ਲ ਪੰਜ-ਛੇ ਬੰਦੇ ਗਾਰਦ ਵਾ.ਲੇ ਵੀ ਗਏ ਸਨ, ਰਫ਼.ਲਾਂ ਲੈ ਕੇ। ਭਰੇ ਹਜ਼ੂਮ 'ਚ ਇਹਨੇ ਨਾਂਹ ਕਰ ਦਿੱਤੀ ਸੀ ਕਿ ਮੈਂ ਨਹੀਂ ਜਾਣਾ। ਕਿੱਡੀ ਮਾੜੀ ਗੱਲ ਸੀ। ਜੇ ਇਹਦਾ ਸਾਡੇ ਨਾ.ਲ ਪਿਆਰ ਹੁੰਦਾ ਤਾਂ ਸਾਡੇ ਨਾ.ਲ ਤੁਰ ਨਾ ਪੈਂਦਾ!

ਮੈਂ ਆਖ਼ਿਆ- ਜੇ ਭਰਾ ਦਾ ਏਡਾ ਈ ਹੇਜ ਏ ਤਾਂ ਤੂੰ ਨਾ ਜਾਹ ਪਾਕਿਸਤਾਨ, ਇੱਥੇ ਰਹਿ ਲੈ ਮੇਰੇ ਕੋ.ਲ। ਮੇਰੀ ਗੱਲ ਸੁਣ ਕੇ ਉਹ ਚੁੱਪ ਹੋ ਗਿਆ ਸੀ। ਮੈਂ ਤੁਰ ਆਇਆਂ ਸਾਂ। ਹੁਣ ਤਾਂ ਬੜੇ ਵਰ੍ਹੇ ਹੋ ਗਏ ਨੇ, ਉਹ ਦੁਨੀਆਂ ਤੋਂ ਤੁਰ ਗਿਆ ਏ...! ਗੱਲ ਮੁਕਾਉਂਦਿਆਂ ਹਜ਼ੂਰਾ ਸਿੰਘ ਦਾ ਚਿਹਰਾ ਗੁੱਸੇ 'ਚ ਕੰਬਣ ਲੱਗ ਪਿਆ ਸੀ।

"ਭਤੀਜਿਆਂ ਦਾ ਤਾ ਕੋਈ ਕਸੂਰ ਨਹੀਂ। ਉਨ੍ਹਾਂ ਨੂੰ ਮਿਲਣ ਲਈ ਵੀ ਦਿਲ ਨਹੀਂ ਕੀਤਾ ਕਦੇ?"

ਇਹ ਸਵਾਲ ਸੁਣ ਕੇ ਉਹ ਥੋੜ੍ਹਾ ਨਰਮ ਪੈ ਗਿਆ ਸੀ।

"ਉਹ ਲਹੂ ਨੇ ਸਾਡਾ। ਮਿਲਣ ਨੂੰ ਬਹੁਤ ਦਿਲ ਕਰਦਾ, ਪਰ ਮਿਲਿਆ ਨਹੀਂ ਜਾਂਦਾ। ਉਹ ਆ ਸਕਦੇ ਨੇ ਤਾਂ ਆ ਜਾਣ। ਨਿੱਕਿਆਂ-ਨਿੱਕਿਆਂ ਨੂੰ ਬੜਾ ਖਿਡਾਇਆ ਹੋਇਆ ਹੈ ਮੈਂ!" ਉਹ ਉਦਾਸ ਹੋ ਗਿਆ ਸੀ।

ਮੈਂ ਤੁਰਨ ਲਈ ਉੱਠਿਆ ਤਾਂ ਉਹ ਬੋਲਿਆ ਸੀ, "ਸੁਣਿਆ ਹੁਣ ਓਧਰ ਜਾਣਾ ਸੌਖਾ ਹੋ ਗਿਆ ਏ। ਮੈਂ ਸੋਚਦਾਂ ਕਿ ਨਾ.ਲੇ ਤਾਂ ਭਤੀਜਿਆਂ ਨੂੰ ਮਿਲ ਆਵਾਂ ਤੇ ਨਾ.ਲੇ...।" ਉਹ ਪਲ ਕੁ ਲਈ ਚੁੱਪ ਹੋ ਗਿਆ ਸੀ।

"...ਉਹਦੀ ਕਬਰ ਕੋ.ਲੋਂ ਮਾਫ਼ੀ ਮੰਗ ਆਵਾਂ।"

"ਤੁਸੀਂ ਕੀ ਗੁਨਾਹ ਕੀਤਾ?" ਮੈਂ ਹੈਰਾਨ ਹੁੰਦਿਆਂ ਸਵਾਲ ਕੀਤਾ ਸੀ।

"ਅੱਜ ਸੋਚਦਾਂ ਕਿ ਜੇ ਬਾਵਾ ਸਿੰਘ ਨੇ ਪਿੰਡ ਨਹੀਂ ਛੱਡਿਆ ਤਾਂ ਏਡਾ ਵੀ ਕੀ ਗੁਨਾਹ ਕਰ ਦਿੱਤਾ ਸੀ ਉਹਨੇ? ਕੋਈ ਵੀ ਨਹੀਂ ਸੀ ਛੱਡਣਾ ਚਾਹੁੰਦਾ। ਮੈਂ ਕਿਹੜਾ ਛੱਡਣਾ ਚਾਹੁੰਦਾ ਸਾਂ। ਉਹਦੇ ਨਾਂ ਜੱਦੀ ਜ਼ਮੀਨ ਚੜ੍ਹ ਗਈ ਤਾਂ ਕੀ ਜੱਗੋਂ ਬਾਰ੍ਹਵੀਂ ਹੋ ਗਈ ਸੀ? ਉਹਦਾ ਵੀਜ਼ਾ ਸਿਰਫ਼ ਗੁਰਦਾਸਪੁਰ ਦਾ ਸੀ, ਫਿਰ ਉਹ ਇੱਥੇ ਕਿਵੇਂ ਆ ਸਕਦਾ ਸੀ? ਮੈਂ ਉਹਨੂੰ ਇੱਥੇ ਰਹਿਣ ਲਈ ਆਖ਼ਿਆ। ਇਹ ਗੱਲ ਵੀ ਉਹ ਕਿਵੇਂ ਮੰਨ ਲੈਂਦਾ? ਉਹਦਾ ਸਾਰਾ ਪਰਿਵਾਰ ਤਾਂ ਓਧਰ ਸੀ। ਮੈਂ ਹਰ ਥਾਂ ਬੇਮਤਲਬ 'ਪੱਥਰ' ਜਿਹਾ ਬਣਿਆ ਰਿਹਾ! ਉਹ ਵਿਚਾਰਾ ਤਰਲੇ ਲੈਂਦਾ ਰਿਹਾ ਤੇ ਮੈਂ ਉਹਨੂੰ ਮਾਫ਼ ਵੀ ਨਾ ਕਰ ਸਕਿਆ। ਇਨ੍ਹਾਂ ਗੱਲਾਂ ਦੀ ਮਾਫ਼ੀ ਮੰਗਣੀ ਏਂ ਉਹਦੀ ਕਬਰ ਕੋ.ਲੋਂ। ਪਤਾ ਨਹੀਂ ਮੌਤ ਤੱਕ ਕਿੰਨਾ ਤੜਫ਼ਿਆ ਹੋਵੇਗਾ ਉਹ!" ਇਹ ਆਖ ਹਜ਼ੂਰਾ ਸਿੰਘ ਭੁੱਬਾਂ ਮਾਰ ਕੇ ਰੋਣ ਲੱਗ ਪਿਆ ਸੀ।

# ਸੇਵਾ-ਸੂਰਮਗਤੀ ਦਾ ਸਿਖ਼ਰ: ਭਗਤ ਪੂਰਨ ਸਿੰਘ

ਸੰਦੇਸ਼, ਪੁਸਤਕਾਂ ਪ੍ਰਕਾਸ਼ਤ ਕਰਨਾ ਕੋਈ ਅਸਾਨ ਕੰਮ ਨਹੀਂ। ਇਨ੍ਹਾਂ ਲਿਖਤਾਂ ਦਾ ਮੁੱਖ ਵਿਸ਼ਾ ਗੁਰਮੁਖ ਜੀਵਨ, ਗੁਰਬਾਣੀ ਦੇ ਰਹੱਸਮਈ ਭੇਦ ਦੱਸਣਾ ਅਤੇ ਐਟਮੀ ਵਿਨਾਸ਼, ਪ੍ਰਦੂਸ਼ਣ ਦੀ ਨਾਮੁਰਾਦ ਬਿਮਾਰੀ, ਕੁਦਰਤ ਨਾਲ ਖਿਲਵਾੜ, ਸਿਗਰਟਨੋਸ਼ੀ ਦੇ ਬੁਰੇ ਪ੍ਰਭਾਵਾਂ ਆਦਿ ਤੋਂ ਲੋਕਾਂ ਨੂੰ ਜਾਗ੍ਰਿਤ ਕਰਨਾ ਸੀ/ਹੈ।

ਭਗਤ ਪੂਰਨ ਸਿੰਘ ਦੇ ਸੇਵਾ-ਕਾਰਜਾਂ ਨੂੰ ਤੱਕ ਭਾਰਤ ਸਰਕਾਰ ਵੱਲੋਂ ਉਨ੍ਹਾਂ ਨੂੰ 'ਪਦਮ ਸ੍ਰੀ' ਨਾਲ ਸਨਮਾਨਿਤ ਕੀਤਾ ਗਿਆ, ਪਰ ਪਦਮ ਸ੍ਰੀ ਸਨਮਾਨ ਵਾਪਸ ਕਰਨ ਬਾਰੇ ਭਗਤ ਜੀ ਦੇ ਸ਼ਬਦ ਬਹੁਤ ਭਾਵਪੂਰਤ ਸਨ, "ਮੈਂ ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਆਕਰਮਣ ਹੋਣ ਅਤੇ ਬੇਕਸੂਰ ਲੋਕਾਂ ਦੇ ਮਾਰੇ ਜਾਣ ਦੇ ਰੋਸ ਵਜੋਂ ਇਹ ਉਪਾਧੀ ਵਾਪਸ ਕੀਤੀ ਹੈ। ਮੈਨੂੰ ਸਿੱਖ ਸੰਗਤਾਂ ਵਲੋਂ ਮਿਲਿਆ ਪਿਆਰ-ਸਤਿਕਾਰ ਇਨ੍ਹਾਂ ਉਪਾਧੀਆਂ ਤੋਂ ਉਪਰ ਹੈ। ਸੰਸਾਰ ਦੀਆਂ ਉਪਾਧੀਆਂ ਸਤਿਗੁਰੂ ਦੀ ਮਿਹਰ ਦਾ ਟਾਕਰਾ ਨਹੀਂ ਕਰ ਸਕਦੀਆਂ।"

ਭਗਤ ਜੀ 'ਗੁਰੂ ਗ੍ਰੰਥ, ਗੁਰੂ ਪੰਥ' ਨੂੰ ਸਮਰਪਿਤ ਸਿਰਮੌਰ, ਸਚਿਆਰ ਸਿੱਖ ਸ਼ਖਸ਼ੀਅਤ ਸਨ, ਜੋ ਸੇਵਾ-ਸਿਮਰਨ ਕਰਦਿਆਂ ਸਫਲ ਸਿੱਖ ਸੇਵਕ, ਸਰੋਤੇ, ਵਿਦਵਾਨ ਲੇਖਕ-ਬੁਲਾਰੇ ਵਜੋਂ ਅਨੇਕਾਂ ਦਾ ਪਾਰਉਤਾਰਾ ਕਰ ਗਏ। ਅਜਿਹੀ ਬਿਖਮ-ਕਾਰ ਕਰਨ ਵਾਲੇ ਵਿਰਲੇ ਹੀ ਹੁੰਦੇ ਹਨ, ਜਿਨ੍ਹਾਂ ਵਿੱਚ ਸਾਰੇ ਗੁਣ ਵਿਦਮਾਨ ਹੁੰਦੇ ਹਨ। ਬਹੁਤ ਸਾਰੀਆਂ ਲੋਕ ਪ੍ਰਤਿਨਿਧ ਸੰਸਥਾਵਾਂ ਵੱਲੋਂ ਸਮੇਂ-ਸਮੇਂ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ, ਜਿਨ੍ਹਾਂ ਦੇ ਉਹ ਪੂਰਨ ਰੂਪ ਵਿੱਚ ਹੱਕਦਾਰ ਸਨ।

ਮੇਹਦੇ ਵਿੱਚ ਖਰਾਬੀ ਹੋਣ ਕਾਰਨ 20 ਜੂਨ 1992 ਨੂੰ ਭਗਤ ਜੀ ਨੂੰ ਹਿਚਕੀ ਆਉਣੀ ਸ਼ੁਰੂ ਹੋ ਗਈ, ਜੋ ਨਿਰੰਤਰ ਜਾਰੀ ਰਹੀ। ਇਸ ਦਾ ਕਾਰਨ ਸਰੀਰਕ ਪ੍ਰਣਾਲੀ ਦੀ ਕੋਈ ਗੜਬੜ-ਤਖਲੀਫ ਸੀ। ਡਾਕਟਰਾਂ ਵੱਲੋਂ ਇਨ੍ਹਾਂ ਦੇ ਪੇਟ ਦਾ ਸਫਲ ਅਪਰੇਸ਼ਨ ਕੀਤਾ ਗਿਆ। ਅਚਾਨਕ ਕੁਝ ਦਿਨ੍ਹਾਂ ਬਾਅਦ ਜ਼ਖਮਾਂ 'ਚੋਂ ਖੂਨ ਰਿਸਣਾ ਸ਼ੁਰੂ ਹੋ ਗਿਆ। ਪੀ.ਜੀ.ਆਈ. ਚੰਡੀਗੜ੍ਹ ਦੇ ਡਾਕਟਰਾਂ ਨੇ ਅੰਮ੍ਰਿਤਸਰ ਹਸਪਤਾਲ ਪਹੁੰਚ ਭਗਤ ਜੀ ਦੀ ਸਿਹਤ ਦਾ ਨਿਰੀਖਣ ਕੀਤਾ ਤੇ ਪੀ.ਜੀ.ਆਈ. ਲਿਜਾਣ ਦੀ ਸਿਫਾਰਸ਼ ਕੀਤੀ। ਉਨ੍ਹਾਂ ਨੂੰ ਹਵਾਈ-ਐਂਬੂਲੈਂਸ ਰਾਹੀਂ ਚੰਡੀਗੜ੍ਹ ਲਿਜਾਇਆ ਗਿਆ, ਜਿੱਥੇ ਪੇਟ ਦਾ ਦੋਬਾਰਾ ਅਪਰੇਸ਼ਨ ਕੀਤਾ ਗਿਆ। ਫੇਫੜੇ ਤੇ ਗਲੇ ਦੀ ਖਰਾਬੀ ਕਾਰਨ ਸਾਹ ਲੈਣ ਵਿੱਚ ਬਹੁਤ ਦਿਕਤ ਸ਼ੁਰੂ ਹੋ ਗਈ। ਤਖਲੀਫ ਵਧਣ ਕਾਰਨ ਇਨ੍ਹਾਂ ਨੂੰ ਆਰਜ਼ੀ-ਸਾਹ ਪ੍ਰਣਾਲੀ 'ਤੇ ਰੱਖਣਾ ਪਿਆ, ਜੋ ਕਾਰਗਰ ਨਾ ਹੋ ਸਕੀ। ਭਗਤ ਜੀ 5 ਅਗਸਤ 1992 ਨੂੰ ਸਦੀਵੀ ਫਤਹਿ ਬੁਲਾ ਗਏ। ਭਗਤ ਪੂਰਨ ਸਿੰਘ ਜੀ ਨੇ ਨਾਸ਼ਮਾਨ ਸੰਸਾਰ 'ਤੇ ਸਰੀਰਿਕ ਰੂਪ ਵਿੱਚ ਵਿਚਰਦਿਆਂ ਜ਼ਿੰਦਗੀ ਭਰ ਸਮਾਜਿਕ, ਸਰੀਰਿਕ ਸਮੱਸਿਆਵਾਂ ਨਾਲ ਨਿਰੰਤਰ ਸੰਘਰਸ਼ ਕਰ, ਸੇਵਾ-ਸਿਮਰਨ ਕਰਦਿਆਂ ਜੀਵਨ ਸਫਲਾ ਕੀਤਾ। ਉਨ੍ਹਾਂ ਵੱਲੋਂ ਕੀਤੇ ਜਾਂਦੇ ਲੋਕ-ਕਲਿਆਣਕਾਰੀ ਕਾਰਜਾਂ ਨੂੰ ਸਭ ਨੇ ਸਮਰਥਨ ਦਿੱਤਾ, ਸਲਾਹਿਆ, ਸਵੀਕਾਰਿਆ ਤੇ ਸਨਮਾਨਿਆ। ਇਸ ਵੇਲੇ ਪਿੰਗਲਵਾੜੇ ਵਿੱਚ ਪਾਗਲ ਮਰਦ, ਇਸਤਰੀਆਂ, ਬੱਚਿਆਂ ਤੋਂ ਇਲਾਵਾ ਬੇਸਹਾਰਾ ਅਪਾਹਜ ਬੱਚਿਆਂ ਦੀ ਗਿਣਤੀ ਸੈਂਕੜਿਆਂ ਵਿੱਚ ਹੈ, ਜਿਨ੍ਹਾਂ ਦੇ ਖਾਣ-ਪੀਣ, ਰਹਿਣ-ਸਹਿਣ ਤੇ ਦਵਾ-ਦਾਰੂ ਦੀ ਲੋੜ ਹੈ। ਇਸ ਸੰਸਥਾ ਦਾ ਇਸ ਸਮੇਂ ਖਰਚ ਰੋਜ਼ਾਨਾ ਲੱਖਾਂ ਵਿੱਚ ਹੈ। ਸਰਕਾਰ ਵੱਲੋਂ ਲੋਕ ਕਲਿਆਣ ਹਿੱਤ ਚੱਲ ਰਹੀ ਇਸ ਸੰਸਥਾ ਨੂੰ ਨਾ-ਮਾਤਰ ਦੀ ਸਹਾਇਤਾ ਮਿਲਦੀ ਹੈ। ਉਹ ਵੀ ਪਤਾ ਨਹੀਂ ਕਿਸ ਸਮੇਂ ਬੰਦ ਹੋ ਜਾਵੇ!

14 ਅਗਸਤ 1992 ਨੂੰ ਗੁਰਦੁਆਰਾ ਮੰਜੀ ਸਾਹਿਬ, ਦੀਵਾਨ ਹਾਲ ਸ੍ਰੀ ਅੰਮ੍ਰਿਤਸਰ ਵਿਖੇ ਅਰਦਾਸ ਤੇ ਸ਼ਰਧਾਜ਼ਲੀ ਸਮਾਗਮ ਹੋਇਆ। ਸੰਗਤਾਂ ਦੇ ਵਿਸ਼ਾਲ ਇਕੱਠ ਵਿੱਚ ਸ਼੍ਰੋਮਣੀ ਕਮੇਟੀ ਦੇ ਤਤਕਾਲੀ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਵੱਲੋਂ ਤਿੰਨ ਐਲਾਨ ਕੀਤੇ ਗਏ, ਜੋ ਪ੍ਰਸ਼ੰਸਾਯੋਗ ਹਨ। ਪਹਿਲਾ ਕਿ ਇਸ ਸੰਸਥਾ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸਾਲਾਨਾ ਸਹਾਇਤਾ ਜੋ ਪਹਿਲਾਂ ਸਵਾ ਲੱਖ ਸੀ, ਤਿੰਨ ਲੱਖ ਕੀਤੀ ਜਾਂਦੀ ਹੈ। ਦੂਸਰਾ, ਭਗਤ ਪੂਰਨ ਸਿੰਘ ਜੀ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਲਾਉਣੀ ਅਤੇ ਤੀਸਰਾ, ਭਗਤ ਪੂਰਨ ਸਿੰਘ ਦੇ ਨਾਮ 'ਤੇ ਪੰਜ ਲੱਖ ਰੁਪਏ ਦਾ 'ਸ਼੍ਰੋਮਣੀ ਸੇਵਾ ਸਨਮਾਨ' ਸ਼ੁਰੂ ਕੀਤਾ ਜਾਵੇਗਾ। ਪਹਿਲਾ 'ਭਗਤ ਪੂਰਨ ਸਿੰਘ ਸ਼੍ਰੋਮਣੀ ਸੇਵਾ ਅਵਾਰਡ' ਡਾ. ਬੀਬੀ ਇੰਦਰਜੀਤ ਕੌਰ ਨੂੰ ਦਿੱਤਾ ਗਿਆ। ਬੀਬੀ ਇੰਦਰਜੀਤ ਕੌਰ ਸੰਸਥਾ ਦੀ ਦੇਖ-ਰੇਖ ਤੇ ਸੰਭਾਲ ਕਰ ਰਹੇ ਹਨ। ਉਹ 1969 ਵਿੱਚ ਇਸ ਸੰਸਥਾ ਨਾਲ ਜੁੜ ਗਏ ਸਨ। 1985 ਵਿੱਚ ਇਨ੍ਹਾਂ ਨੂੰ ਭਗਤ ਪੂਰਨ ਸਿੰਘ ਪਿੰਗਲਵਾੜਾ ਸੁਸਾਇਟੀ ਦੇ ਟਰੱਸਟੀ ਨਾਮਜ਼ਦ ਕੀਤਾ ਗਿਆ। 1986 ਵਿੱਚ ਹੀ ਭਗਤ ਜੀ ਨੇ ਵਸੀਹਤ ਕਰ ਦਿੱਤੀ, 'ਉਨ੍ਹਾਂ ਦੀ ਮੌਤ ਉਪਰੰਤ ਡਾ. ਇੰਦਰਜੀਤ ਕੌਰ ਜੀਵਨ ਭਰ ਲਈ ਪਿੰਗਲਵਾੜਾ ਸੁਸਾਇਟੀ ਦੇ ਪ੍ਰਧਾਨ ਹੋਣਗੇ।'

ਭਗਤ ਪੂਰਨ ਸਿੰਘ ਪਿੰਗਲਵਾੜਾ ਸ੍ਰੀ ਅੰਮ੍ਰਿਤਸਰ ਸੰਸਥਾ ਦੀਆਂ ਇਸ ਸਮੇਂ ਸੱਤ ਬ੍ਰਾਚਾਂ ਹਨ, ਜਿਨ੍ਹਾਂ ਵਿੱਚ ਮਾਨਸਿਕ, ਅਧਰੰਗ, ਮੰਧਬੁੱਧੀ, ਟੀ.ਬੀ., ਨੇਤਰਹੀਨ, ਗੂਗੇ-ਬੋਲੇ, ਲੂਲ੍ਹੇ-ਲੰਗੜੇ, ਸ਼ੂਗਰ, ਏਡਜ਼, ਮਿਰਗੀ, ਕੈਂਸਰ ਆਦਿ ਨਾਮੁਰਾਦ ਬਿਮਾਰੀਆਂ ਨਾਲ ਪੀੜਤ ਬੱਚੇ, ਬਜ਼ੁਰਗ, ਮਰਦ-ਔਰਤਾਂ ਲਗਭਗ 1756 ਮਰੀਜ਼ਾਂ ਦੀ ਸੇਵਾ-ਸੰਭਾਲ ਹੋ ਰਹੀ ਹੈ। ਇਸ ਸੰਸਥਾ ਦਾ ਹੁਣ ਰੋਜ਼ਾਨਾ ਖਰਚ ਸਾਢੇ ਸੱਤ ਲੱਖ ਰੁਪਏ ਦੇ ਕਰੀਬ ਹੈ। ਇਸ ਸੰਸਥਾ ਦਾ 2021-2022 ਦਾ ਸਾਲਾਨਾ ਬਜਟ 43 ਕਰੋੜ ਦੇ ਕਰੀਬ ਸੀ, ਜੋ ਭਗਤ ਪੂਰਨ ਸਿੰਘ ਪਿੰਗਲਵਾੜਾ ਸੁਸਾਇਟੀ ਦੇ ਵਿਸ਼ਾਲ ਤੇ ਵਿਗਾਸ ਸਰੂਪ ਨੂੰ ਰੂਪਮਾਨ ਕਰਦਾ ਹੈ। ਭਗਤ ਪੂਰਨ ਸਿੰਘ ਭਾਵੇਂ ਸਰੀਰਿਕ ਰੂਪ ਵਿੱਚ ਇਸ ਸੰਸਾਰ ਵਿੱਚ ਨਹੀਂ ਹਨ, ਪਰ ਉਨ੍ਹਾਂ ਦੇ ਅਰੰਭੇ ਕਾਰਜ ਉਨ੍ਹਾਂ ਨੂੰ ਹਮੇਸ਼ਾ ਜੀਵਤ ਰੱਖਣਗੇ। ਲੋੜ ਹੈ, ਇਸ ਸੰਸਥਾ ਨੂੰ ਲੋਕਾਂ ਦੇ ਸਹਿਯੋਗ ਦੀ ਤਾਂ ਜੋ ਮਾਨਵ-ਸੇਵਾ ਦੇ ਰਣ ਖੇਤਰ ਵਿੱਚ ਨਿਰਮਲ ਕਾਰਜ ਨਿਰੰਤਰ ਜਾਰੀ ਰਹਿ ਸਕਣ।

ਪਿੰਡ ਵਸਿਆ (30)

**ਵਿਜੈ ਬੰਬੇਲੀ**
**ਫੋਨ: +91-9463439075**



# ਕਿੱਸਾ ਪ੍ਰਾਚੀਨ ਨਗਰ 'ਅਲਾਵਲਪੁਰ' ਦਾ

***'ਪਿੰਡ ਵਸਿਆ' ਕਾਲਮ ਵਿੱਚ ਸਬੰਧਿਤ ਪਿੰਡ ਦੇ ਵਸਣ ਅਤੇ ਉਗਮਣ ਦੀ ਬਾਤ ਪਾਈ ਹੁੰਦੀ ਹੈ। ਪਿੰਡ ਦਾ ਇਤਿਹਾਸ ਲਿਖਣ ਦੀ ਵੱਡੀ ਕਠਿਨਾਈ ਇਹ ਹੈ ਕਿ ਇਹ ਕਿਸੇ ਵੀ ਰੂਪ 'ਚ ਲਿਖਤੀ ਨਹੀਂ ਮਿਲਦਾ। ਕਿਸੇ-ਕਿਸੇ ਪਿੰਡ ਦੇ ਵੱਸਣ-ਰਸਣ ਦੀ, ਉਹ ਵੀ ਨਾ-ਮਾਤਰ, ਗਜ਼ਟੀਅਰ'ਜ਼, ਮਾਲ ਰਿਕਾਰਡ ਜਾਂ ਕਿਸੇ ਦਸਤਾਵੇਜ਼ ਵਿੱਚ ਸਤਹੀ ਜਿਹਾ ਵਰਨਣ ਜਾਂ ਕਨਸੋਅ ਮਿਲਦੀ ਸੀ/ਹੈ, ਜਿਹੜਾ ਸਥਾਨਕ ਇਤਿਹਾਸ ਦੀ ਮਹੱਤਤਾ ਨਾ ਬੁੱਝਣ ਕਾਰਨ ਸਾਂਭਿਆ ਨਹੀਂ ਗਿਆ। ਪਿੰਡ ਦਾ ਕਿੱਸਾ ਫਰੋਲਣ/ਲੱਭਣ ਲਈ ਬਹੁਤ ਅਤੇ ਬਹੁਪਰਤੀ ਊਰਜਾ ਲੱਗਦੀ ਹੈ। ਹਥਲੀ ਲਿਖਤ ਵਿੱਚ ਪੜ੍ਹੋ, ਪ੍ਰਾਚੀਨ ਨਗਰ ਅਲਾਵਲਪੁਰ ਦਾ ਕਿੱਸਾ -ਪ੍ਰਬੰਧਕੀ ਸੰਪਾਦਕ***

ਅਲਾਵਲਪੁਰ ਦੀਆਂ ਥੇਹ ਹੋਈਆਂ ਕੁੱਝ ਧੜਵੈਲ ਇਮਾਰਤਾਂ ਦੇ ਕੁੱਝ ਬਚੇ-ਖੁਚੇ ਹਿੱਸੇ, ਇਸ ਨਗਰ ਦਾ ਵਿਚਾਲਾ ਅਤੇ ਆਲਾ-ਦੁਆਲਾ ਇਸਦੇ ਪ੍ਰਚੀਨ ਨਗਰੀ ਹੋਣ ਦਾ ਇਸ਼ਾਰਾ ਕਰਦੇ ਹਨ; ਤੇ ਇਸਦੇ ਅੰਦਰ ਅਤੇ ਗਿਰਦ ਖਲੋਤੀਆਂ ਮੁਸਲਿਮ ਧਰਮ ਆਸਥਾ ਇਮਾਰਤਾਂ ਕਦੇ ਇੱਥੇ ਰਹੇ ਮੁਸਲਮਾਨੀ ਜਲੌਅ ਦਾ ਪ੍ਰਗਟਾਵਾ ਕਰਦੀਆਂ ਹਨ। ਪਰ ਇਸ ਨਗਰ ਦੀ ਮੌੜੀ ਕਿਸ ਗੱਡੀ, ਕਦੋਂ ਗੱਡੀ ਅਤੇ ਇਸਦੇ ਇਸ ਖਿੱਤੇ ਵਿੱਚ ਬੁਲੰਦ ਸਥਾਪਿਤ ਹੋ ਜਾਣ ਬਾਰੇ ਸੰਭਵ ਕੋਸ਼ਿਸ਼ਾਂ ਦੇ ਬਾਵਜੂਦ ਪੱਕ ਨਾਲ ਪਤਾ ਨਹੀਂ ਲੱਗ ਸਕਿਆ। ਸੋ, ਜਿੰਨਾ ਕੁ ਹੱਥ ਆਇਆ ਜਾਂ ਦੱਸਿਆ ਗਿਆ, ਉਸ ਬਾਰੇ ਪਾਠਕਾਂ ਮੂਹਰੇ ਇਸ ਆਸ ਨਾਲ ਪਰੋਸਣਾ ਬੇਹਤਰ ਸਮਝਿਆ ਕਿ ਇਸ ਨੂੰ ਪੜ੍ਹ-ਸੁਣ ਕੇ ਕੋਈ ਹੋਰ ਸਮਰੱਥ ਇਸ ਨਗਰ ਦੀਆਂ ਪੀਢੀਆਂ ਜੜ੍ਹਾਂ ਫਰੋਲਣ ਲਈ ਜਰੂਰ ਅਹੁਲੇਗਾ।

ਜਲੰਧਰ ਡਿਸਟ੍ਰਿਕਟ ਗਜ਼ਟੀਅਰ ਮੁਤਾਬਿਕ, "ਇਹ ਕਸਬਾ ਧੌਗੜੀ ਪਰਿਵਾਰ ਦੇ ਪਠਾਣ ਸਰਦਾਰ ਅਲਾਵਲ ਖਾਂ ਦੇ ਪਿਤਾ ਨੇ (ਕਨਸੋਆਂ ਅਨੁਸਾਰ ਆਪਣੇ ਪੁੱਤਰ ਨਾਮੇ) ਵਸਾਇਆ ਸੀ। ਸਮਾਂ-ਦਰ-ਸਮਾਂ ਇਸਦਾ ਪ੍ਰਮੁੱਖ ਰਜ਼ਬ ਅਲੀ ਖਾਂ ਬਣਿਆ, ਪਰ 1807 'ਚ ਉਸਦੀ ਮੌਤ ਉਪਰੰਤ ਮਹਾਰਾਜਾ ਰਣਜੀਤ ਸਿੰਘ ਨੇ ਇਸਨੂੰ ਬੈਂਸ ਸਰਦਾਰ ਅਲਵੇਲ ਸਿੰਘ, (ਜਿਸਦਾ ਪਿਛੋਕੜ ਮਾਹਿਲਪੁਰ ਦੇ ਬੈਂਸ ਕੁਨਬੇ ਅਤੇ ਮਗਰੋਂ ਸਬੰਧ ਜੱਲ੍ਹਿਆ ਵਾਲੇ ਬਾਗ ਨਾਲ ਜੁੜਦਾ ਹੈ), ਨੂੰ ਜਗੀਰ ਵਜੋਂ ਸੌਂਪ ਦਿੱਤਾ। ਕਦੇ ਇੱਥੇ ਮਿੱਟੀ ਦਾ ਬਣਿਆ ਇੱਕ ਕਿਲਾ ਹੁੰਦਾ ਸੀ, ਜਿਹੜਾ ਕਿ ਉਸ ਸਮੇਂ ਕਰੀਬ ਥੇਹ ਹੋ ਚੁੱਕਾ ਸੀ। ਇਸ ਥੇਹ ਨੂੰ ਥੇਹ ਲਛਮਣ ਕਹਿੰਦੇ ਹਨ। ਇੱਥੇ ਸਮੀਰ ਪਰਬਤ (ਗੋਰਖ ਪੰਥੀ ਸਾਧੂ) ਦਾ ਵੀ ਇੱਕ ਮੱਟ ਸੀ/ਹੈ, ਜਿੱਥੇ ਹਰ ਸਾਲ ਮੇਲਾ ਭਰਦਾ ਹੈ।"

ਬਕੌਲ ਬ੍ਰਿਟਿਸ਼ਟਰ ਅੰਗਰੇਜ਼ ਰਾਜ ਸ਼ੁਰੂ ਹੋਣ ਵੇਲੇ ਇੱਥੇ 6 ਮਸੀਤਾਂ ਅਤੇ 10 ਮੰਦਿਰ ਸਨ। ਮੰਦਿਰਾਂ ਦੀ ਬਹੁਤਾਤ, ਲਛਮਣ ਥੇਹ ਅਤੇ ਸਮੀਰ ਪਰਬਤ ਦਾ ਮੱਟ ਇਹ ਕਨਸੋਅ ਦਿੰਦੇ ਹਨ ਕਿ ਪਹਿਲ-ਪਲੱਕੜਿਆਂ ਵੇਲੇ, ਕਦੇ ਇੱਥੇ ਹਿੰਦੂ ਵੀ ਪ੍ਰਮੁੱਖ ਸਨ। ਇਸੇ ਗਜ਼ਟੀਅਰ ਅਨੁਸਾਰ ਮਗਰੋਂ, "ਇੱਥੇ ਇੱਕ ਮਿਡਲ ਸਕੂਲ, ਫਿਰ ਡਾਕਖਾਨਾ, ਇੱਕ ਉੱਪ ਤਹਿਸੀਲ ਸਥਾਪਿਤ ਹੋਈ।" ਅਗਲੀ ਬਾਤ, "ਇਹ ਸ਼ਹਿਰ ਗਬਰੂਨ ਅਤੇ ਸੂਸੀ (ਸੂਤੀ ਜਾਂ ਸੂਸ ਦਾ ਕੱਪੜਾ, ਸਵਾਂ ਲਿਆ ਸੂਸ ਦਾ ਘੱਗਰਾ) ਕੱਪੜੇ ਵਜੋਂ ਵੀ ਪ੍ਰਸਿੱਧ ਰਿਹਾ ਤੇ ਅਨਾਜ ਅਤੇ ਗੁੜ ਮੰਡੀ ਵਜੋਂ ਵੀ। ਸੰਨ 1857 'ਚ ਇੱਥੇ ਮਿਊਂਸਪਲ ਕਮੇਟੀ ਬਣੀ, ਨਗਰ ਦੇ ਵਿਸਥਾਰ ਉਪਰੰਤ 1885 ਵਿੱਚ ਇਸਦੀ ਹੱਦ ਮੁੜ ਮਿੱਥੀ ਗਈ। ਨਗਰ ਦੀ ਆਮਦਨ ਅਤੇ ਕਾਰ-ਵਿਹਾਰ ਦਾ ਮੁੱਖ ਸਰੋਤ ਇੱਥੋਂ ਦੀਆਂ ਵਪਾਰਕ ਗਤੀਵਿਧੀਆਂ ਸਨ। ਮਗਰੋਂ, ਕਈ ਕਾਰਨਾਂ ਕਰਕੇ ਖਾਸ ਕਰ '47 ਦੀ ਤ੍ਰਾਸਦੀ ਅਤੇ ਮੁੱਖ ਸੜਕ ਤੋਂ ਹਟਵਾਂ ਹੋ ਜਾਣ ਕਾਰਨ ਇਹ ਨਗਰ ਰਸਤਾਲ ਵੱਲ ਜਾਈ ਗਿਆ। ਹੁਣ ਕੁੱਝ ਸੰਭਲਿਆ ਹੈ, ਪ੍ਰੰਤੂ ਪੁਰਾਣੇ ਜਲੌਅ ਤੋਂ ਬਹੁਤ ਵਿਰਵਾ ਹੈ।

ਆਮ ਤੌਰ 'ਤੇ ਕਿਹਾ-ਸਮਝਿਆ ਇਹ ਜਾਂਦਾ ਹੈ ਕਿ ਅਲਾਵਲ ਖਾਂ ਅਤੇ ਆਦਮ ਖਾਂ ਦੋ ਪਠਾਣ ਭਰਾਵਾਂ ਨੇ ਤਿੰਨ-ਚਾਰ ਮੀਲ ਦੇ ਫਾਸਲੇ 'ਤੇ ਦੋ ਪਿੰਡ ਵਸਾਏ, ਅਲਾਵਲਪੁਰ ਅਤੇ ਆਦਮਪੁਰ। ਉਦੋਂ ਆਦਮਪੁਰ ਨਹੀਂ, ਅਲਾਵਲਪੁਰ ਕਈ ਗੱਲੋਂ ਉੱਘਾ ਅਤੇ ਵੱਡਾ ਸੀ, ਜਿੱਥੇ ਰਾਜ 'ਗਰੇਜ਼ੀ ਸਥਾਪਿਤ ਹੁੰਦਿਆਂ ਹੀ ਮਿਊਂਸਪਲ ਕਮੇਟੀ ਬਣਾਈ ਗਈ, ਜਦ ਕਿ ਆਦਮਪੁਰ ਉਦੋਂ ਪੰਚਾਇਤ ਹੀ ਸੀ। ਪਰ ਅਸਲ ਗੱਲ ਇਓਂ ਨਹੀਂ ਹੈ, ਜਲੰਧਰ ਗਜ਼ਟੀਅਰ, 1884, ਇਹ ਕਥਾ ਇਉਂ ਬਿਆਨਦਾ ਹੈ, "ਆਦਮਪੁਰ ਬਿਨਾ ਕਿਸੇ ਯੋਜਨਾ ਤੋਂ ਬਣਿਆ ਹੋਇਆ ਇੱਗੜ-ਦੁੱਗੜਾ ਜਿਹਾ ਪਿੰਡ ਹੈ। ਮੰਨੀ ਜਾਂਦੀ ਗਾਥਾ ਅਨੁਸਾਰ ਇਸ ਦੀ ਨੀਂਹ ਲਿੱਟ ਗੋਤਰੀ ਜੱਟਾਂ ਨੇ ਰੱਖੀ ਸੀ। ਬਾਅਦ ਵਿੱਚ ਇੱਥੇ ਭੈਣੇ ਗੋਤ ਦੇ ਜੱਟ ਆ ਕਾਬਜ਼ ਹੋਏ, ਪ੍ਰਸਥਿਤੀਆਂ ਵੱਸ ਉਨ੍ਹੀਂ ਇਸਨੂੰ ਧੋਗੜੀ ਦੇ ਅਫਗਾਨ ਕੁਨਬੇ ਨੂੰ ਵੇਚ ਦਿੱਤਾ ਅਤੇ ਉਨ੍ਹਾਂ ਦੇ ਜੰਗੀ ਸਰਦਾਰ ਅਲਾਵਲ ਖਾਂ ਦੇ ਛੋਟੇ ਭਰਾ ਆਦਮ ਖਾਂ ਨੇ ਇਸਦਾ ਨਾਂ ਬਤੌਰ ਆਦਮ ਆਪਣੇ ਨਾਮੇ ਕਰ ਲਿਆ।" ਜਿਹੜਾ ਮਗਰੋਂ ਆਦਮਪੁਰ ਵਜੋਂ ਲੋਕ-ਮਨਾਂ ਵਿੱਚ ਉੱਘੜ ਗਿਆ।

ਪਰ ਇਤਿਹਾਸਕ ਪੁਸਤਕ "ਪੰਜਾਬ ਦੀ ਜੋਗਰਾਫਯਾਈ ਤਵਾਰੀਖ" ਦਾ ਕਰਤਾ ਬੂਟੇ ਸ਼ਾਹ ਆਖਦਾ ਹੈ, "ਅਲਾਉਲਪੁਰ ਪਠਾਣਾਂ ਦਾ ਸ਼ਹਿਰ ਹੈ। ਉਹ ਅਲਾਉਲ ਖਾਂ ਦੇ ਬਾਪ ਦਲਾਉਰ ਖਾਂ ਦਾ ਬਣਾਇਆ ਹੋਇਆ ਹੈ। ਦਲਾਉਰ ਖਾਂ ਨੇ ਇਸ ਦਾ ਨਾਂਅ ਆਪਣੇ ਪੁੱਤਰ ਦੇ ਨਾਂਅ 'ਤੇ ਅਲਾਉਲਪੁਰ ਰੱਖਿਆ, (ਜਿਹੜਾ ਵਿਗੜਦਾ-ਸੰਵਰਦਾ ਅਲਾਵਲਪੁਰ ਬਣ ਗਿਆ)।" ਉਸ ਮੁਤਾਬਕ, "ਸ਼ਹਿਰ ਦੇ ਅੰਦਰ-ਵਾਰ ਇੱਕ ਪੱਕਾ ਕਿਲ੍ਹਾ ਹੈ ਅਤੇ ਉਸਦੀ ਫ਼ਸੀਲ ਅੰਦਰ ਵੱਡੀਆਂ ਸੋਹਣੀਆਂ ਅੰਬਾਰਤਾਂ (ਇਮਾਰਤਾਂ/ਹਵੇਲੀਆਂ) ਪਠਾਣਾਂ ਨੇ ਬਣਾਈਆਂ ਹੋਈਆਂ ਹਨ। ਪਰ ਜਾਂ (ਜਦੋਂ) ਰਜ਼ਬ ਅਲੀ ਖਾਂ ਦੀ ਸਰਦਾਰੀ ਦੀ ਬਾਰੀ ਆਈ ਤਾਂ ਮਹਾਰਾਜਾ ਰਣਜੀਤ ਸਿੰਘ ਨੇ ਇਹ ਸ਼ਹਿਰ ਉਸ ਕੋਲੋਂ ਜ਼ੋਰ ਨਾਲ ਖੋ ਲਿਆ। ਔਰ ਉਹ ਵਿਚਾਰਾ ਲਾਹੌਰ ਵਿਖੇ ਮਹਾਰਾਜ ਦੇ ਲਸ਼ਕਰ ਹੱਥੋਂ ਸਤਾਇਆ ਬੜੀ ਖੁਆਰੀ ਨਾਲ ਮਰ ਗਿਆ।"

ਦਰ-ਹਕੀਕਤ, ਉਕਤ ਕਥਾ ਦੇ ਸੰਦਰਭ ਲੋਕ-ਉਕਤੀ (ਮੌਖਿਕ ਇਤਿਹਾਸ) ਕੋਈ ਹੋਰ ਹੈ। ਹੋਇਆ ਇਉਂ ਕਿ "1807-08 'ਚ, ਇੱਕ ਵਾਰ ਮੁਹੱਰਮ ਦੇ ਦਿਨੀਂ ਤਾਜ਼ੀਏ ਦੇ ਜਲਸੇ-ਜਲੂਸ ਵਿੱਚ ਇੱਕ ਮਾਰ-ਖੰਡਾ ਸਾਨ ਆ ਘੁਸਿਆ। ਸਿੱਟੇ ਵਜੋਂ ਹੋਈ ਹਫੜਾ-ਦਫੜੀ ਵੇਖ ਤਿੰਨ ਅੱਲ੍ਹੜ ਮੁੰਡੇ ਹੱਸ-ਹੱਸ ਲੋਟ-ਪੋਟ ਹੋ ਗਏ, ਜਿਹੜੇ ਹਿੰਦੂਆਂ ਦੇ ਜਾਏ ਸਨ। ਕਾਜ਼ੀਆਂ ਇਸਨੂੰ ਆਪਣੀ ਹੇਠੀ ਮੰਨੀ ਅਤੇ ਪਠਾਣ ਸਰਦਾਰ ਰਜ਼ਬ ਅਲੀ ਕੋਲ ਜਾ ਸ਼ਿਕਾਇਤ ਕੀਤੀ। ਅਸਲ ਮਾਜਰਾ ਅਤੇ ਅਲ੍ਹੜ-ਵਰੇਸ ਬੁੱਝਣ ਦੀ ਬਜਾਏ ਉਨ੍ਹਾਂ ਮੁੰਡਿਆ ਨੂੰ ਸਖਤ ਸਜ਼ਾ ਸੁਣਾਈ ਗਈ, ਜਿਸ ਕਾਰਨ ਰੋਹ 'ਚ ਆਇਆ ਇੱਕ ਹਿੰਦੂ ਸਾਧ ਲਾਹੌਰ ਪੁੱਜ ਮਹਾਰਾਜੇ ਦੇ ਦਰਬਾਰ ਜਾ ਹਰਖਿਆ। ਸਬੱਬੀਂ ਮਹਾਰਾਜਾ ਰਣਜੀਤ ਸਿੰਘ ਉਦੋਂ ਬਟਾਲੇ ਗਿਆ ਹੋਇਆ ਸੀ, ਸਾਧ ਉਨ੍ਹੀਂ ਪੈਰੀਂ, ਵਾਹੋ-ਦਾਹੀ ਬਟਾਲਾ ਜਾ ਪੁੱਜਾ। ਸਾਧ ਦਾ ਹੱਠ ਦੇਖ ਅਤੇ ਉਸ ਮੂੰਹੋਂ ਮਾਜਰਾ ਸੁਣ ਮਹਾਰਾਜੇ ਨੇ ਅਲਬੈਲ ਸਿੰਘ ਬੈਂਸ ਸਰਦਾਰ, ਜਿਸਦਾ ਪਿਛੋਕੜ ਮਾਹਿਲਪੁਰ ਦਾ ਬੈਂਸ ਕੁਨਬਾ ਸੀ, ਨੂੰ ਲਾਮ-ਲਸ਼ਕਰ ਨਾਲ ਅਲਾਵਲਪੁਰ ਨੂੰ ਰਜ਼ਬ ਅਲੀ ਦੇ ਸੁਧਾਰ ਹਿੱਤ ਤੋਰ ਦਿੱਤਾ। ਗਹਿ-ਗੱਚਵੇਂ ਮੁਕਾਬਲੇ ਅਤੇ ਜੰਗੀ ਗੜ੍ਹੀ ਨੂੰ ਤੋੜਨ ਉਪਰੰਤ ਬੈਂਸ ਕੁਮਕ ਅਲਾਵਲਪੁਰ 'ਤੇ ਕਬਜ਼ਾ ਕਰਨ ਤੇ ਰਜ਼ਬ ਅਲੀ ਨੂੰ ਗ੍ਰਿਫਤਾਰ ਕਰਨ 'ਚ ਸਫਲ ਹੋ ਗਈ।"

ਕਹਿੰਦੇ ਹਨ ਕਿ ਬੈਂਸ ਸਰਦਾਰ ਨੇ, ਉਪਰੰਤ ਪਰਵਾਨਾ ਲਿਖ ਭੇਜਿਆ ਕਿ ਕਿਲਾ ਅਤੇ ਨਗਰ ਕਿਸ ਦੇ ਹਵਾਲੇ ਕੀਤਾ ਜਾਵੇ, ਜੀ? ਮੋੜਵੇਂ ਜਵਾਬ 'ਚ ਮਹਾਰਾਜਾ ਰਣਜੀਤ ਸਿੰਘ ਨੇ ਲਿਖਿਆ, "ਸੁਣਿਆ ਹੈ, ਸ਼ਹਿਰ ਤਾਂ ਥੇਹ ਕਰ ਦਿੱਤਾ ਗਿਆ ਹੈ। ਹੁਣ ਤੁਸੀਂ ਹੀ ਅਲਾਵਲਪੁਰ ਦੇ ਸਾਰੇ ਅਸਾਸਿਆਂ ਦੇ ਮਾਲਕ ਹੋ; ਪਰ ਇਸ ਤਵਾਰੀਖੀ ਸ਼ਹਿਰ ਦਾ ਨਾਂ ਅਲਾਵਲਪੁਰ ਹੀ ਰਹੇਗਾ।"

ਤਰਜ਼-ਏ-ਜ਼ਿੰਦਗੀ

**ਡਾ. ਅਰਵਿੰਦਰ ਸਿੰਘ ਭੱਲਾ**
**ਫੋਨ: +91-9463062603**



# ਸੰਸਕਾਰ, ਤਰਬੀਅਤ ਅਤੇ ਵਿਹਾਰ

ਰੋਜ਼ਮੱਰ੍ਹਾ ਦੀ ਜ਼ਿੰਦਗੀ ਵਿੱਚ ਅਸੀਂ ਬਹੁਤ ਸਾਰੇ ਲੋਕਾਂ ਦੇ ਸੰਪਰਕ ਵਿੱਚ ਆਉਂਦੇ ਹਾਂ ਅਤੇ ਅਕਸਰ ਲੋਕਾਂ ਨਾਲ ਮਿਲਦਿਆਂ-ਵਰਤਦਿਆਂ ਅਨੇਕਾਂ ਚੰਗੇ-ਮਾੜੇ ਤਜਰਬਿਆਂ ਨੂੰ ਗ੍ਰਹਿਣ ਕਰਦੇ ਹਾਂ। ਅਸੀਂ ਲੋਕਾਂ ਦੇ ਵਿਹਾਰ, ਪਹਿਰਾਵੇ, ਬੋਲ-ਚਾਲ, ਮਾਨਸਿਕਤਾ ਤੇ ਲਹਿਜ਼ੇ ਬਾਰੇ ਵੀ ਕੋਈ ਨਾ ਕੋਈ ਰਾਇ ਕਾਇਮ ਕਰ ਲੈਂਦੇ ਹਾਂ ਅਤੇ ਇਸੇ ਤਰ੍ਹਾਂ ਲੋਕ ਵੀ ਸਾਡੇ ਬਾਰੇ ਆਪਣੀ ਇੱਕ ਮਖ਼ਸੂਸ ਕਿਸਮ ਦੀ ਰਾਇ ਕਾਇਮ ਕਰ ਲੈਂਦੇ ਹਨ। ਦਰਅਸਲ ਸਾਡੇ ਸੰਸਕਾਰ, ਸਾਡੀ ਤਰਬੀਅਤ ਅਤੇ ਸਾਡਾ ਵਿਹਾਰ ਇਹ ਨਿਰਧਾਰਤ ਕਰਦੇ ਹਨ ਕਿ ਸਾਡੀ ਇੱਕ-ਦੂਸਰੇ ਪ੍ਰਤੀ ਰਾਇ ਕਿਸ ਤਰ੍ਹਾਂ ਦੀ ਹੋਵੇਗੀ। ਇਹ ਕਹਿਣਾ ਵੀ ਹਰਗਿਜ਼ ਗ਼ਲਤ ਨਹੀਂ ਹੋਵੇਗਾ ਕਿ ਸਾਡੇ ਵਿਹਾਰ ਵਿੱਚੋਂ ਸਾਡੇ ਸੰਸਕਾਰ ਅਤੇ ਸਾਡੀ ਤਰਬੀਅਤ ਸਾਫ਼ ਝਲਕਦੀ ਹੈ। ਸਾਧਾਰਨ ਤੌਰ ਉੱਪਰ ਇਹ ਵੀ ਦੇਖਣ ਵਿੱਚ ਆਉਂਦਾ ਹੈ ਕਿ ਲੋਕ ਆਪਣੇ ਬੱਚਿਆਂ ਨੂੰ ਕਿਤਾਬੀ ਗਿਆਨ ਹਾਸਲ ਕਰਨ ਲਈ ਪ੍ਰੇਰਿਤ ਕਰਨ ਉੱਪਰ ਤਾਂ ਤਵੱਜੋ ਬਹੁਤ ਦਿੰਦੇ ਹਨ, ਪਰ ਇਸ ਗੱਲ ਵੱਲ ਉੱਕਾ ਹੀ ਧਿਆਨ ਨਹੀਂ ਦਿੰਦੇ ਹਨ ਕਿ ਪਰਿਵਾਰ ਵਿੱਚੋਂ ਉਹ ਬੱਚੇ ਕਿਹੋ ਜਿਹੇ ਸੰਸਕਾਰਾਂ ਨੂੰ ਅਪਨਾ ਰਹੇ ਹਨ ਅਤੇ ਉਨ੍ਹਾਂ ਦੀ ਤਰਬੀਅਤ ਕਿਸ ਤਰ੍ਹਾਂ ਦੀ ਹੋ ਰਹੀ ਹੈ। ਜਦੋਂ ਵੀ ਅਸੀਂ ਆਪਣੇ ਮੁਆਸ਼ਰੇ ਵਿੱਚ ਕਿਸੇ ਤਰ੍ਹਾਂ ਦੀ ਕੋਈ ਬਦਇਖ਼ਲਾਕੀ, ਬਦਇੰਤਜ਼ਾਮੀ ਤੇ ਬਦਅਮਨੀ ਦੇਖਦੇ ਹਾਂ ਤਾਂ ਇਹ ਸਵਾਲ ਸਾਡੇ ਸਭ ਦੇ ਜ਼ਿਹਨ ਵਿੱਚ ਸਹਿਜ ਸੁਭਾਅ ਆਉਂਦਾ ਹੈ ਕਿ ਇਸ ਸਭ ਦੇ ਪਿੱਛੇ ਜ਼ਿੰਮੇਵਾਰ ਲੋਕਾਂ ਨੂੰ ਵਿਰਸੇ ਵਿੱਚ ਆਖ਼ਰ ਕਿਹੋ ਜਿਹੇ ਸੰਸਕਾਰ ਮਿਲੇ ਹੋਣਗੇ ਅਤੇ ਅਜਿਹੇ ਲੋਕਾਂ ਦੀ ਤਰਬੀਅਤ ਵੱਲ ਇਨ੍ਹਾਂ ਦੇ ਮਾਪਿਆਂ, ਬਜ਼ੁਰਗਾਂ ਅਤੇ ਉਸਤਾਦਾਂ ਨੇ ਧਿਆਨ ਕਿਉਂ ਨਹੀਂ ਦਿੱਤਾ।

ਜਦੋਂ ਕਿਸੇ ਬਗੀਚੇ ਜਾਂ ਬਾਗ਼ ਵਿੱਚ ਕੋਈ ਦਰਖ਼ਤ ਆਪਣੇ ਨਾਲ ਹੋਰ ਲੱਗੇ ਦਰਖ਼ਤਾਂ ਅਤੇ ਪੌਦਿਆਂ ਦੇ ਵਾਧੇ ਵਿੱਚ ਰੁਕਵਾਟ ਪੈਦਾ ਕਰ ਰਿਹਾ ਹੋਵੇ ਤਾਂ ਉਸ ਬਾਗ਼ ਦੀ ਸੰਭਾਲ ਕਰ ਰਹੇ ਮਾਲੀ ਦਾ ਇਹ ਬੁਨਿਆਦੀ ਫਰਜ਼ ਬਣਦਾ ਹੈ ਕਿ ਉਹ ਉਸ ਦਰਖ਼ਤ ਦੀ ਇਸ ਤਰ੍ਹਾਂ ਨਾਲ ਕਾਂਟ-ਛਾਂਟ ਕਰੇ ਕਿ ਉਸ ਦੇ ਵਾਧੇ ਨਾਲ ਕਿਸੇ ਹੋਰ ਦਰਖ਼ਤ ਜਾਂ ਪੌਦੇ ਦੇ ਵਿਕਾਸ ਵਿੱਚ ਕੋਈ ਰੁਕਾਵਟ ਪੈਦਾ ਨਾ ਹੋਵੇ। ਠੀਕ ਇਸੇ ਤਰ੍ਹਾਂ ਮਾਪਿਆਂ, ਬਜ਼ੁਰਗਾਂ ਅਤੇ ਉਸਤਾਦਾਂ ਨੂੰ ਇਸ ਗੱਲ ਵੱਲ ਧਿਆਨ ਦੇਣਾ ਚਾਹੀਦਾ ਹੈ ਕਿ ਉਹ ਆਪਣੀ ਅਗਲੀ ਪੀੜ੍ਹੀ ਦਾ ਇਸ ਤਰ੍ਹਾਂ ਮਾਰਗ ਦਰਸ਼ਨ ਕਰਨ ਕਿ ਸਮਾਜ ਵਿੱਚ ਕਿਸੇ ਵੀ ਤਰ੍ਹਾਂ ਦੀ ਅਸਹਿਣਸ਼ੀਲਤਾ, ਅਸੰਤੁਲਨ ਅਤੇ ਅਰਾਜਕਤਾ ਨਾ ਫ਼ੈਲੇ। ਅਜੋਕੇ ਸਮੇਂ ਵਿੱਚ ਇਉਂ ਵੀ ਜਾਪਦਾ ਹੈ ਕਿ ਲੋਕਾਂ ਦੀ ਆਪਸੀ ਗੁਫ਼ਤਗੂ ਵਿੱਚੋਂ ਇੱਕ ਦੂਜੇ ਦਾ ਇਹਤਰਾਮ, ਸਲੀਕਾ ਅਤੇ ਸ਼ਿਸ਼ਟਾਚਾਰ ਜਿਵੇਂ ਕਿਤੇ ਗੁਆਚ ਗਿਆ ਹੋਵੇ। ਨਿਮਰਤਾ, ਸੁਹਿਰਦਤਾ ਅਤੇ ਸੰਵਾਦ ਉੱਪਰ ਧਿਆਨ ਕੇਂਦਰਿਤ ਕਰਨ ਦੀ ਬਜਾਏ ਹੁਣ ਲੋਕਾਂ ਦੀ ਬੇਸਮਝੀ, ਹੁੱਲੜਬਾਜ਼ੀ ਅਤੇ ਗੈਰ-ਜ਼ਿੰਮੇਵਾਰਾਨਾ ਅਮਲਾਂ ਨੇ ਸਾਡੇ ਸਮਾਜ ਦੀ ਸ਼ਕਲੋਂ ਸੂਰਤ ਨੂੰ ਮੁੱਢੋਂ ਹੀ ਵਿਗਾੜ ਦਿੱਤਾ ਹੈ।

ਦਰਅਸਲ ਪਰਿਵਾਰ ਕਿਸੇ ਵੀ ਬੱਚੇ ਦੀ ਪਹਿਲੀ ਦਰਸਗਾਹ ਹੁੰਦੀ ਹੈ। ਮਾਂ-ਬਾਪ ਵੱਲੋਂ ਦਿੱਤੀ ਗਈ ਸਿੱਖਿਆ



ਅਤੇ ਤਾਲੀਮੀ ਅਦਾਰਿਆਂ ਵਿੱਚੋਂ ਹਾਸਲ ਕੀਤਾ ਗਿਆ ਇਲਮ ਸਾਰੀ ਉਮਰ ਵਿਅਕਤੀ ਦਾ ਰਾਹ ਰੁਸ਼ਨਾਉਣ ਦੇ ਸਮਰੱਥ ਹੁੰਦੇ ਹਨ। ਅਦਬੋ-ਅਦਾਬ ਦੇ ਬੁਨਿਆਦੀ ਤਕਾਜ਼ੇ ਪੂਰੇ ਕਰਕੇ ਮਨੁੱਖ ਆਪਣੇ ਇਰਦ-ਗਿਰਦ ਸਕਾਰਾਤਮਕਤਾ ਦਾ ਇੱਕ ਅਜਿਹਾ ਵਾਤਾਵਰਣ ਸਿਰਜ ਸਕਦਾ ਹੈ ਕਿ ਜਿਸ ਨਾਲ ਸਮਾਜ ਨੂੰ ਇੱਕ ਨਵੀਂ ਸੇਧ ਦਿੱਤੀ ਜਾ ਸਕਦੀ ਹੈ। ਕਿਸੇ ਸ਼ਖ਼ਸ ਨੂੰ ਬਚਪਨ ਵਿੱਚ ਮਿਲੀ ਮਿਆਰੀ ਤਾਲੀਮ ਅਤੇ ਉਚਿਤ ਤਰਬੀਅਤ ਮਨੁੱਖ, ਦੇਸ਼, ਕੌਮ ਅਤੇ ਸਮਾਜ ਦੇ ਮੁਸਤਕਬਿਲ ਨੂੰ ਨਿਰਧਾਰਤ ਕਰਦੀ ਹੈ। ਆਪਸ ਵਿੱਚ ਮਿਲਦੇ-ਵਰਤਦੇ ਹੋਏ ਕਿਸੇ ਮਨੁੱਖ ਵੱਲੋਂ ਵਰਤੇ ਗਏ ਅਲਫ਼ਾਜ਼ ਇਹ ਭਲੀ-ਭਾਂਤ ਦਰਸਾਉਣ ਦੀ ਸਮਰੱਥਾ ਰੱਖਦੇ ਹਨ ਕਿ ਮਨੁੱਖ ਨੂੰ ਕਿਹੋ ਜਿਹਾ ਪਰਿਵਾਰਕ ਮਾਹੌਲ ਮਿਲਿਆ ਹੈ ਅਤੇ ਕਿਸੇ ਤੋਂ ਉਸ ਨੇ ਕਿਹੋ ਜਿਹੀ ਸਿੱਖਿਆ ਹਾਸਲ ਕੀਤੀ ਹੈ। ਇਸ ਲਈ ਸਾਨੂੰ ਸਭ ਨੂੰ ਇਸ ਗੱਲ ਉਤੇ ਗ਼ੌਰ ਕਰਨਾ ਚਾਹੀਦਾ ਹੈ ਕਿ ਅਸੀਂ ਆਪਣੇ ਬੱਚਿਆਂ ਲਈ ਇੱਕ ਅਜਿਹੇ ਆਦਰਸ਼ ਜਾਂ ਪ੍ਰੇਰਣਾ ਸ੍ਰੋਤ ਬਣ ਸਕੀਏ ਤਾਂ ਜੋ ਸਾਡੇ ਬੱਚੇ ਸਾਡੇ ਕੋਲੋਂ ਕੁਝ ਚੰਗਾ ਸਿੱਖਣ ਲਈ ਤਤਪਰ ਹੋਣ। ਜ਼ਰਾ ਕੁਝ ਸੋਚੋ ਕਿ ਜੇਕਰ ਅਜੇ ਤੱਕ ਅਸੀਂ ਖ਼ੁਦ ਚੰਗੇ ਗੁਣਾਂ ਨੂੰ ਧਾਰਨ ਕਰਨ ਵਿੱਚ ਨਾਕਾਮ ਰਹੇ ਹਾਂ ਤਾਂ ਫਿਰ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਤੋਂ ਅਸੀਂ ਕੀ ਉਮੀਦ ਰੱਖ ਪਾਵਾਂਗੇ?

ਚੰਗੀ ਤਰਬੀਅਤ ਮਨੁੱਖ ਨੂੰ ਇਨਸਾਨੀਅਤ ਦਾ ਬੁਨਿਆਦੀ ਪਾਠ ਪੜ੍ਹਾਉਂਦੀ ਹੈ। ਮਨੁੱਖ ਦਾ ਦੂਸਰਿਆਂ ਪ੍ਰਤੀ ਚੰਗਾ-ਮਾੜਾ ਰਵੱਈਆ ਤੇ ਵਿਹਾਰ ਉਸ ਨੂੰ ਆਪਣੇ ਵਿਰਸੇ ਵਿੱਚ ਮਿਲੇ ਹੋਏ ਸੰਸਕਾਰਾਂ ਦੀ ਤਰਜ਼ਮਾਨੀ ਕਰਦਾ ਹੈ। ਇਹ ਵੀ ਇੱਕ ਅਟੱਲ ਸੱਚਾਈ ਹੈ ਕਿ ਜਿਨ੍ਹਾਂ ਲੋਕਾਂ ਨੂੰ ਲੋਕਾਈ ਦੇ ਪ੍ਰਤੀ ਆਪਣੇ ਸੀਨੇ ਅੰਦਰ ਦਰਦ ਰੱਖਣ ਦਾ ਸਬਕ ਪੜ੍ਹਾਇਆ ਜਾਂਦਾ ਹੈ, ਉਹ ਕਦੇ ਵੀ ਬੇਅਦਬ ਨਹੀਂ ਹੁੰਦੇ ਹਨ। ਜੇਕਰ ਗਹੁ ਨਾਲ ਵਾਚਿਆ ਜਾਵੇ ਤਾਂ ਇਹ ਵੀ ਸਹਿਜੇ ਹੀ ਮਹਿਸੂਸ ਹੁੰਦਾ ਹੈ ਕਿ ਖ਼ੁਸ਼ਅਖ਼ਲਾਕ ਲੋਕ ਆਪਣੇ ਚੰਗੇ ਤੇ ਨੇਕ ਅਮਲਾਂ ਅਤੇ ਮਿੱਠੇ ਬੋਲਾਂ ਨਾਲ ਲੋਕਾਂ ਦੇ ਦਿਲਾਂ ਉੱਪਰ ਡੂੰਘਾ ਅਸਰ ਪਾਉਣ ਦੇ ਨਾਲ-ਨਾਲ ਲੋਕਾਂ ਦੇ ਦਿਲਾਂ ਉੱਪਰ ਰਾਜ ਕਰਦੇ ਹਨ। ਅਸਲ ਵਿੱਚ ਇਹ ਮਾਇਨੇ ਨਹੀਂ ਰੱਖਦਾ ਕਿ ਤੁਸੀਂ ਕਿਸ ਜਾਤ, ਵਰਗ, ਮਜ਼ਹਬ, ਰੰਗ, ਨਸਲ, ਸ਼੍ਰੇਣੀ, ਖਿੱਤੇ ਜਾਂ ਕਿੱਤੇ ਨਾਲ ਸਬੰਧਿਤ ਹੋ, ਅਸਲ ਵਿੱਚ ਤੁਹਾਡਾ ਕਿਰਦਾਰ ਅਤੇ ਵਿਹਾਰ ਇਹ ਤੈਅ ਕਰਦਾ ਹੈ ਕਿ ਤੁਸੀਂ ਕੀ ਹੋ? ਮਨੁੱਖ ਚਾਹੇ ਲੱਖਾਂ ਮਖੌਟੇ ਪਹਿਨੇ, ਉਸ ਦੇ ਅਮਲ, ਉਸ ਦੇ ਬੋਲ ਅਤੇ ਉਸ ਦਾ ਵਿਹਾਰ ਉਸ ਦੇ ਅਸਲ ਇਰਾਦਿਆਂ ਅਤੇ ਉਸ ਦੇ ਮਖੌਟਿਆਂ ਪਿਛੇ ਛੁਪੇ ਉਸ ਦੇ ਅਸਲ ਚਿਹਰੇ ਨੂੰ ਇੱਕ ਨਾ ਇੱਕ ਦਿਨ ਬੇਨਕਾਬ ਕਰ ਦਿੰਦੇ ਹਨ। ਜੋ ਲੋਕ ਰਿਸ਼ਤਿਆਂ ਦਾ ਪਾਜ਼ ਰੱਖਦੇ ਹਨ, ਜੋ ਮਰਿਆਦਾਵਾਂ ਭੰਗ ਨਹੀਂ ਕਰਦੇ ਹਨ ਅਤੇ ਜੋ ਤਮੀਜ਼ ਦੇ ਦਾਇਰਿਆਂ ਵਿੱਚ ਰਹਿੰਦੇ ਹਨ, ਉਨ੍ਹਾਂ ਦੀ ਸ਼ਖ਼ਸੀਅਤ ਦਾ ਨਿੱਘ ਹਰ ਕੋਈ ਮਾਣਦਾ ਹੈ ਅਤੇ ਉਹ ਆਪਣੇ ਅਮਲਾਂ ਨਾਲ ਬਾਰਸੂਖ਼, ਕਾਮਯਾਬ ਅਤੇ ਪ੍ਰਭਾਵਸ਼ਾਲੀ ਵਿਅਕਤੀਤਵ ਦੇ ਮਾਲਕ ਬਣਦੇ ਹਨ।

ਦਰਅਸਲ ਚੰਗਾ ਅਖ਼ਲਾਕ ਇੱਕ ਅਜਿਹੇ ਛਾਂਦਾਰ, ਖ਼ੁਸ਼ਬੂਦਾਰ ਅਤੇ ਫ਼ਲਦਾਰ ਦਰਖ਼ਤ ਦੀ ਤਰ੍ਹਾਂ ਹੈ ਕਿ ਜੋ ਹਰ ਪਹਿਲੂ ਤੋਂ ਦੂਸਰਿਆਂ ਲਈ ਹਿਤਕਾਰੀ ਸਾਬਤ ਹੁੰਦਾ ਹੈ। ਕਿਸੇ ਵਿਅਕਤੀ ਦੀ ਹੈਸੀਅਤ ਜਾਂ ਉਸ ਦਾ ਦਰਜਾ ਇਸ ਗੱਲ ਉਤੇ ਮੁਨੱਸਰ ਕਰਦਾ ਹੈ ਕਿ ਦੂਜਿਆਂ ਨਾਲ ਉਹ ਕਿਸ ਤਰ੍ਹਾਂ ਪੇਸ਼ ਆਉਂਦਾ ਹੈ। ਜੇਕਰ ਸੰਭਵ ਹੋਵੇ ਤਾਂ ਦੂਜਿਆਂ ਲਈ ਤਕਲੀਫ਼ ਦਾ ਕਦੇ ਵੀ ਸਬੱਬ ਨਾ ਬਣੋ, ਦੂਜਿਆਂ ਦੀਆਂ ਭਾਵਨਾਵਾਂ ਦਾ ਹਮੇਸ਼ਾ ਸਤਿਕਾਰ ਕਰੋ ਅਤੇ ਦੂਸਰਿਆਂ ਦੀ ਜ਼ਿੰਦਗੀ ਵਿੱਚ ਜਿੱਥੋਂ ਤੱਕ ਹੋ ਸਕੇ ਆਸਾਨੀਆਂ ਪੈਦਾ ਕਰਨ ਦਾ ਯਤਨ ਕਰੋ, ਕਿਉਂਕਿ ਤੁਹਾਡੇ ਕਿਰਦਾਰ ਅਤੇ ਵਿਹਾਰ ਵਿੱਚੋਂ ਤੁਹਾਡੇ ਆਪਣੇ ਪੂਰਵਜਾਂ ਅਤੇ ਉਸਤਾਦਾਂ ਦੀ ਸਿੱਖਿਆ ਤੇ ਸੰਸਕਾਰ ਮੂਰਤੀਮਾਨ ਹੁੰਦੇ ਹਨ। ਸਾਨੂੰ ਸਭ ਨੂੰ ਆਪਣੇ ਬੱਚਿਆਂ ਦੀ ਤਰਬੀਅਤ ਵੱਲ ਉਚੇਚਾ ਧਿਆਨ ਇਸ ਲਈ ਵੀ ਦੇਣਾ ਚਾਹੀਦਾ ਹੈ, ਕਿਉਂਕਿ ਉਨ੍ਹਾਂ ਦੀ ਸ਼ਖ਼ਸੀਅਤ, ਵਿਹਾਰ ਅਤੇ ਤਰਬੀਅਤ ਤੁਹਾਡੀ ਵਿਰਾਸਤ ਨੂੰ ਰੂਪਮਾਨ ਕਰਦੀ ਹੈ।

ਸੰਸਕਾਰ, ਤਰਬੀਅਤ ਅਤੇ ਵਿਹਾਰ ਅਸਲ ਵਿੱਚ ਇਨਸਾਨ ਦੀ ਸ਼ਖ਼ਸੀਅਤ ਦੀ ਉਸ ਤ੍ਰਿਭੁਜੀ ਬੁਨਿਆਦ ਵਾਂਗ ਹਨ, ਜਿਸ ਉੱਪਰ ਕਿਸੇ ਸ਼ਖ਼ਸ ਦੀ ਮਾਨਸਿਕਤਾ, ਸ਼ਖ਼ਸੀਅਤ ਅਤੇ ਸਮਾਜਿਕ ਪਛਾਣ ਖੜ੍ਹੀ ਹੁੰਦੀ ਹੈ। ਇਹ ਤਿੰਨੇ ਗੁਣ ਕਿਸੇ ਵਿਅਕਤੀ ਦੇ ਵਿਹਾਰਕ ਜੀਵਨ, ਨੈਤਿਕ ਬਲ ਅਤੇ ਆਤਮਕ ਉਚਾਈ ਨੂੰ ਵੀ ਦਰਸਾਉਂਦੇ ਹਨ। ਸੰਸਕਾਰ ਅਜਿਹੇ ਉਚੇ ਆਦਰਸ਼ ਹੁੰਦੇ ਹਨ, ਜੋ ਸਾਨੂੰ ਸੱਚ ਬੋਲਣ, ਨਿਆਂ ਲਈ ਖੜ੍ਹੇ ਹੋਣ ਅਤੇ ਚੰਗਾ-ਬੁਰਾ ਪਛਾਣਨ ਦੀ ਸਲਾਹੀਅਤ ਬਖ਼ਸ਼ਦੇ ਹਨ। ਤਰਬੀਅਤ, ਜੋ ਤਾਲੀਮੀ ਅਦਾਰਿਆਂ ਅਤੇ ਘਰਾਂ ਵਿੱਚੋਂ ਮਿਲਦੀ ਹੈ, ਇਨਸਾਨੀ ਸੋਚ ਤੇ ਆਚਰਨ ਦੀ ਮਜ਼ਬੂਤ ਨੀਂਹ ਰੱਖਦੀ ਹੈ। ਜਦੋਂ ਤਰਬੀਅਤ ਮਿਆਰੀ ਹੋਵੇਗੀ, ਤਾਂ ਮਨੁੱਖ ਬੁਰੇ ਤੋਂ ਬੁਰੇ ਅਤੇ ਨਾਗਵਾਰ ਹਾਲਾਤ ਵਿੱਚ ਵੀ ਅਦਬ ਦੇ ਮੁਢਲੇ ਤਕਾਜ਼ੇ ਕਦੇ ਵੀ ਨਹੀਂ ਭੁਲਾਏਗਾ; ਜਦੋਂ ਕਿ ਵਿਹਾਰ ਸ਼ਖ਼ਸੀਅਤ ਦਾ ਉਹ ਆਇਨਾ ਹੈ, ਜੋ ਇਹ ਦੱਸਦਾ ਹੈ ਕਿ ਅਸੀਂ ਕਿਸੇ ਨਾਲ ਕਿਵੇਂ ਪੇਸ਼ ਆਉਂਦੇ ਹਾਂ। ਇਹ ਕਹਿਣਾ ਵੀ ਇੱਥੇ ਬੇਹੱਦ ਉਚਿਤ ਹੋਵੇਗਾ ਕਿ ਇਹ ਤਿੰਨੇ ਗੁਣ ਸਮੂਹਿਕ ਰੂਪ ਵਿੱਚ ਮਨੁੱਖ ਨੂੰ ਸੁਹਿਰਦ, ਨਿਰਮਲ, ਨਿਮਰ ਅਤੇ ਕਾਬਲ-ਏ-ਇਹਤਰਾਮ ਬਣਾਉਂਦੇ ਹਨ। ਇੱਕ ਸੰਸਕਾਰੀ, ਤਰਬੀਅਤ ਯਾਫਤਾ ਅਤੇ ਮੁਹੱਜ਼ਬ ਸ਼ਖ਼ਸ ਹੀ ਇੱਕ ਅਜਿਹੇ ਆਦਰਸ਼ ਸਮਾਜ ਦੀ ਸਿਰਜਣਾ ਵਿੱਚ ਸਹਾਈ ਹੋ ਸਕਦਾ ਹੈ, ਜਿੱਥੇ ਸੱਚ, ਹੱਕ, ਨਿਆਂ, ਸਮਾਨਤਾ, ਸੁਤੰਤਰਤਾ, ਭਾਈਚਾਰਕ ਸਾਂਝ, ਸਹਿਣਸ਼ੀਲਤਾ ਅਤੇ ਸ਼ਾਂਤੀ ਕਾਇਮ ਰਹਿ ਸਕੇ।

ਬੋਲਦੇ ਪੰਨੇ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ:+91-9781646008



# ਦੋ ਸੱਭਿਆਚਾਰਾਂ ਦੀ ਸਾਂਝ ਪ੍ਰਗਟਾਉਂਦੇ ਨੇ ਅਰਜਨਟੀਨਾ ਵਿੱਚ ਵੱਸਦੇ ਪੰਜਾਬੀ

## ਕਿਸੇ ਵੇਲੇ ਪੰਜਾਬੀ ਕਿਸਾਨ ਅਤੇ ਵਪਾਰੀ ਵੱਡੀ ਗਿਣਤੀ ਵਿੱਚ ਵੱਸਦੇ ਹੁੰਦੇ ਸਨ

***ਪੰਜਾਬੀਆਂ ਨੇ ਦੇਸ਼-ਵਿਦੇਸ਼ ਵਿੱਚ ਮੱਲਾਂ ਮਾਰ ਕੇ ਪੰਜਾਬੀਅਤ ਦਾ ਲੋਹਾ ਸੰਸਾਰ ਭਰ 'ਚ ਮੰਨਵਾਇਆ ਹੈ। ਜਿੱਥੇ ਵੀ ਗਏ, ਉੱਥੇ ਹੀ ਸਾਂਝ ਸਥਾਪਤ ਕੀਤੀ। ਇਸੇ ਤਰ੍ਹਾਂ ਅਰਜਨਟੀਨਾ ਵਿੱਚ ਵੱਸਦੇ ਪੰਜਾਬੀਆਂ ਨੇ ਦੋ ਸੱਭਿਆਚਾਰਾਂ ਦੀ ਸਾਂਝ ਪ੍ਰਗਟਾਉਂਦਿਆਂ ਆਪਣੀ ਥਾਂ ਬਣਾਈ ਹੈ। ਇਹ ਵੀ ਮਾਣ ਵਾਲੀ ਗੱਲ ਹੈ ਕਿ ਕਿਸੇ ਵੇਲੇ ਇੱਥੋਂ ਦੇ 'ਸਾਲਟਾ' ਨਾਂ ਦੇ ਨਗਰ ਵਿੱਚ ਪੰਜਾਬੀ ਕਿਸਾਨ ਅਤੇ ਵਪਾਰੀ ਵੱਡੀ ਗਿਣਤੀ ਵਿੱਚ ਵੱਸਦੇ ਹੁੰਦੇ ਸਨ। ਉਨ੍ਹਾਂ ਵੇਲਿਆਂ ਵਿੱਚ ਅਰਜਨਟੀਨਾ ਦਾ ਸਬੰਧ ਭਾਰਤ ਅਤੇ ਵਿਦੇਸ਼ਾਂ ਵਿੱਚ ਕੰਮ ਕਰਦੇ 'ਗ਼ਦਰ ਪਾਰਟੀ' ਦੇ ਕਾਰਕੂਨਾਂ ਨਾਲ ਵੀ ਜੁੜਦਾ ਹੈ। ਵੀਹਵੀਂ ਸਦੀ ਦੇ ਪਹਿਲੇ ਤੋਂ ਤੀਜੇ ਦਹਾਕੇ ਦਰਮਿਆਨ ਇੱਥੇ ਗ਼ਦਰ ਪਾਰਟੀ ਨਾਲ ਸਬੰਧਿਤ ਕਈ ਆਗੂਆਂ ਨੇ ਵੀ ਸ਼ਿਰਕਤ ਕੀਤੀ ਸੀ। ਪੇਸ਼ ਹੈ, ਪੰਜਾਬੀਆਂ ਦੀ ਅਰਜਨਟੀਨਾ ਨਾਲ ਸਾਂਝ ਦਾ ਸੰਖੇਪ ਵੇਰਵਾ...***



'ਰੋਜ਼ਰੀਓ ਡੀ ਲਾ ਫ਼ਰੰਟੇਰਾ' ਵਿਖੇ ਸਥਿਤ ਗੁਰਦੁਆਰਾ ਨਾਨਕਸਰ ਸਾਹਿਬ



***ਸ. ਸਿਮਰਪਾਲ ਸਿੰਘ ਦਾ ਅਰਜਨਟੀਨਾ ਦੇ ਸਫ਼ਲ ਕਾਰੋਬਾਰੀਆਂ ਵਿੱਚ ਸ਼ੁਮਾਰ ਹੁੰਦਾ ਹੈ। ਉਨ੍ਹਾਂ ਨੂੰ 'ਪੀਨੱਟ ਪ੍ਰਿੰਸ ਆਫ਼ ਅਰਜਨਟੀਨਾ' ਦੇ ਲਕਬ ਨਾਲ ਇਲਾਕੇ ਭਰ ਵਿੱਚ ਜਾਣਿਆ ਜਾਂਦਾ ਹੈ। ਉਨ੍ਹਾਂ ਦੀ ਕੰਪਨੀ 'ਓਲਮ ਇੰਟਰਨੈਸ਼ਨਲ' ਦੀ ਸੰਨ 2012 ਵਿੱਚ ਸਾਲਾਨਾ ਆਮਦਨੀ 17 ਬਿਲੀਅਨ ਡਾਲਰ ਸੀ।***

ਦੱਖਣੀ ਅਮਰੀਕਾ ਵਿਚਲੇ ਖਿੱਤੇ ਵਿੱਚ ਸਥਿਤ ਅਰਜਨਟੀਨਾ ਦਰਅਸਲ ਬ੍ਰਾਜ਼ੀਲ ਤੋਂ ਬਾਅਦ ਦੱਖਣੀ ਅਮਰੀਕਾ ਦਾ ਦੂਜਾ ਸਭ ਤੋਂ ਵੱਡਾ ਦੇਸ਼ ਹੈ। ਇਸ ਦੇਸ਼ ਦੇ ਘੇਰੇ ਅੰਦਰ ਇੱਕ ਖ਼ੁਦਮੁਖ਼ਤਿਆਰ ਸ਼ਹਿਰ ਅਤੇ 23 ਰਾਜ ਸ਼ਾਮਿਲ ਹਨ। ਸਾਲ 2022 ਦੀ ਜਨਗਣਨਾ ਅਨੁਸਾਰ ਇਸ ਮੁਲਕ ਦੀ ਵੱਸੋਂ 4,60,44,703 ਸੀ ਅਤੇ ਵੱਸੋਂ ਘਣਤਾ 16.6 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਸੀ। ਇੱਥੋਂ ਦਾ ਖੇਤਰਫ਼ਲ 27,80,085 ਵਰਗ ਕਿਲੋਮੀਟਰ ਹੈ ਤੇ ਇਸ ਦੇਸ਼ ਨੂੰ ਦੁਨੀਆਂ ਦਾ ਅੱਠਵਾਂ ਵੱਡਾ ਦੇਸ਼ ਵੀ ਮੰਨਿਆ ਜਾਂਦਾ ਹੈ। ਇੱਥੋਂ ਦੀ ਕਰੰਸੀ ਅਰਜਨਟੀਨੀ ਪੀਸੋ ਹੈ ਅਤੇ ਸਾਲ 2025 ਲਈ ਇੱਥੋਂ ਦਾ ਅਨੁਮਾਨਿਤ ਜੀ.ਡੀ.ਪੀ. 6,83,533 ਬਿਲੀਅਨ ਦੱਸਿਆ ਗਿਆ ਹੈ। ਇਸ ਦੇਸ਼ ਦਾ ਇਤਿਹਾਸ ਦੱਸਦਾ ਹੈ ਕਿ ਇਸਨੂੰ ਸਪੇਨ ਕੋਲੋਂ 9 ਜੁਲਾਈ 1816 ਨੂੰ ਆਜ਼ਾਦੀ ਹਾਸਿਲ ਹੋਈ ਸੀ ਤੇ ਪਹਿਲੀ ਮਈ 1853 ਨੂੰ ਇਸ ਮੁਲਕ ਦਾ ਸੰਵਿਧਾਨ ਲਾਗੂ ਹੋਇਆ ਸੀ।

ਜੇਕਰ ਸਾਲ 2025 ਦੀ ਗੱਲ ਕੀਤੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਲਗਪਗ ਇੱਕ ਲੱਖ ਦੇ ਕਰੀਬ ਭਾਰਤੀ ਲੋਕ ਇਸ ਮੁਲਕ ਅੰਦਰ ਵੱਸਦੇ ਹਨ ਤੇ ਇਹ ਸੰਖਿਆ ਇੱਥੋਂ ਦੀ ਕੁੱਲ ਆਬਾਦੀ ਦਾ 0.01 ਫ਼ੀਸਦੀ ਬਣਦੀ ਹੈ। ਪ੍ਰਾਪਤ ਇਤਿਹਾਸਕ ਹਵਾਲੇ ਦੱਸਦੇ ਹਨ ਕਿ ਇੱਥੇ ਆਉਣ ਵਾਲਾ ਸਭ ਤੋਂ ਪਹਿਲਾ ਭਾਰਤੀ ਵਿਅਕਤੀ ਇੱਕ ਸਿੱਖ ਸੀ, ਜੋ ਵੀਹਵੀਂ ਸਦੀ ਦੇ ਅਰੰਭ ਵਿੱਚ ਪੰਜਾਬ ਦੀ ਧਰਤੀ ਤੋਂ ਚੱਲ ਕੇ ਇੱਥੇ ਪੁੱਜਾ ਸੀ। ਉਹ ਤੇ ਉਸਦੇ ਕੁਝ ਹੋਰ ਸਾਥੀ ਬਰਤਾਨਵੀਆਂ ਵੱਲੋਂ ਇੱਥੇ ਵਿਛਾਈ ਜਾ ਰਹੀ ਰੇਲਵੇ ਲਾਈਨ ਸਬੰਧੀ ਕੰਮ ਲਈ ਇੱਥੇ ਪੁੱਜੇ ਸਨ। ਇਹ ਵੀ ਜ਼ਿਕਰਯੋਗ ਹੈ ਕਿ ਸ਼ੁਰੂ-ਸ਼ੁਰੂ ਵਿੱਚ ਇੱਥੇ ਆਉਣ ਵਾਲੇ ਵਧੇਰੇ ਪੰਜਾਬੀ ਲੋਕ ਪਹਿਲਾਂ ਬ੍ਰਾਜ਼ੀਲ ਗਏ ਸਨ ਤੇ ਫਿਰ ਉਥੋਂ ਅਰਜਨਟੀਨਾ ਵੱਲ ਨੂੰ ਆ ਗਏ ਸਨ। ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਵਿੱਚ ਜਦੋਂ ਭਾਰਤੀਆਂ ਦੇ ਕੈਨੇਡਾ ਅਤੇ ਉਤਰੀ ਅਮਰੀਕਾ ਵੱਲ ਜਾਣ 'ਤੇ ਪਾਬੰਦੀ ਐਲਾਨੀ ਗਈ ਸੀ ਤਾਂ ਭਾਰਤੀਆਂ ਨੇ ਅਰਜਨਟੀਨਾ ਵੱਲ ਨੂੰ ਮੁਹਾਰਾਂ ਮੋੜ ਲਈਆਂ ਸਨ। ਇੱਥੇ ਅੱਜ ਵੀ ਜ਼ਿਆਦਾਤਰ ਭਾਰਤੀ ਲੋਕ ਅਰਜਨਟੀਨਾ ਦੀ ਰਾਜਧਾਨੀ ਆਖੇ ਜਾਂਦੇ ਇੱਥੋਂ ਦੇ ਸਭ ਤੋਂ ਵੱਡੇ ਸ਼ਹਿਰ 'ਬਿਊਨਸ ਆਇਰਸ' ਵਿਖੇ ਡਾਕਟਰ, ਇੰਜੀਨੀਅਰ, ਵਪਾਰੀ, ਵਿੱਤੀ ਕਾਰੋਬਾਰੀ ਅਤੇ ਬਹੁਕੌਮੀ ਕੰਪਨੀਆਂ ਦੇ ਮੁਲਾਜ਼ਮਾਂ ਵਜੋਂ ਕੰਮ ਕਰਦੇ ਹਨ ਤੇ ਇਨ੍ਹਾਂ ਵਿੱਚੋਂ ਬਹੁਤਿਆਂ ਕੋਲ ਅਜੇ ਵੀ ਭਾਰਤੀ ਨਾਗਰਿਕਤਾ ਹੈ।

ਅਰਜਨਟੀਨਾ ਵਿਖੇ ਵੱਸਣ ਵਾਲੇ ਪੰਜਾਬੀਆਂ ਬਾਰੇ ਜੇਕਰ ਗੱਲ ਕੀਤੀ ਜਾਵੇ ਤਾਂ ਜਾਣਕਾਰੀ ਮਿਲਦੀ ਹੈ ਕਿ ਇੱਥੇ ਪੰਜਾਬੀ ਗਿਣਤੀ ਪੱਖੋਂ ਬੇਸ਼ੱਕ ਘੱਟ ਹਨ, ਪਰ ਜਿੰਨੇ ਵੀ ਹਨ, ਉਹ ਪੂਰੀ ਤਰ੍ਹਾਂ ਸਥਾਪਿਤ ਸ਼ਖ਼ਸੀਅਤਾਂ ਹਨ ਤੇ ਜ਼ਿਆਦਾਤਰ ਤਾਂ ਅਰਜਨਟੀਨਾ ਦੇ ਉਤਰੀ ਹਿੱਸੇ ਵਿੱਚ ਹੀ ਵੱਸਦੇ ਹਨ। ਉਨ੍ਹਾਂ ਦਾ ਮੁੱਖ ਕਿੱਤਾ ਸੁਪਰ ਮਾਰਕੀਟ ਅਤੇ ਕਾਰੋਬਾਰ ਚਲਾਉਣਾ ਆਦਿ ਹਨ। ਇਨ੍ਹਾਂ ਪੰਜਾਬੀਆਂ ਦੀ ਸੰਖਿਆ ਤਿੰਨ ਸੌ ਦੇ ਕਰੀਬ ਦੱਸੀ ਜਾਂਦੀ ਹੈ। ਸ. ਸਿਮਰਪਾਲ ਸਿੰਘ ਦਾ ਅਰਜਨਟੀਨਾ ਦੇ ਸਫ਼ਲ ਕਾਰੋਬਾਰੀਆਂ ਵਿੱਚ ਸ਼ੁਮਾਰ ਹੁੰਦਾ ਹੈ। ਉਨ੍ਹਾਂ ਨੂੰ 'ਪੀਨੱਟ ਪ੍ਰਿੰਸ ਆਫ਼ ਅਰਜਨਟੀਨਾ' ਦੇ ਲਕਬ ਨਾਲ ਇਲਾਕੇ ਭਰ ਵਿੱਚ ਜਾਣਿਆ ਜਾਂਦਾ ਹੈ। ਉਨ੍ਹਾਂ ਦੀ ਕੰਪਨੀ 'ਓਲਮ ਇੰਟਰਨੈਸ਼ਨਲ' ਦੀ ਸੰਨ 2012 ਵਿੱਚ ਸਾਲਾਨਾ ਆਮਦਨੀ 17 ਬਿਲੀਅਨ ਡਾਲਰ ਸੀ।


ਇੱਕ ਬੜਾ ਹੀ ਦਿਲਚਸਪ ਤੱਥ ਹੈ ਕਿ ਅਰਜਨਟੀਨਾ ਵਿਖੇ ਸੰਨ 1912 ਦੇ ਆਸ-ਪਾਸ ਆਣ ਵੱਸੇ ਪੰਜਾਬੀਆਂ ਦੇ ਨਾਲ-ਨਾਲ ਕਾਫੀ ਸਾਰੇ ਚੀਨੀ ਅਤੇ ਜਪਾਨੀ ਲੋਕ ਵੀ ਇੱਥੇ ਆ ਗਏ ਸਨ। ਇਨ੍ਹਾਂ ਸਭ ਦੀ ਆਮਦ ਨੂੰ ਸਥਾਨਕ ਨਿਵਾਸੀਆਂ ਨੇ ਕੋਈ ਬਹੁਤਾ 'ਖ਼ੁਸ਼ਆਮਦੀਦ' ਨਹੀਂ ਕਿਹਾ ਸੀ। ਲੰਘਦੇ ਵਰ੍ਹਿਆਂ ਨਾਲ ਇੱਥੇ ਪੰਜਾਬੀਆਂ ਅਤੇ ਹੋਰ ਵਿਦੇਸ਼ੀ ਮੂਲ ਦੇ ਵਿਅਕਤੀਆਂ ਦੀ ਸੰਖਿਆ ਵਧਦੀ ਗਈ, ਜਿਸਦਾ ਕਿ ਬਾਅਦ ਵਿੱਚ ਇੱਥੋਂ ਦੇ ਸਿਆਸੀ ਆਗੂਆਂ ਅਤੇ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਸੀ ਤੇ ਹੌਲ਼ੀ-ਹੌਲ਼ੀ ਪੰਜਾਬੀਆਂ ਨੂੰ ਇੱਥੋਂ ਦੀ 'ਲੇਬਰ ਮਾਰਕੀਟ' ਵਿੱਚੋਂ ਬਾਹਰ ਕੱਢਣ ਦੇ ਯਤਨ ਸ਼ੁਰੂ ਕਰ ਦਿੱਤੇ ਗਏ।

ਉਨ੍ਹਾਂ ਵੇਲਿਆਂ ਵਿੱਚ ਅਰਜਨਟੀਨਾ ਦਾ ਸਬੰਧ ਭਾਰਤ ਅਤੇ ਵਿਦੇਸ਼ਾਂ ਵਿੱਚ ਕੰਮ ਕਰਦੇ 'ਗ਼ਦਰ ਪਾਰਟੀ' ਦੇ ਕਾਰਕੁਨਾਂ ਨਾਲ ਵੀ ਜੁੜਦਾ ਹੈ। ਪ੍ਰਾਪਤ ਪੁਖ਼ਤਾ ਜਾਣਕਾਰੀ ਅਨੁਸਾਰ ਵੀਹਵੀਂ ਸਦੀ ਦੇ ਪਹਿਲੇ ਤੋਂ ਤੀਜੇ ਦਹਾਕੇ ਦਰਮਿਆਨ ਇੱਥੇ ਗ਼ਦਰ ਪਾਰਟੀ ਨਾਲ ਸਬੰਧਿਤ ਕਈ ਆਗੂਆਂ ਨੇ ਸ਼ਿਰਕਤ ਕੀਤੀ ਸੀ, ਜਿਨ੍ਹਾਂ ਵਿੱਚ ਪ੍ਰਸਿੱਧ ਦੇਸ਼ ਭਗਤ ਸ. ਅਜੀਤ ਸਿੰਘ ਵੀ ਸ਼ਾਮਿਲ ਸਨ, ਜੋ ਕਿ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੇ ਮਾਣਯੋਗ ਚਾਚਾ ਜੀ ਸਨ। ਪੰਜਾਬੀ ਵਿਦਵਾਨ ਸ. ਸਵਰਨ ਸਿੰਘ ਨੇ ਆਪਣੀ ਪੁਸਤਕ 'ਸਿੱਖਸ ਇਨ ਲੈਟਿਨ ਅਮੈਰਿਕਾ' ਵਿੱਚ ਇੱਥੇ ਵੱਸਦੇ ਸਿੱਖਾਂ ਦੇ ਇਤਿਹਾਸ ਅਤੇ ਸੱਭਿਆਚਾਰ ਬਾਰੇ ਵਿਸਥਾਰਤ ਜਾਣਕਾਰੀ ਦਰਜ ਕੀਤੀ ਹੈ। ਇਹ ਵੀ ਦੱਸਣਯੋਗ ਹੈ ਕਿ ਸੰਨ 1983 ਵਿੱਚ ਉਸ ਵੇਲੇ ਦੇ ਭਾਰਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੇ ਅਰਜਨਟੀਨਾ ਦਾ ਦੌਰਾ ਕੀਤਾ ਸੀ ਤੇ ਇੱਥੇ ਵੱਸਦੇ ਉਨ੍ਹਾਂ ਸੌ ਦੇ ਕਰੀਬ ਪਰਿਵਾਰਾਂ ਨਾਲ ਮੁਲਾਕਾਤ ਕੀਤੀ ਸੀ, ਜਿਨ੍ਹਾਂ ਦੇ ਪੁਰਖੇ ਸੰਨ 1930 ਜਾਂ ਉਸ ਤੋਂ ਪਹਿਲਾਂ ਅਰਜਨਟੀਨਾ ਵਿਖੇ ਆਣ ਵੱਸੇ ਸਨ।

ਸੰਨ 2018 ਵਿੱਚ ਜਦੋਂ ਕਿ ਸਿੱਖਾਂ ਨੂੰ ਇੱਥੇ ਆਇਆਂ ਨੂੰ ਲਗਪਗ ਸੌ ਸਾਲ ਦਾ ਸਮਾਂ ਬੀਤ ਗਿਆ ਸੀ, ਸਿੱਖ ਧਰਮ ਨੂੰ ਅਰਜਨਟੀਨਾ ਵਿਖੇ ਮਾਨਤਾ ਪ੍ਰਦਾਨ ਕੀਤੀ ਗਈ ਸੀ। ਸ਼ੁਰੂ ਤੋਂ ਲੈ ਕੇ ਹੁਣ ਤੱਕ ਇੱਥੇ ਆਉਣ ਵਾਲੇ ਕਾਫ਼ੀ ਸਾਰੇ ਪੰਜਾਬੀਆਂ ਜਾਂ ਪੰਜਾਬੀ ਸਿੱਖਾਂ ਨੇ ਸਥਾਨਕ ਮੁਟਿਆਰਾਂ ਨਾਲ ਵਿਆਹ ਕਰਵਾ ਲਿਆ ਸੀ, ਜਿਸ ਕਰਕੇ ਉਨ੍ਹਾਂ ਦੇ ਘਰਾਂ ਤੇ ਪਰਿਵਾਰਾਂ ਵਿੱਚ ਪੰਜਾਬੀ ਅਤੇ ਅਰਜਨਟੀਨੀ ਸੱਭਿਆਚਾਰਾਂ ਦਾ ਮਿਸ਼ਰਣ ਬਣ ਗਿਆ ਸੀ, ਜੋ ਅੱਜ ਵੀ ਇੱਥੇ ਵੱਸਦੇ ਪੰਜਾਬੀ ਪਰਿਵਾਰਾਂ ਅੰਦਰ ਸਾਖਿਆਤ ਵੇਖਿਆ ਜਾ ਸਕਦਾ ਹੈ। ਭਾਵੇਂ ਕਿ ਇੱਥੇ ਜੰਮੇ-ਪਲੇ ਅਤੇ ਵੱਸਦੇ ਨਵੀਂ ਪੀੜ੍ਹੀ ਦੇ ਕੁਝ ਇੱਕ ਪੰਜਾਬੀ ਨੌਜਵਾਨ ਮੁੰਡੇ-ਕੁੜੀਆਂ ਨੇ ਸਥਾਨਕ ਸੱਭਿਆਚਾਰ ਦੇ ਪ੍ਰਭਾਵ ਹੇਠ ਗਾਂ ਦਾ ਮਾਸ ਖਾਣਾ ਸ਼ੁਰੂ ਕਰ ਦਿੱਤਾ ਹੈ, ਪਰ ਮਹੱਤਵਪੂਰਨ ਗੱਲ ਇਹ ਵੀ ਹੈ ਕਿ ਇੱਥੇ ਰਹਿੰਦਿਆਂ ਇੱਕ ਸਦੀ ਬੀਤ ਜਾਣ ਦੇ ਬਾਵਜੂਦ ਲਗਪਗ ਸਮੂਹ ਪੰਜਾਬੀਆਂ ਨੇ ਆਪਣੇ ਵਿਰਸੇ ਅਤੇ ਸੱਭਿਆਚਾਰ ਨੂੰ ਵਿਸਾਰਿਆ ਬਿਲਕੁਲ ਨਹੀਂ ਹੈ। ਜ਼ਿਆਦਾਤਰ ਪੰਜਾਬੀ ਪਰਿਵਾਰਾਂ ਵਿੱਚ ਪੰਜਾਬੀ ਬੋਲਣ, ਗੁਰਬਾਣੀ ਪਾਠ ਕਰਨ ਅਤੇ ਸਿੱਖ ਗੁਰੂ ਸਾਹਿਬਾਨਾਂ ਦੇ ਜੀਵਨ ਬਾਰੇ ਆਪਣੇ ਬੱਚਿਆਂ ਨੂੰ ਦੱਸਣ ਦਾ ਪ੍ਰਚਲਨ ਅੱਜ ਵੀ ਜਾਰੀ ਹੈ। ਦੱਸਦੇ ਹਨ ਕਿ ਕਿਸੇ ਵੇਲੇ ਇੱਥੋਂ ਦੇ 'ਸਾਲਟਾ' ਨਾਂ ਦੇ ਨਗਰ ਵਿੱਚ ਪੰਜਾਬੀ ਕਿਸਾਨ ਅਤੇ ਵਪਾਰੀ ਵੱਡੀ ਗਿਣਤੀ ਵਿੱਚ ਵੱਸਦੇ ਹੁੰਦੇ ਸਨ। ਪੰਜਾਬੀਆਂ ਵੱਲੋਂ ਅਰਜਨਟੀਨਾ ਵਿਖੇ ਉਸਾਰੇ ਗਏ ਗੁਰਦੁਆਰਾ ਸਾਹਿਬ ਦੀ ਜੇਕਰ ਗੱਲ ਕੀਤੀ ਜਾਵੇ ਤਾਂ ਪਤਾ ਲੱਗਦਾ ਹੈ ਕਿ 'ਰੋਜ਼ਰੀਓ ਡੀ ਲਾ ਫ਼ਰੰਟੇਰਾ' ਵਿਖੇ ਸਥਿਤ ਗੁਰਦੁਆਰਾ ਕੇਵਲ ਇੱਥੋਂ ਦਾ ਹੀ ਨਹੀਂ, ਸਗੋਂ ਸਮੁੱਚੇ ਦੱਖਣੀ ਅਮਰੀਕਾ ਦਾ ਇਕਲੌਤਾ ਗੁਰਦੁਆਰਾ ਹੈ। ਇਸ ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਵਿੱਚ ਯੋਗਦਾਨ ਪਾਉਣ ਵਾਲੇ ਸ. ਕੰਵਲਜੀਤ ਸਿੰਘ ਨੇ ਸਥਾਨਕ ਪੱਤਰਕਾਰਾਂ ਨਾਲ ਇੱਕ ਮੁਲਾਕਾਤ ਦੌਰਾਨ ਕਿਹਾ ਸੀ: "ਇੱਥੇ ਆਉਣ ਵਾਲੇ ਸਮੂਹ ਪੰਜਾਬੀ ਹੀ ਨਹੀਂ, ਸਗੋਂ ਸਥਾਨਕ ਨਿਵਾਸੀ ਵੀ ਇਹ ਗੱਲ ਜਾਣਦੇ ਹਨ ਕਿ ਇਹ ਗੁਰਦੁਆਰਾ ਕੇਵਲ ਸਿੱਖ ਕੌਮ ਜਾਂ ਪੰਜਾਬੀਆਂ ਲਈ ਹੀ ਚੰਗਾ ਤੇ ਮਹੱਤਵਪੂਰਨ ਨਹੀਂ ਹੈ, ਸਗੋਂ ਇਹ ਤਾਂ ਸਮੁੱਚੀ ਮਨੁੱਖਤਾ ਦੇ ਭਲੇ ਲਈ ਹੀ ਮਹੱਤਵਪੂਰਨ ਹੈ। ਸਿੱਖ ਤਾਂ ਮੰਗਦੇ ਅਤੇ ਕਰਦੇ ਹੀ ਸਰਬੱਤ ਦਾ ਭਲਾ ਹਨ ਤੇ ਇਹ ਗੱਲ ਇੱਥੋਂ ਦੇ ਸਥਾਨਕ ਵਸਨੀਕਾਂ ਨੂੰ ਬੜੀ ਭਾਉਂਦੀ ਹੈ।"



ਅਰਜਨਟੀਨਾ ਦੀ ਰਾਜਧਾਨੀ 'ਬਿਊਨਸ ਆਇਰਸ'



ਮਾਲਬਾ ਅਜਾਇਬ ਘਰ ਵਿੱਚ ਪਈ ਇੱਕ ਅਦਭੁਤ ਕਲਾਕ੍ਰਿਤ

*ਅਰਜਨਟੀਨਾ ਦੀ ਰਾਜਧਾਨੀ 'ਬਿਊਨਸ ਆਇਰਸ' ਪਲਾਜ਼ਾ ਡੀ ਮਾਇਓ ਤੋਂ ਲੈ ਕੇ ਟਾਈਗਰ ਡੈਲਟਾ ਤੱਕ ਇੱਕ ਵੱਡੀ ਤੇ ਵਿਸ਼ਵਵਿਆਪੀ ਰਾਜਧਾਨੀ ਹੈ, ਜਿਸਨੂੰ ਅਕਸਰ ਲਾਤੀਨੀ ਅਮਰੀਕਾ ਦਾ ਸਭ ਤੋਂ ਵੱਡਾ ਯੂਰਪੀਅਨ ਸ਼ਹਿਰ ਵੀ ਕਿਹਾ ਜਾਂਦਾ ਹੈ। ਇਸਦਾ ਕੇਂਦਰ ਪਲਾਜ਼ਾ ਡੀ ਮਾਇਓ ਹੈ, ਜੋ ਕਿ 19ਵੀਂ ਸਦੀ ਦੀਆਂ ਸ਼ਾਨਦਾਰ ਇਮਾਰਤਾਂ ਨਾਲ ਘਿਰਿਆ ਹੋਇਆ ਹੈ, ਜਿਸ ਵਿੱਚ ਕਾਸਾ ਰੋਸਾਡਾ, ਪ੍ਰਤੀਕ, ਬਾਲਕੋਨੀ ਵਾਲਾ ਰਾਸ਼ਟਰਪਤੀ ਮਹਿਲ ਸ਼ਾਮਲ ਹੈ। ਹੋਰ ਪ੍ਰਮੁੱਖ ਆਕਰਸ਼ਣਾਂ ਵਿੱਚ ਟੀਏਟਰੋ ਕੋਲੋਨ, ਲਗਭਗ 2,500 ਸੀਟਾਂ ਵਾਲਾ ਇੱਕ ਸ਼ਾਨਦਾਰ 1908 ਓਪੇਰਾ ਹਾਊਸ ਅਤੇ ਆਧੁਨਿਕ ਮਾਲਬਾ ਅਜਾਇਬ ਘਰ ਸ਼ਾਮਲ ਹਨ, ਜੋ ਲਾਤੀਨੀ ਅਮਰੀਕੀ ਕਲਾ ਨੂੰ ਪ੍ਰਦਰਸ਼ਿਤ ਕਰਦਾ ਹੈ। ਇਸ ਗੈਰ-ਮੁਨਾਫ਼ਾ ਕਲਾ ਅਜਾਇਬ ਘਰ ਅਤੇ ਸੱਭਿਆਚਾਰਕ ਕੇਂਦਰ ਨੇ ਪਹਿਲੀ ਵਾਰ 2001 ਵਿੱਚ ਸਮਕਾਲੀ ਲਾਤੀਨੀ ਅਮਰੀਕੀ ਕਲਾਕਾਰਾਂ ਨੂੰ ਉਤਸ਼ਾਹਿਤ ਕਰਨ ਦੇ ਮਿਸ਼ਨ ਨਾਲ ਆਪਣੇ ਦਰਵਾਜ਼ੇ ਖੋਲ੍ਹੇ ਸਨ। ਪਲਾਜ਼ਾ ਡੀ ਮਾਇਓ ਟੈਂਗੋ, ਫੁੱਟਬਾਲ ਅਤੇ ਇੱਕ ਖਾਸ ਪਕਵਾਨ ਦੀ ਤਾਲ ਵਿੱਚ ਧੜਕਦਾ ਹੈ, ਜੋ ਇਤਾਲਵੀ, ਸਪੈਨਿਸ਼ ਅਤੇ ਕ੍ਰੀਓਲ ਵਿਰਾਸਤ ਨੂੰ ਮਿਲਾਉਂਦਾ ਹੈ। ਇਸਦੇ ਆਂਢ-ਗੁਆਂਢ ਵਿੱਚ ਸੈਰ ਕਰਨ ਨਾਲ ਤੁਹਾਨੂੰ ਪੰਜ ਸਦੀਆਂ ਦੇ ਇਤਿਹਾਸ ਵਿੱਚੋਂ ਲੰਘਣਾ ਪਵੇਗਾ, ਜਦੋਂ ਤੁਸੀਂ ਪੈਰਿਸ ਦੇ ਬੁਲੇਵਾਰਡ ਜਿੰਨੇ ਚੌੜੇ ਐਵੇਨਿਊ ਦੇ ਕੋਨੇ 'ਤੇ ਕੋਰਟਾਡੋ (ਹੇਜ਼ਲਨਟ ਕੌਫੀ) ਪੀਂਦੇ ਹੋ।*


SAKHI ATTIRE
*Bridal Lehenga
*Party Lehenga
*Punjabi Suit
*Co Ord Sets
*Kallire *Chuda
*Punjabi Jutti
*Jewellery
*ਦੁਲਹਨ ਦਾ ਲਹਿੰਗਾ
*ਪਾਰਟੀ ਲਹਿੰਗਾ
*ਪੰਜਾਬੀ ਸੂਟ
*ਕਲੀਰੇ
*ਪੰਜਾਬੀ ਜੁੱਤੀ
*ਗਹਿਣੇ *ਚੂੜਾ
...ਅਤੇ ਹੋਰ ਬੜਾ ਕੁਝ
Rupi Sidhu
Ph: 630-415-7389
sakhi.attire
rupisidhu30@gmail.com


TASTE OF India
FINE DINING BISTRO
17115 W. Bluemound Rd, Suite D1, Brookfield, WI 53005
We Do Catering
ਅਸੀਂ ਕੇਟਰਿੰਗ ਵੀ ਕਰਦੇ ਹਾਂ
ਟੇਸਟ ਆਫ ਇੰਡੀਆ
ਮਸ਼ਹੂਰ ਨਾਮ ਅਤੇ ਮਸ਼ਹੂਰ ਖਾਣਾ
ਵਧੀਆ ਖਾਣਾ ਤੇ ਵਧੀਆ ਸਰਵਿਸ ਹੀ ਸਾਡੀ ਪਹਿਲ ਹੈ
ਵਿਆਹ ਸਮਾਗਮਾਂ, ਜਨਮ ਦਿਨ ਪਾਰਟੀਆਂ ਅਤੇ ਹੋਰ ਸਮਾਜਿਕ ਤੇ ਭਾਈਚਾਰਕ ਸਮਾਗਮਾਂ ਸਮੇਤ ਨਿੱਕੀਆਂ-ਵੱਡੀਆਂ ਪਾਰਟੀਆਂ ਮੌਕੇ ਸਵਾਦਿਸ਼ਟ ਤੇ ਤਾਜ਼ਾ ਖਾਣੇ ਲਈ ਸਾਨੂੰ ਸੇਵਾ ਦਾ ਮੌਕਾ ਦਿਓ
BOLLYWOOD Grill
Restaurant - Bar - Banquet
1038 N. Jackson St, Milwaukee, WI 53202
We Also Provide
Onsite Tandoor Service For Fresh Naan & KABABS and Onsite Fresh DOSA Service.
ਫੋਨ: 262-894-0913
ਜਾਂ 414-588-3325